ਸ੍ਰੂੱਵ ਗਲੱਬ

ਵਰਮ ਸਿਘ ਸਿਮਟੀਮਾਨ

ਜੀਵਨ ਤੇ ਰਚਨਾ

ਭੁਪਿਦਰ ਸਿੰਘ ਗਰੋਵਰ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਪੰਜਾਬੀ ਲੇਖਕ ਲੜੀ ਨੰ. 42

ਕਰਮ ਸਿੰਘ ਹਿਸਟੋਰੀਅਨ

ਜੀਵਨ ਤੇ ਰਚਨਾ

ਡਾ. ਭੂਪਿੰਦਰ ਸਿੰਘ ਗਰੇਵਰ

ਦੁਬਾਰਾ ਬਿਕਰੀ ਲਈ ਨਹੀਂ
ਪੰਜਾਬੀ ਯੂਨੀਵਰਸਿਟੀ ਘੁੱਦ ਕਲੱਬ ਪਟਿਆਲਾ
ਸਕੀਮ ਅਧੀਨ ਜਾਰੀ ਕੀਤੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Digitized by Panjab Digital Library | www.panjabdigilib.org

©
ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

KARAM SINGH HISTORIAN : JIWAN TE RACHNA (*Punjabi*)

by

DR. BHUPINDER SINGH GROVER
M.A., Ph.D.
Lecturer in Punjabi, Nehru Memorial College, Mansa

1986
ਪਹਿਲੀ ਵਾਰ : 1100
ਮੁੱਲ : 15-00

ਸਰਦਾਰ ਦੇਵਿੰਦਰ ਸਿੰਘ ਕੰਗ, ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ
ਅਤੇ ਮੈ/ਸ. ਐੱਡਵਿਨ ਪ੍ਰਿੰਟਰਜ਼, ਨਾਮਦਾਰ ਖ਼ਾਨ ਰੋਡ, ਪਟਿਆਲਾ ਦੁਆਰਾ ਛਪੀ

Digitized by Panjab Digital Library | www.panjabdigilib.org

ਦੋ ਸ਼ਬਦ

ਪੰਜਾਬੀ ਭਾਸ਼ਾ ਅਤੇ ਸਾਹਿੱਤ ਦੇ ਬਹੁਪੱਖੀ ਵਿਕਾਸ ਲਈ 1967 ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਕੀਤੀ ਗਈ ਸੀ। ਉਦੋਂ ਤੋਂ ਇਸ ਵਿਭਾਗ ਵਿਚ ਕਈ ਪ੍ਰਕਾਰ ਦੀਆਂ ਯੋਜਨਾਵਾਂ ਅਧੀਨ ਖੋਜ-ਕਾਰਜ ਹੋ ਰਿਹਾ ਹੈ। ਪੰਜਾਬੀ ਦੇ ਹੋ ਚੁੱਕੇ ਉਘੇ ਲੇਖਕਾਂ ਬਾਰੇ ਇਕ 'ਪੰਜਾਬੀ ਲੇਖਕ ਲੜੀ' ਜਾਰੀ ਕੀਤੀ ਗਈ ਸੀ, ਜਿਸ ਅਧੀਨ ਹੁਣ ਤਕ 41 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਇਹ ਪੁਸਤਕ ਸਰਦਾਰ ਕਰਮ ਸਿੰਘ ਹਿਸਟੋਰੀਅਨ ਸੰਬੰਧੀ ਲਿਖਵਾਏ ਗਏ ਮੋਨੋਗ੍ਰਾਫ ਦਾ ਪ੍ਰਕਾਸ਼ਿਤ ਰੂਪ ਹੈ। ਸਿੰਘ ਸਭਾ ਲਹਿਰ ਦੇ ਚਲਣ ਨਾਲ ਸਿੱਖ ਧਰਮ ਦੇ ਇਤਿਹਾਸ ਅਤੇ ਗ੍ਰੰਥਾਂ ਬਾਰੇ ਪੈਦਾ ਹੋਈ ਚੇਤਨਾ ਨੂੰ ਖੋਜ ਦੇ ਰੂਪ ਵਿਚ ਅਮਲ ਵਿਚ ਲਿਆਉਣ ਵਾਲੇ ਵਿਦਵਾਨਾਂ ਵਿਚ ਸ. ਕਰਮ ਸਿੰਘ ਹਿਸਟੋਰੀਅਨ ਦਾ ਵਿਸ਼ੇਸ਼ ਸਥਾਨ ਮੰਨਿਆ ਜਾਂਦਾ ਹੈ। ਇਸ ਨੇ ਤੱਥਾਂ ਦੇ ਆਧਾਰ ਤੇ ਖੋਜ ਕਰ ਕੇ ਸੱਚ ਤਕ ਪਹੁੰਚਣ ਦਾ ਯਤਨ ਕੀਤਾ ਹੈ। ਇਸ ਦੀਆਂ ਬਾਬਾ ਬੰਦਾ ਬਹਾਦਰ ਤੇ ਬਾਬਾ ਆਲਾ ਸਿੰਘ ਬਾਰੇ ਲਿਖੀਆਂ ਪੁਸਤਕਾਂ ਪੰਜਾਬੀ ਜੀਵਨੀ ਸਾਹਿੱਤ ਵਿਚ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਭਾਈ ਬਾਲੇ ਵਾਲੀ ਜਨਮਸਾਖੀ ਅਤੇ ਗੁਰਪੁਰਬਾਂ ਦੀਆਂ ਮਿਤੀਆਂ ਸੰਬੰਧੀ ਇਸ ਨੇ ਬੜੀਆਂ ਖੋਜ ਪੂਰਨ ਪੁਸਤਕਾਂ ਲਿਖ ਕੇ ਅਨੇਕ ਸ਼ੰਸ਼ੇ ਖਤਮ ਕੀਤੇ ਹਨ। ਇਸ ਤੋਂ ਇਲਾਵਾ ਇਸ ਦੇ ਨਿਬੰਧ, ਵਿਸ਼ੇਸ਼ ਕਰ ਕੇ ਇਤਿਹਾਸਿਕ ਖੋਜ ਨਾਲ ਸੰਬੰਧਿਤ ਨਿਬੰਧ, ਮੁੱਢਲੀ ਖੋਜ ਦੇ ਉਤਮ ਨਮੂਨੇ ਹਨ। ਇਸ ਸਦੀ ਦੇ ਮੁੱਢਲੇ ਪੰਜਾਬੀ ਲੇਖਕਾਂ ਵਿਚ ਇਸ ਦਾ ਉਲੇਖਯੋਗ ਮਹੱਤਵ ਹੈ।

ਇਸ ਲੇਖਕ ਦੀ ਪੰਜਾਬੀ ਸਾਹਿੱਤ ਅਤੇ ਇਤਿਹਾਸ ਨੂੰ ਦਿੱਤੀ ਦੇਣ ਨੂੰ ਮੁੱਖ ਰੱਖਦਿਆਂ ਇਹ ਮੋਨੋਗ੍ਰਾਫ ਲਿਖਵਾਇਆ ਗਿਆ ਹੈ। ਆਸ ਹੈ ਇਸ ਦੇ ਪ੍ਰਕਾਸ਼ਨ ਨਾਲ ਸਿੱਖ ਇਤਿਹਾਸ ਅਤੇ ਪੰਜਾਬੀ ਵਾਰਤਕ ਅਤੇ ਖੋਜ ਦੇ ਚਾਹਵਾਨ ਵਿਦਵਾਨ ਲਾਭ ਉਠਾਉਣਗੇ।

ਪਜਾਬੀ ਯੂਨੀਵਰਸਿਟੀ
ਪਟਿਆਲਾ

ਸ.ਸ. ਜੌਹਲ
ਵਾਈਸ-ਚਾਂਸਲਰ

Digitized by Panjab Digital Library | www.panjabdigilib.org

ਸਫਲ ਹੈ

ਸਿਵਲ ਕੇਸ ਨੰ: ੨੪੧ ਸਿਵਲ ਕੋਰਟ ਦੇ ਫੈਸਲੇ ਵਿਰੁੱਧ ਅਪੀਲ

ਅਪੀਲ ਕਰਤਾ ਨੇ ਇਹ ਦਲੀਲ ਦਿਤੀ ਕਿ ਸਿਵਲ ਕੋਰਟ ਨੇ ਇਹ ਫੈਸਲਾ ਕਰਨ ਵਿਚ ਗਲਤੀ ਕੀਤੀ ਹੈ ਕਿ ਉਹ ਇਸ ਗਲ ਦਾ ਸਬੂਤ ਦੇਣ ਵਿਚ ਅਸਫਲ ਰਹੀ ਕਿ ਉਸ ਦਾ ਪਤੀ ਕਿਸੇ ਹੋਰ ਔਰਤ ਨਾਲ ਰਹਿੰਦਾ ਸੀ ਅਤੇ ਉਸ ਨੂੰ ਤਸੀਹੇ ਦਿੰਦਾ ਸੀ। ਇਸ ਤਰ੍ਹਾਂ ਉਸ ਨੂੰ ਤਲਾਕ ਦਾ ਹੁਕਮ ਦਿਤਾ ਗਿਆ। ਇਸ ਤਰ੍ਹਾਂ ਅਪੀਲ ਕਰਤਾ ਨੇ ਇਸ ਫੈਸਲੇ ਵਿਰੁੱਧ ਇਹ ਅਪੀਲ ਦਾਇਰ ਕੀਤੀ ਹੈ।

ਅਪੀਲ ਕਰਤਾ ਦੇ ਵਕੀਲ ਨੇ ਇਹ ਦਲੀਲ ਦਿਤੀ ਕਿ ਸਿਵਲ ਕੋਰਟ ਨੇ

ਭੂਮਿਕਾ

ਪੰਜਾਬੀ ਸਾਹਿੱਤ ਦੇ ਅਮੀਰ ਵਿਰਸੇ ਨੂੰ ਉਜਾਗਰ ਕਰਨ ਅਤੇ ਇਸ ਦਾ ਸਹੀ ਮੁੱਲਾਂਕਣ ਕਰਨ ਦੇ ਉੱਦੇਸ਼ ਤੋਂ ਹੀ ਸੰਨ 1967 ਵਿਚ ਪਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਹੋਈ ਸੀ। ਹੋਰਨਾਂ ਯੋਜਨਾਵਾਂ ਤੋਂ ਇਲਾਵਾ 'ਇੰਗਲਿਸ਼ ਮੈਨ ਆਫ਼ ਲੈਟਰਜ਼ ਸੀਰੀਜ਼' ਦੇ ਸਮਾਨਾਂਤਰ 'ਪੰਜਾਬੀ ਲੇਖਕ ਲੜੀ' ਆਰੰਭ ਕੀਤੀ ਗਈ ਸੀ। ਇਸ ਲੜੀ ਵਿਚ ਪ੍ਰੋ. ਆਈ. ਸੀ. ਨੰਦਾ, ਲਾਲਾ ਧਨੀ ਰਾਮ ਚਾਤ੍ਰਿਕ, ਬਾਬਾ ਮੇਹਰਬਾਨ, ਦਮੋਦਰ, ਬੁਲ੍ਹੇ ਸ਼ਾਹ, ਗਿਆਨੀ ਗਿਆਨ ਸਿੰਘ, ਭਾਈ ਗੁਰਦਾਸ, ਪ੍ਰਿੰ. ਤੇਜਾ ਸਿੰਘ, ਪ੍ਰੋ. ਪੂਰਨ ਸਿੰਘ, ਗੁਰੂ ਅਮਰਦਾਸ, ਭਾਈ ਜੋਧ ਸਿੰਘ, ਭਾਈ ਵੀਰ ਸਿੰਘ, ਸ਼ਿਵ ਕੁਮਾਰ ਬਟਾਲਵੀ, ਪ੍ਰੋ. ਸਾਹਿਬ ਸਿੰਘ, ਪ੍ਰੋ. ਮੋਹਨ ਸਿੰਘ, ਭਾਈ ਮਨੀ ਸਿੰਘ, ਬਾਵਾ ਬਲਵੰਤ, ਡਾ. ਤਾਰਨ ਸਿੰਘ, ਡਾ. ਬਲਬੀਰ ਸਿੰਘ, ਸੰਤ ਕਵੀ ਮਾੜੂ ਦਾਸ, ਬਾਵਾ ਬੁੱਧ ਸਿੰਘ ਆਦਿ ਪੰਜਾਬੀ ਸਾਹਿੱਤਕਾਰਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਮੋਨੋਗ੍ਰਾਫ਼ ਪ੍ਰਕਾਸ਼ਿਤ ਹੋ ਚੁੱਕੇ ਹਨ।

ਇਸ ਮੋਨੋਗ੍ਰਾਫ਼ ਵਿਚ ਸ. ਕਰਮ ਸਿੰਘ ਹਿਸਟੋਰੀਅਨ ਦੇ ਜੀਵਨ ਅਤੇ ਰਚਨਾਵਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਸ. ਕਰਮ ਸਿੰਘ ਹਿਸਟੋਰੀਅਨ ਸਿੰਘ ਸਭਾ ਲਹਿਰ ਦੁਆਰਾ ਪਦਾ ਹੋਈ ਚੇਤਨਾ ਤੋਂ ਪ੍ਰੇਰਿਤ ਸਿੱਖ ਇਤਿਹਾਸ ਦੀ ਵਿਗਿਆਨਿਕ ਖੋਜ ਕਰਨ ਵਾਲਾ ਇਕ ਨਿਰਭੈ ਅਤੇ ਨਿਸੰਗ ਇਤਿਹਾਸਕਾਰ ਸੀ ਜਿਸ ਨੇ ਨਿਰਪੱਖ ਬਿਰਤੀ ਨਾਲ ਤੱਥਾਂ ਦੀ ਭਾਲ ਕਰ ਕੇ ਉਨ੍ਹਾਂ ਦਾ ਬੜੀ ਸੁਹਿਰਦਤਾ ਨਾਲ ਵਿਸ਼ਲੇਸ਼ਣ ਕੀਤਾ। ਉਸ ਨੇ ਪੰਜਾਬੀ ਵਿਚ ਵਿਗਿਆਨਿਕ ਢੰਗ ਨਾਲ ਕਈ ਜੀਵਨੀਆਂ ਲਿਖੀਆਂ ਜਿਨ੍ਹਾਂ ਵਿਚੋਂ 'ਬੰਦਾ ਬਹਾਦੁਰ' ਅਤੇ 'ਬਾਬਾ ਆਲਾ ਸਿੰਘ' ਵਿਸ਼ੇਸ਼ ਪ੍ਰਸਿੱਧ ਹਨ। ਇਸ ਤੋਂ ਇਲਾਵਾ ਉਸ ਨੇ ਇਤਿਹਾਸਿਕ ਖੋਜ ਨਾਲ ਸੰਬੰਧਿਤ ਪੁਸਤਕਾਂ ਅਤੇ ਲੇਖ ਵੀ ਲਿਖੇ। ਇਹ ਲੇਖ 'ਫੁਲਵਾੜੀ' ਦੇ ਵਿਸ਼ੇਸ਼ ਅੰਕ ਦੇ ਰੂਪ ਵਿਚ ਜਾਂ ਸੰਗ੍ਰਹਿਆਂ ਦੇ ਰੂਪ ਵਿਚ ਛਪੇ ਹਨ। 'ਕੱਤਕ ਕਿ ਵਿਸਾਖ' ਵਿਚ ਉਸ ਨੇ 'ਬਾਲਾ ਜਨਮਸਾਖੀ' ਦੀ ਇਤਿਹਾਸਿਕਤਾ ਦਾ ਵਿਗਿਆਨਿਕ ਵਿਸ਼ਲੇਸ਼ਣ ਕਰ ਕੇ ਉਸ ਦੇ ਤੱਥਾਂ ਨੂੰ ਚੰਗੀ ਤਰ੍ਹਾਂ ਨਾਲ ਪਰਖਿਆ ਹੈ। 'ਗੁਰਪੁਰਬ ਨਿਰਣੈ' ਨਾਂ ਦੀ ਪੁਸਤਕ ਵਿਚ ਗੁਰੂ ਸਾਹਿਬਾਨ ਦੇ ਜਨਮ, ਗੱਦੀ-ਨਸ਼ੀਨੀ ਅਤੇ ਜੋਤੀ-ਜੋਤ ਸਮਾਉਣ ਦੇ ਸੰਨਾਂ/ਸੰਮਤਾਂ ਦਾ ਤੱਥ-ਆਧਾਰਿਤ ਖੋਜ ਦੁਆਰਾ ਨਿਰਣਾ ਕੀਤਾ ਹੈ। ਸ. ਕਰਮ ਸਿੰਘ ਨੇ ਸਿੱਖ ਧਰਮ ਦੀਆਂ ਅਨੇਕ ਸਮੱਸਿਆਵਾਂ ਅਤੇ ਸਭਿਆਚਾਰ ਬਾਰੇ ਵੀ ਲੇਖ ਲਿਖੇ ਹਨ ਜਿਨ੍ਹਾਂ ਵਿਚੋਂ ਕੁਝ 'ਅਮਰ ਖਾਲਸਾ' ਨਾਂ ਦੀ ਪੁਸਤਕ ਵਿਚ ਸੰਕਲਿਤ ਹਨ। ਉਸ ਨੇ ਸਿੱਖ ਰਾਜ ਸੰਬੰਧੀ ਕੁਝ ਬਿਰਧਾਂ ਦੇ ਬਿਆਨ ਵੀ ਕਲਮਬੰਦ ਕੀਤੇ ਸਨ ਅਤੇ ਲਾਹੌਰ ਦਰਬਾਰ ਦੇ ਰੋਜ਼ਨਾਮਚਿਆਂ ਬਾਰੇ ਵੀ ਲਿਖਿਆ ਸੀ, ਪਰ ਇਹ ਪੁਸਤਕਾਂ ਅਤੇ ਕਈ ਹੋਰ ਖਰੜੇ ਅਜੇ ਤਕ ਪ੍ਰਕਾਸ਼ ਵਿਚ ਨਹੀਂ ਆਏ, ਪਰ ਜੋ ਕੁਝ ਵੀ ਉਸ ਦੇ ਨਾਂ ਤੇ ਛਪਿਆ ਮਿਲਦਾ ਹੈ, ਉਸ ਵਿਚ ਲੇਖਕ ਦੀ

Digitized by Panjab Digital Library | www.panjabdigilib.org

ਨਿਰਪੱਖ ਖੋਜੀ ਵਾਲੀ ਰੁਚੀ ਬੜੀ ਉਘੜ ਕੇ ਸਾਹਮਣੇ ਆਈ ਹੈ ਅਤੇ ਸਪਸ਼ਟ ਹੁੰਦਾ ਹੈ ਕਿ ਉਹ ਇਤਿਹਾਸ ਦੀ ਕਿੰਨੀ ਬਾਰੀਕੀ ਵਿਚ ਜਾ ਕੇ ਗੱਲ ਨੂੰ ਸਪਸ਼ਟ ਕਰਨ ਦਾ ਅਤੇ ਤੱਥਾਂ ਨੂੰ ਉਘਾੜਨ ਦਾ ਯਤਨ ਕਰਦਾ ਸੀ। ਉਸ ਦੀਆਂ ਰਚਨਾਵਾਂ ਵਿਚ ਬੇ-ਲੋੜੇ ਵਿਸਥਾਰ ਦਾ ਅਭਾਵ ਹੈ। ਸਰਲਤਾ, ਸਾਦਗੀ, ਸੰਜਮ ਅਤੇ ਪ੍ਰਵਾਹਮਾਨਤਾ ਉਸ ਦੀ ਸ਼ੈਲੀ ਦੇ ਵਿਸ਼ੇਸ਼ ਗੁਣ ਹਨ। ਉਹ ਕਿਸੇ ਉਤੇ ਆਪਣਾ ਵਿਚਾਰ ਠੋਸਣ ਦਾ ਯਤਨ ਨਹੀਂ ਕਰਦਾ, ਸਗੋਂ ਦਲੀਲ ਨਾਲ ਆਪਣੀ ਗੱਲ ਠੇਠ ਪੰਜਾਬੀ ਵਿਚ ਉਸਾਰਦਾ ਹੈ ਜੋ ਬੜੀ ਸੁਭਾਵਿਕ ਅਤੇ ਮੰਨਣਯੋਗ ਪ੍ਰਤੀਤ ਹੁੰਦੀ ਹੈ।

ਸ. ਕਰਮ ਸਿੰਘ ਹਿਸਟੋਰੀਅਨ ਦੀ ਪੰਜਾਬ ਦੇ ਇਤਿਹਾਸ, ਪੰਜਾਬੀ ਦੇ ਜੀਵਨੀ ਸਾਹਿੱਤ, ਨਿਬੰਧ ਸਾਹਿੱਤ ਅਤੇ ਵਾਰਤਕ ਨੂੰ ਦਿੱਤੀ ਦੇਣ ਨੂੰ ਮੁੱਖ ਰਖਦੇ ਹੋਇਆਂ ਇਹ ਮੋਨੋਗ੍ਰਾਫ ਲਿਖਵਾਇਆ ਗਿਆ ਹੈ। ਇਸ ਮੋਨੋਗ੍ਰਾਫ ਦੇ ਲਿਖਣ ਦਾ ਕੰਮ ਡਾ. ਭੂਪਿੰਦਰ ਸਿੰਘ ਗਰੋਵਰ ਨੂੰ ਸੌਂਪਿਆ ਗਿਆ ਸੀ ਜਿਨ੍ਹਾਂ ਨੇ ਬੜੀ ਮਿਹਨਤ ਨਾਲ ਇਸ ਨੂੰ ਮੁਕੰਮਲ ਕੀਤਾ ਹੈ। ਇਸ ਨੂੰ ਯੂਨੀਵਰਸਿਟੀ ਪੱਧਰ ਉਤੇ ਪ੍ਰਕਾਸ਼ਿਤ ਕਰਨ ਲਈ ਵਿਸ਼ੇਸ਼ਗ ਰਾਇ ਡਾ. ਧਰਮ ਪਾਲ ਸਿੰਗਲ ਤੋਂ ਲਈ ਗਈ ਹੈ। ਅਸੀਂ ਇਨ੍ਹਾਂ ਦੋਹਾਂ ਵਿਦਵਾਨਾਂ ਦੇ ਦਿਲੋਂ ਰਿਣੀ ਹਾਂ।

ਮੈਨੂੰ ਵਿਸ਼ਵਾਸ ਹੈ ਕਿ ਪੰਜਾਬ ਦੇ ਇਤਿਹਾਸ ਅਤੇ ਪੰਜਾਬੀ ਜੀਵਨੀ ਅਤੇ ਨਿਬੰਧ ਸਾਹਿੱਤ ਵਿਚ ਰੁਚੀ ਰਖਣ ਵਾਲੇ ਵਿਦਵਾਨਾਂ ਲਈ ਇਹ ਪੁਸਤਕ ਉਪਯੋਗੀ ਸਿੱਧ ਹੋਵੇਗੀ।

ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰੰਤਨ ਸਿੰਘ ਜੱਗੀ
ਪ੍ਰੋਫ਼ੈਸਰ ਅਤੇ ਮੁੱਖੀ

Digitized by Panjab Digital Library | www.panjabdigilib.org

ਤਤਕਰਾ

	ਦੋ ਸ਼ਬਦ (ਵੀ.ਸੀ. ਸਾਹਿਬ ਵਲੋਂ)	(iii)
	ਭੂਮਿਕਾ (ਵਿਭਾਗ ਮੁੱਖੀ ਵਲੋਂ)	(v)
1.	ਜੀਵਨ ਤੇ ਸ਼ਖਸੀਅਤ	1
2.	ਸਿੱਖ ਇਤਿਹਾਸ ਨਾਲ ਸੰਬੰਧਿਤ ਰਚਨਾਵਾਂ	18
3.	ਜੀਵਨੀ ਪ੍ਰਧਾਨ ਰਚਨਾਵਾਂ	49
4.	ਨਿਬੰਧਾਤਮਕ ਰਚਨਾਵਾਂ	69
5.	ਇਤਿਹਾਸਕਾਰੀ ਦੇ ਖੇਤਰ ਵਿਚ ਕਰਮ ਸਿੰਘ ਦੀ ਦੇਣ	81
6.	ਕਰਮ ਸਿੰਘ ਦੀ ਵਾਰਤਕ-ਸ਼ੈਲੀ	95
	ਪੁਸਤਕ-ਸੂਚੀ	107

Digitized by Panjab Digital Library | www.panjabdigilib.org

ਵਿਸ਼ਾ-ਵਸਤੂ

੧.	ਕੁਝ ਸਿਧਾਂਤ ਅਤੇ ਸਮੱਸਿਆਵਾਂ	੧੦੭
੨.	ਸਿਰਜਣਾ ਦੇ ਸਰੋਤ ਅਤੇ ਪ੍ਰਕਿਰਤੀ	੧੩੬
੩.	ਸਾਹਿਤ ਦੇ ਰੂਪ	੧੬੯
੪.	ਸਾਹਿਤ ਅਤੇ ਸਮਾਜ	੨੦੯
੫.	ਸਾਹਿਤ ਅਤੇ ਸਭਿਆਚਾਰ	੨੪੯
੬.	ਸਾਹਿਤ ਅਤੇ ਸਮਾਜ-ਸਿਰਜਣਾ	੨੮੯
	ਸਿਰ-ਬਦਲ	੩੩੯

Digitized by Panjab Digital Library | www.panjabdigilib.org

ਅਧਿਆਇ ਪਹਿਲਾ

ਜੀਵਨ ਤੇ ਸ਼ਖਸੀਅਤ

ਜੀਵਨ

ਸਿੱਖ ਇਤਿਹਾਸ ਦੇ ਅਦੁੱਤੀ ਵਿਦਵਾਨ ਅਤੇ ਪੰਜਾਬੀ ਵਿਚ ਵਿਗਿਆਨਕ ਇਤਿਹਾਸਕਾਰੀ ਦੇ ਮੋਢੀ ਸ. ਕਰਮ ਸਿੰਘ ਦਾ ਜਨਮ ਅੱਜ ਤੋਂ ਪੂਰੀ ਇਕ ਸਦੀ ਪਹਿਲਾਂ ਅੰਮ੍ਰਿਤਸਰ ਜ਼ਿਲੇ ਦੇ ਇਕ ਪ੍ਰਸਿੱਧ, ਇਤਿਹਾਸਕ ਪਿੰਡ ਝਬਾਲ ਵਿਚ, ਸ. ਝੰਡਾ ਸਿੰਘ ਦੇ ਘਰ, ਮਾਰਚ, 1884 ਈ[1] ਨੂੰ ਹੋਇਆ। ਇਸ ਪਿੰਡ ਨਾਲ, ਸਿੱਖ ਇਤਿਹਾਸ ਦੇ ਅਨੇਕਾਂ ਅਜਿਹੇ ਮਹਾਂਪੁਰਸ਼ਾਂ ਦਾ ਨਾਂ ਜੁੜਿਆ ਹੋਇਆ ਹੈ, ਜਿਨ੍ਹਾਂ ਨੇ ਸਿੱਖ ਇਤਿਹਾਸ ਦੇ ਕਾਰਨਾਮਿਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਇਹ ਪਿੰਡ "ਅੰਮ੍ਰਿਤਸਰ ਤੋਂ ਦੱਖਣ ਵਲ ਅੱਠ ਕੋਹ ਅਤੇ ਤਰਨ ਤਾਰਨ ਤੋਂ ਲਹਿੰਦੇ ਵਲ ਛੇ ਕੋਹ ਦੀ ਵਾਟ ਉਤੇ ਹੈ...ਬਾਬਾ ਲੰਗਾਹ ਚੌਧਰੀ ਤੋਂ ਇਸ ਦਾ ਮੁੱਢ ਬੱਝਦਾ ਹੈ ਅਤੇ ਫਿਰ ਗੁਰੂ ਸਾਹਿਬਾਂ ਦੇ ਸਮੇਂ ਤੋਂ ਲੈ ਕੇ ਹੁਣ ਤਕ ਹਮੇਸ਼ਾਂ ਹੀ ਝਬਾਲ ਦਾ ਨਾਮ ਸਿੱਖ ਲਹਿਰਾਂ ਦੇ ਕਾਰਨਾਮਿਆਂ ਵਿਚ ਉੱਚੀ ਸ਼੍ਰੇਣੀ ਦੇ ਨਗਰਾਂ ਵਿਚ ਲਿਖਿਆ ਜਾਂਦਾ ਹੈ।"[2]

ਸ. ਕਰਮ ਸਿੰਘ ਦੇ ਪਿਤਾ, ਸ. ਝੰਡਾ ਸਿੰਘ ਜੀ ਬੜੇ ਨੇਕ, ਗੁਰਮੁਖ, ਰਹਿਤ ਮਰਯਾਦਾ ਵਿਚ ਪੱਕੇ ਅਤੇ ਗੁਰਬਾਣੀ ਦੇ ਰਸੀਏ ਸਿੱਖ ਸਨ। ਉਨ੍ਹਾਂ ਦਾ ਨਿਜੀ ਜੀਵਨ ਬੜਾ ਸੰਜਮ-ਭਰਪੂਰ ਸੀ। ਉਹ ਅੰਗਰੇਜ਼ੀ ਫੌਜ ਦੀ ਨੌਕਰੀ ਵਿਚ ਸਨ ਅਤੇ ਸੇਵਾ-ਮੁਕਤ ਹੋਣ ਸਮੇਂ ਪੈਨਸ਼ਨ ਤੋਂ ਛੁੱਟ ਉਨ੍ਹਾਂ ਨੂੰ ਚੱਕ ਨੰ: 29 (ਜਨੂਬੀ) ਸਰਗੋਧਾ ਵਿਚ ਦੋ ਮੁਰੱਬੇ ਵੀ ਮਿਲੇ ਹੋਏ ਸਨ।

ਸ. ਕਰਮ ਸਿੰਘ ਜੀ ਬਚਪਨ ਤੋਂ ਹੀ ਜਿਗਿਆਸੂ ਬਿਰਤੀ ਦੇ ਮਾਲਕ ਸਨ। ਜਦ ਉਹ ਬਜ਼ੁਰਗਾਂ ਤੋਂ ਭਾਂਤ ਭਾਂਤ ਦੀਆਂ ਪੁੱਛਾਂ ਪੁੱਛਦੇ ਸਨ ਤਾਂ ਹਰੇਕ ਨੂੰ ਆਪਣੀ ਉਮਰ ਤੋਂ ਵਧੇਰੀ ਸਿਆਣਪ ਨਾਲ ਹੈਰਾਨ ਕਰ ਦਿੰਦੇ ਸਨ। ਇਹੀ ਕਾਰਨ ਹੈ ਕਿ ਜਦ ਪਿੱਛੋਂ ਜਾ ਕੇ ਉਨ੍ਹਾਂ ਨੇ ਸੰਤ ਅਤਰ ਸਿੰਘ ਤੋਂ ਅੰਮ੍ਰਿਤ ਛਕਿਆ ਤੇ ਉਨ੍ਹਾਂ ਦਾ ਨਾਂ ਮਹਿਰਾਜ ਸਿੰਘ ਤੋਂ ਕਰਮ ਸਿੰਘ ਰਖਿਆ ਗਿਆ ਤਾਂ ਸੰਤ ਜੀ ਨੇ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਕਿਹਾ, "ਕਰਮ

---

[1]ਸਰਦਾਰ ਜੀ ਦੀ ਜਨਮ ਮਿਤੀ ਸੰਬੰਧੀ ਇਕ ਹਵਾਲਾ, ਸ. ਹੀਰਾ ਸਿੰਘ ਦਰਦ ਅਨੁਸਾਰ, ਉਨ੍ਹਾਂ ਦੇ ਆਪਣੇ ਕਾਗਜ਼ਾਂ ਵਿਚ ਇਉਂ ਦਰਜ ਹੈ :

"1907 ਈ. 9 ਚੇਤ ਨੂੰ ਉਮਰ 23 ਸਾਲ ਹੋਈ", ਜਿਸਦਾ ਮਤਲਬ ਹੈ-ਐਤਕਾਂ 9 ਚੇਤ ਨੂੰ ਆਪ 46 ਸਾਲ ਦੇ ਹੋ ਚੁੱਕੇ ਸਨ ਤੇ ਹੁਣ ਸਤ ਮਹੀਨੇ ਬੀਤ ਗਏ ਹਨ"

ਵੇਖੋ : 'ਫੁਲਵਾੜੀ' (ਮਾਸਕ), ਕਰਮ ਸਿੰਘ ਨੰਬਰ, ਅਕਤੂਬਰ. ਨਵੰਬਰ, 1930 ਪੰਨਾ 1061

[2]ਉਹੀ, ਪੰਨਾ 1060

Digitized by Panjab Digital Library | www.panjabdigilib.org

ਸਿੰਘ ਤਾਂ ਫਲਾਸਫਰ ਹੈ।"[3]

ਸੰਤ ਜੀ ਦੇ ਸੁਭਾਵਕ ਹੀ ਆਖੇ ਇਹ ਬਚਨ ਇਕ ਵਰਦਾਨ ਸਿੱਧ ਹੋਏ ਕਿਉਂਕਿ ਆਉਣ ਵਾਲੇ ਸਮੇਂ ਵਿਚ ਕਰਮ ਸਿੰਘ ਨੇ ਇਤਿਹਾਸਕ ਖੋਜ ਦੇ ਖੇਤਰ ਵਿਚ ਅਪੂਰਵ ਸ਼ਲਾਘਾ ਤੇ ਮਾਣ ਪ੍ਰਾਪਤ ਕੀਤਾ। ਉਨ੍ਹਾਂ ਦੀ ਮੁੱਢਲੀ ਵਿਦਿਆ ਦਾ ਪ੍ਰਬੰਧ ਪੰਜ ਕੁ ਵਰ੍ਹੇ ਦੀ ਉਮਰ ਵਿਚ, ਝਬਾਲ ਵਿਚ ਹੀ ਕੀਤਾ ਗਿਆ। ਉਥੋਂ ਪ੍ਰਾਇਮਰੀ ਪਾਸ ਕਰਨ ਮਗਰੋਂ ਉਨ੍ਹਾਂ ਨੇ ਖਾਲਸਾ ਕਾਲਿਜ ਸਕੂਲ, ਅੰਮ੍ਰਿਤਸਰ ਤੋਂ ਮਿਡਲ ਅਤੇ ਖਾਲਸਾ ਸਕੂਲ, ਤਰਨਤਾਰਨ ਤੋਂ ਮੈਟਰਿਕ ਦੀ ਪ੍ਰੀਖਿਆ ਪਾਸ ਕੀਤੀ।

ਬਚਪਨ ਵਿਚ ਜਿਥੇ ਉਹ ਆਪਣੀ ਬੁੱਧੀ ਤੇ ਅਕਲਮੰਦੀ ਨਾਲ ਆਲੇ ਦੁਆਲੇ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਦਿੰਦੇ ਸਨ, ਉਥੇ ਉਹ ਇਕ ਨਿਡਰ ਤੇ ਨਿਰਭੈ ਬਾਲਕ ਵੀ ਸਨ। ਪੜ੍ਹਨ ਦੇ ਨਾਲ ਨਾਲ ਉਹ ਖੇਡਣ ਕੁੱਦਣ ਵਿਚ ਵੀ ਪਿੱਛੇ ਨਹੀਂ ਰਹਿੰਦੇ ਸਨ। ਸ. ਹੀਰਾ ਸਿੰਘ ਦਰਦ ਅਨੁਸਾਰ :

> "ਸਰਦਾਰ ਕਰਮ ਸਿੰਘ ਜੀ ਬਾਲ ਉਮਰ ਵਿਚ ਹੀ ਦਲੇਰ, ਨਿਰਭੈ ਤੇ ਉਤਸ਼ਾਹੀ ਸਨ। ਹਰ ਇਕ ਖੇਡ ਵਿਚ ਸਭ ਤੋਂ ਵਧ ਜਾਂਦੇ ਸਨ। ਸਭ ਨਾਲ ਪ੍ਰੇਮ ਕਰਦੇ ਸਨ ਤੇ ਪਿਆਰ ਨਾਲ ਵਰਤਦੇ ਸਨ। ਛੋਟੀ ਉਮਰ ਤੋਂ ਹੀ ਆਪ ਹੋਣਹਾਰ ਪ੍ਰਤੀਤ ਹੁੰਦੇ ਸਨ।"[4]

ਸਿੰਘ ਸਭਾ ਲਹਿਰ ਆਪਣੇ ਪੂਰੇ ਜੋਬਨ ਤੇ ਸੀ ਜਦੋਂ ਉਹ 1902 ਈ. ਵਿਚ ਖਾਲਸਾ ਕਾਲਿਜ, ਅੰਮ੍ਰਿਤਸਰ ਵਿਚ ਐਫ. ਐਸ. ਸੀ ਦੀ ਪੜ੍ਹਾਈ ਲਈ ਦਾਖਲ ਹੋਏ। ਉਚੇਰੀ ਪੜ੍ਹਾਈ ਲਈ ਭਾਵੇਂ ਉਨ੍ਹਾਂ ਨੇ ਸਾਇੰਸ ਦੇ ਮਜ਼ਮੂਨ ਚੁਣੇ, ਪਰ ਇਸੇ ਹੀ ਸਮੇਂ ਉਨ੍ਹਾਂ ਨੂੰ ਇਤਿਹਾਸਿਕ ਪੁਸਤਕਾਂ ਪੜ੍ਹਨ ਦਾ ਸ਼ੌਕ ਵੀ ਹੋ ਗਿਆ। ਇਹੀ ਸ਼ੌਕ ਹੌਲੀ ਹੌਲੀ ਇਤਿਹਾਸਿਕ ਖੋਜ ਦੀ ਲਗਨ ਵਿਚ ਬਦਲ ਗਿਆ।

ਉਨ੍ਹਾਂ ਦਿਨਾਂ ਵਿਚ, ਸਿੰਘ ਸਭਾ ਲਹਿਰ ਦੇ ਅਸਰ ਹੇਠ, ਨੌਜਵਾਨ ਸਿੱਖਾਂ ਦੇ ਦਿਲਾਂ ਵਿਚ ਸਿੱਖ ਧਰਮ ਤੇ ਇਤਿਹਾਸ ਦਾ ਅਥਾਹ ਪਿਆਰ ਠਾਠਾਂ ਮਾਰ ਰਿਹਾ ਸੀ। ਸ. ਕਰਮ ਸਿੰਘ ਜੀ ਨਾਲ ਉਸ ਸਮੇਂ ਖਾਲਸਾ ਕਾਲਿਜ ਵਿਚ ਹੀ ਭਾਈ ਜੋਧ ਸਿੰਘ, ਮਾਸਟਰ ਤਾਰਾ ਸਿੰਘ. ਸ. ਮਾਨ ਸਿੰਘ, ਸ. ਅਮਰ ਸਿੰਘ ਵਾਸੂ ਤੇ ਮਾਸਟਰ ਈਸ਼ਰ ਸਿੰਘ ਆਦਿ ਵਰਗੇ ਉੱਘੇ ਉੱਘੇ ਵਿਅਕਤੀ ਵੀ ਪੜ੍ਹਦੇ ਸਨ। ਇਸ ਸਾਰੇ ਹੀ ਵਿਅਕਤੀ ਮਗਰੋਂ ਪੰਥਕ ਤੇ ਕੌਮੀ ਜੀਵਨ ਦੇ ਵੱਖ ਵੱਖ ਖੇਤਰਾਂ ਵਿਚ ਬੜੇ ਪ੍ਰਸਿੱਧ ਹੋਏ। ਇਹ ਸਮਾਂ ਸਿੱਖ ਨੌਜੁਆਨਾਂ ਦੀ ਚੇਤੰਨਤਾ ਦਾ ਸਮਾਂ ਸੀ। ਉਨ੍ਹਾਂ ਦੇ ਮਨਾਂ ਵਿਚ ਸਿੱਖ ਪੰਥ ਤੇ ਕੌਮ ਲਈ ਕੁਝ ਕਰ ਵਿਖਾਉਣ ਦੀ ਰੀਝ ਉਭਰ ਰਹੀ ਸੀ।

ਕਾਲਿਜ ਵਿਚ ਪੜ੍ਹਦਿਆਂ, ਵਿਹਲੇ ਸਮੇਂ ਵਿਚ, ਜਾਂ ਤਾਂ ਉਹ ਆਪਣੇ ਸਾਥੀਆਂ —ਸ. ਅਮਰ ਸਿੰਘ ਵਾਸੂ, ਸ. ਈਸਰ ਸਿੰਘ (ਤਾਰਨ ਤਾਰਨ) ਤੇ ਸ. ਗੁਰਮੁਖ ਸਿੰਘ ਢੋਟੀਆਂ ਨਾਲ ਪੰਥਕ ਉੱਨਤੀ ਬਾਰੇ ਵਿਚਾਰਾਂ ਕਰਦੇ ਰਹਿੰਦੇ ਜਾਂ ਫਿਰ ਇਤਿਹਾਸਿਕ

---

[3]ਫੁਲਵਾੜੀ (ਮਾਸਕ), ਕਰਮ ਸਿੰਘ ਨੰਬਰ, ਪੰਨਾ 1061
[4]ਉਹੀ, ਪੰਨਾ 1061

Digitized by Panjab Digital Library | www.panjabdigilib.org

ਪੁਸਤਕਾਂ ਦੇ ਅਧਿਐਨ ਵਿਚ ਜੁਟੇ ਰਹਿੰਦੇ। ਨਿਜੀ ਤੌਰ ਤੇ ਪੜ੍ਹਾਈ ਵਿਚ ਦਿਲਚਸਪੀ ਲੈਣ ਕਾਰਨ ਜਿਥੇ ਉਨ੍ਹਾਂ ਨੇ ਅੰਗਰੇਜ਼ੀ ਤੇ ਫਾਰਸੀ ਦਾ ਚੰਗਾ ਗਿਆਨ ਪ੍ਰਾਪਤ ਕਰ ਲਿਆ, ਉਥੇ ਅੰਗਰੇਜ਼, ਮੁਸਲਮਾਨ, ਹਿੰਦੂ ਤੇ ਸਿੱਖ ਇਤਿਹਾਸਕਾਰਾਂ ਦੀਆਂ ਲਿਖਤਾਂ ਪੜ੍ਹ ਕੇ ਇਸ ਖੇਤਰ ਵਿਚ ਕੁਝ ਕਰਨ ਦੀ ਪ੍ਰਬਲ ਰੀਝ ਵੀ ਉਨ੍ਹਾਂ ਦੇ ਦਿਲ ਵਿਚ ਉਪਜੀ। ਇਹੀ ਉਹ ਸਮਾਂ ਹੈ ਜਦੋਂ ਉਹ ਸਾਡੇ ਇਤਿਹਾਸਕਾਰਾਂ ਦੀਆਂ ਲਿਖਤਾਂ ਦੀਆਂ ਤਰੁਟੀਆਂ ਤੋਂ ਜਾਣੂੰ ਹੋਏ, ਜਦੋਂ ਉਹ ਅੰਗਰੇਜ਼ ਤੇ ਮੁਸਲਮਾਨ ਲਿਖਾਰੀਆਂ ਦੀਆਂ ਵਧੀਆਂ ਲਿਖਤਾਂ ਤੋਂ ਪ੍ਰਭਾਵਿਤ ਹੋਏ ਅਤੇ ਇਤਿਹਾਸਿਕ ਭੁਲੇਖਿਆਂ, ਮਿਲਾਵਟਾਂ ਤੇ ਉਸ ਦੇ ਕੌਮੀ ਜੀਵਨ ਉਤੇ ਪੈਂਦੇ ਅਸਰ ਤੋਂ ਵਾਕਫ ਹੋਏ।

ਸੋ ਇਹ ਕੋਈ ਸਬੱਬ ਨਹੀਂ ਕਿ ਜਦੋਂ ਉਨ੍ਹਾਂ ਨੇ ਆਪਣੇ ਤਿੰਨਾਂ ਸਾਥੀਆਂ ਨਾਲ ਮਿਲ ਕੇ ਪੰਥ ਸੇਵਾ ਦਾ ਪ੍ਰਣ ਕੀਤਾ ਤੇ ਪ੍ਰਣ-ਪੱਤਰ ਭਾਈ ਵੀਰ ਸਿੰਘ ਨੂੰ ਦਿੱਤਾ, ਤਾਂ ਉਨ੍ਹਾਂ ਨੇ ਆਪਣੇ ਲਈ ਇਤਿਹਾਸਿਕ ਖੋਜ ਦੇ ਖੇਤਰ ਦੀ ਚੋਣ ਕੀਤੀ। ਜਿਥੇ ਸ. ਅਮਰ ਸਿੰਘ ਵਾਸੂ ਨੇ ਅਖਬਾਰ ਨਵੀਸੀ ਤੇ ਪੱਤਰਕਾਰੀ ਵੱਲ ਝੁਕਾ ਦੱਸਿਆ, ਸ. ਗੁਰਮੁਖ ਸਿੰਘ ਨੇ ਉੱਚ ਵਿਦਿਆ ਪ੍ਰਾਪਤ ਕਰ ਕੇ, ਕਿਸੇ ਕਾਲਿਜ ਵਿਚ ਅਧਿਆਪਕ ਬਣ ਕੇ ਵਿਦਿਆ ਦਾ ਚਾਨਣ ਫੈਲਾਉਣ ਦਾ ਨਿਸਚਾ ਕੀਤਾ ਤੇ ਸ. ਈਸ਼ਰ ਸਿੰਘ ਨੇ ਧਾਰਮਿਕ ਗ੍ਰੰਥਾਂ ਦਾ ਡੂੰਘਾ ਅਧਿਐਨ ਕਰ ਕੇ ਧਾਰਮਿਕ ਵਿਦਿਆਲਾ ਸਥਾਪਿਤ ਕਰ ਕੇ ਸਿੱਖ ਨੌਜਵਾਨਾਂ ਨੂੰ ਧਾਰਮਿਕ ਜੀਵਨ ਦੀ ਜਾਗ ਲਾਉਣ ਦਾ ਪ੍ਰਣ ਕੀਤਾ, ਉਥੇ ਹੀਰਾ ਸਿੰਘ ਦਰਦ ਅਨੁਸਾਰ, ਕਰਮ ਸਿੰਘ ਨੇ ਕਿਹਾ, "ਮੈਂ ਸਿੱਖ ਇਤਿਹਾਸ ਦੀ ਵਿਗਿਆਨਕ ਢੰਗਾਂ ਨਾਲ ਖੋਜ ਕਰਾਂਗਾ ਤੇ ਸਿੱਖ ਇਤਿਹਾਸ ਲਿਖਾਂਗਾ। ਕਿਉਂਕਿ ਸਹੀ ਇਤਿਹਾਸ ਤੋਂ ਬਗੈਰ ਨਾ ਕੌਮਾਂ ਜ਼ਿੰਦਾਂ ਰਹਿ ਸਕਦੀਆਂ ਹਨ ਨਾ ਅੱਗੇ ਵਧ ਸਕਦੀਆਂ ਹਨ।"[5]

ਇਸ ਫੈਸਲੇ ਨੂੰ ਅਮਲੀ ਰੂਪ ਦੇਣ ਵਿਚ ਉਨ੍ਹਾਂ ਨੇ ਕੋਈ ਢਿੱਲ ਨਾ ਕੀਤੀ ਅਤੇ ਸਾਰੇ ਸੁਖ, ਆਰਾਮ ਛੱਡ ਕੇ 18,20 ਘੰਟੇ ਰੋਜ਼ ਪੜ੍ਹਨਾ ਸ਼ੁਰੂ ਕਰ ਦਿੱਤਾ। ਹੁਣ ਇਉਂ ਜਾਪਦਾ ਸੀ ਜਿਵੇਂ ਉਨ੍ਹਾਂ ਨੂੰ ਆਪਣਾ ਰਾਹ ਮਿਲ ਗਿਆ ਹੋਵੇ। ਸੁਹਿਰਦ ਸਾਥੀਆਂ ਦੀ ਪ੍ਰੇਰਨਾ ਤੇ ਉਤਸ਼ਾਹ ਉਨ੍ਹਾਂ ਦੇ ਨਾਲ ਸੀ, ਉਨ੍ਹਾਂ ਦੇ ਦਿਲ ਵਿਚ ਕੌਮੀ ਉੱਨਤੀ ਦਾ ਚਾਅ ਸੀ, ਇਸ ਲਈ ਦਿਨ ਰਾਤ ਮਿਹਨਤ ਕਰ ਕੇ ਉਨ੍ਹਾਂ ਨੇ ਪੰਜਾਬ ਦੇ ਇਤਿਹਾਸ ਬਾਰੇ ਲਗਪਗ ਸਾਰੇ ਹੀ ਪ੍ਰਸਿੱਧ ਲੇਖਕਾਂ ਦੀਆਂ ਰਚਨਾਵਾਂ ਦਾ ਅਧਿਐਨ ਕਰ ਲਿਆ।

ਐਫ. ਐਸ.ਸੀ. ਦਾ ਇਮਤਿਹਾਨ ਪਾਸ ਕਰਨ ਮਗਰੋਂ 1904-5 ਈ. ਵਿਚ ਜਦੋਂ ਉਹ ਬੀ ਏ. ਵਿਚ ਪੜ੍ਹਦੇ ਸਨ, ਤਾਂ ਇਕ ਦਿਨ ਉਨ੍ਹਾਂ ਨੂੰ ਖਿਆਲ ਆਇਆ ਕਿ ਸਿੱਖ ਇਤਿਹਾਸ ਦਾ ਇਕ ਬੜਾ ਜ਼ਰੂਰੀ ਤੇ ਪ੍ਰਮਾਣਿਕ ਸੋਮਾ ਹੌਲੀ ਹੌਲੀ ਨਸ਼ਟ ਹੋ ਰਿਹਾ ਹੈ। ਉਹ ਸੋਮਾ ਸੀ ਲਾਹੌਰ ਦਰਬਾਰ ਦੇ ਅਧੀਨ ਨੌਕਰੀਆਂ ਕਰ ਚੁਕੇ ਕੁਝ ਸੱਜਣ, ਜਿਨ੍ਹਾਂ ਦੀ ਉਮਰ ਉਸ ਵੇਲੇ ਅੱਸੀ ਅੱਸੀ ਜਾਂ ਨੱਬੇ ਨੱਬੇ ਸਾਲ ਦੇ ਕਰੀਬ ਸੀ। ਇਤਿਹਾਸਿਕ ਪੁਸਤਕਾਂ ਦੇ ਲਗਾਤਾਰ ਪਾਠ ਤੋਂ ਕਰਮ ਸਿੰਘ ਨੇ ਖੋਜ ਦੀ ਪ੍ਰਮਾਣਿਕਤਾ ਦੇ ਠੋਸ ਆਧਾਰਾਂ ਬਾਰੇ ਕਾਫ਼ੀ ਵਾਕਫ਼ੀ ਹਾਸਲ ਕਰ ਲਈ ਸੀ। ਉਨ੍ਹਾਂ ਨੂੰ ਪਤਾ ਸੀ ਕਿ ਲਾਹੌਰ ਦਰਬਾਰ ਸੰਬੰਧੀ ਜਿਤਨਾ ਮਸਾਲਾ ਉਪਲਬਧ ਹੈ, ਉਸ ਵਿਚ ਤਰਤੀਬ ਦੀ ਘਾਟ ਹੈ, ਉਸ ਵਿਚ ਮਿਲਾਵਟਾਂ ਹਨ, ਉਸ

---

[5]'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ', ਸੰਪਾ. ਹੀਰਾ ਸਿੰਘ ਦਰਦ, ਪੰਨਾ 12
(ਨੋਟ : ਉਪਰੋਕਤ ਪੁਸਤਕ ਦੇ ਬਾਕੀ ਸਾਰੇ ਹਵਾਲੇ 'ਇਤਿਹਾਸਕ ਖੋਜ' ਨਾਂ ਹੇਠ ਹੀ ਦਰਜ ਕੀਤੇ ਗਏ ਹਨ।)

Digitized by Panjab Digital Library | www.panjabdigilib.org

ਨੂੰ ਸਾਹਮਣੇ ਰੱਖ ਕੇ ਕਿਸੇ ਮਾਣਯੋਗ ਇਤਿਹਾਸਿਕ ਕਿਰਤ ਦੀ ਰਚਨਾ ਨਹੀਂ ਕੀਤੀ ਜਾ ਸਕਦੀ। ਇਸ ਵਿਚਾਰ ਨੂੰ ਮੁੱਖ ਰਖ ਕੇ ਉਨ੍ਹਾਂ ਨੇ ਲਾਹੌਰ ਦਰਬਾਰ ਨਾਲ ਸੰਬੰਧਿਤ ਬਜ਼ੁਰਗਾਂ ਨੂੰ ਲੱਭ ਲੱਭ ਕੇ ਉਨ੍ਹਾਂ ਦੀਆਂ ਨਿਜੀ ਯਾਦਾਂ ਨੂੰ ਇਤਿਹਾਸਿਕ ਮਸਾਲੇ ਵਜੋਂ ਨੋਟ ਕਰਨ ਤੇ ਵਰਤਣ ਦਾ ਨਿਸਚਾ ਕਰ ਲਿਆ।

ਜਿਸ ਦਿਨ ਉਨ੍ਹਾਂ ਨੇ ਆਪਣਾ ਇਹ ਨਿਸਚਾ ਆਪਣੇ ਸਾਥੀਆਂ ਨੂੰ ਦੱਸਿਆ ਤਾਂ ਕੁਦਰਤੀ ਤੌਰ ਤੇ ਸਭ ਦਾ ਪਹਿਲਾ ਪ੍ਰਤੀਕਰਮ ਇਹੀ ਹੋਇਆ ਕਿ ਇਸ ਕੰਮ ਨੂੰ ਬੀ. ਏ. ਦਾ ਇਮਤਿਹਾਨ ਹੋ ਜਾਣ ਤਕ ਅੱਗੇ ਪਾ ਦਿੱਤਾ ਜਾਵੇ। ਕਿਉਂਕਿ ਉਸ ਸਮੇਂ ਸਾਲਾਨਾ ਪ੍ਰੀਖਿਆ ਨੇੜੇ ਹੀ ਸੀ। ਉਨ੍ਹਾਂ ਦੇ ਸਾਥੀਆਂ, ਅਧਿਆਪਕਾਂ ਅਤੇ ਪ੍ਰਿੰਸੀਪਲ ਸਾਹਿਬ ਦਾ ਵੀ ਇਹੀ ਵਿਚਾਰ ਸੀ ਕਿ ਬਜ਼ੁਰਗ ਲੋਕਾਂ ਤੋਂ ਲੋੜੀਂਦੀ ਵਾਕਫ਼ੀ ਇਕੱਤਰ ਕਰਨ ਦਾ ਕੰਮ ਪ੍ਰੀਖਿਆ ਤੋਂ ਮਗਰੋਂ ਵੀ ਕੀਤਾ ਜਾ ਸਕਦਾ ਹੈ। ਅਸਲ ਵਿਚ ਇਉਂ ਜਾਪਦਾ ਹੈ ਕਿ ਇਹ ਸਾਰੇ ਹੀ ਸ਼ੁਭ ਚਿੰਤਕ ਕਰਮ ਸਿੰਘ ਦੇ ਨਿਸਚੇ ਨੂੰ ਇਕ ਖ਼ਬਤੀ ਨੌਜੁਆਨ ਦਾ ਵਕਤੀ ਉਬਾਲ ਹੀ ਸਮਝਦੇ ਸਨ। ਸ਼ਾਇਦ ਉਨ੍ਹਾਂ ਦੀਆਂ ਨਜ਼ਰਾਂ ਵਿਚ ਡਿਗਰੀਆਂ ਪ੍ਰਾਪਤ ਕਰਕੇ, ਨੌਕਰੀਆਂ ਤੇ ਲੱਗ ਕੇ, ਘਰ ਬਾਰ ਵਸਾ ਕੇ ਸਾਧਾਰਣ ਮਨੁੱਖਾਂ ਵਾਂਗ ਜੀਵਨ ਬਿਤਾਉਣ ਵਾਲੇ ਲੋਕ ਹੀ ਦੁਨਿਆਵੀ ਪੱਖੋਂ ਵਧੇਰੇ ਸਫ਼ਲ ਹੁੰਦੇ ਹਨ। ਹਾਲਾਂਕਿ ਇਹ ਵੀ ਇਕ ਸਚਾਈ ਹੈ ਕਿ ਕਾਲਿਜ ਦੀ ਪੜ੍ਹਾਈ ਦੇ ਦਿਨਾਂ ਵਿਚ ਹੀ ਜਿਥੇ ਕਰਮ ਸਿੰਘ ਦਾ ਇਤਿਹਾਸਿਕ ਪੁਸਤਕਾਂ ਪੜ੍ਹਨ ਦਾ ਸ਼ੌਕ ਪ੍ਰਗਟ ਹੋਇਆ ਸੀ, ਉਥੇ ਹੀ ਪ੍ਰਾਪਤ ਕੀਤੀ ਇਤਿਹਾਸਿਕ ਵਾਕਫ਼ੀ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਪ੍ਰਗਟਾਉਣ ਦੀ ਰੀਝ ਵੀ ਪ੍ਰਗਟ ਹੁੰਦੀ ਰਹੀ ਸੀ। ਸ੍ਰੀ ਐਨ. ਐਸ. ਸਿੱਧੂ ਅਨੁਸਾਰ :

> "ਇਹ ਕਹਿਣਾ ਝੂਠ ਨਹੀਂ ਹੋਵੇਗਾ ਕਿ ਆਪ ਜਮਾਂਦਰੂ ਖੋਜੀ ਸਨ। ਜਦ ਆਪ ਖਾਲਸਾ ਕਾਲਿਜ ਵਿਚ ਪੜ੍ਹਿਆ ਕਰਦੇ ਸਨ ਤਾਂ ਆਪ ਕਾਲਿਜ ਦੀ ਧਰਮ ਸ਼ਾਲਾ ਵਿਚ ਗੁਰਪੁਰਬਾਂ ਵਾਲੇ ਦਿਨ ਜਦ ਭੀ ਆਪ ਨੂੰ ਸਮਾਂ ਮਿਲਦਾ ਸੀ, ਇਤਿਹਾਸ ਸਬੰਧੀ ਅਮੋਲਕ ਵਿਆਖਿਆਨ ਦਿਆ ਕਰਦੇ ਸਨ।'[6]

ਇਥੇ ਇਹ ਵੀ ਦੱਸ ਦੇਣਾ ਜ਼ਰੂਰੀ ਹੈ ਕਿ ਹੀਰਾ ਸਿੰਘ ਦਰਦ ਅਨੁਸਾਰ ਇਸ ਸਮੇਂ ਉਨ੍ਹਾਂ ਦਾ ਵਿਆਹ[7] ਵੀ ਹੋ ਚੁੱਕਾ ਸੀ ਪਰ ਇਸ ਜ਼ਿੰਮੇਵਾਰੀ ਜਾਂ ਸੁਖ, ਸੰਤੁਸ਼ਟੀ ਦਾ ਖਿਆਲ ਵੀ ਉਨ੍ਹਾਂ ਨੂੰ ਆਪਣੇ ਨਿਸਚੇ ਤੋਂ ਨਾ ਹਿਲਾ ਸਕਿਆ।

ਇਉਂ ਖੋਜ ਲਈ ਪੜ੍ਹਾਈ, ਨਿਜੀ ਸੁਖ, ਆਰਾਮ, ਭਵਿੱਖ ਆਦਿ ਕਿਸੇ ਵੀ ਗੱਲ ਦੀ ਪਰਵਾਹ ਨਾ ਕਰਦਿਆਂ ਹੋਇਆਂ ਸ. ਕਰਮ ਸਿੰਘ ਨੇ ਆਪਣਾ ਇਤਿਹਾਸਿਕ ਦੌਰਾ ਆਰੰਭ ਕਰ ਦਿੱਤਾ। 'ਮੇਰਾ ਪਹਿਲਾ ਜਤਨ' ਸਿਰਲੇਖ ਹੇਠ ਉਨ੍ਹਾਂ ਨੇ ਲਿਖਿਆ ਹੈ :

> "ਪੰਜਾਬ ਵਿਚ ਪਹਿਲੀ ਪਲੇਗ ਪਈ ਤੇ ਲੋਕੀਂ ਮੱਖੀਆਂ ਵਾਂਗ ਮਰਨ ਲਗੇ। ਉਦੋਂ ਹੀ ਮੈਨੂੰ ਸਿੱਖ ਇਤਿਹਾਸ ਦਾ ਮਸਾਲਾ ਇਕੱਠਾ ਕਰਨ ਦੀ ਚੇਟਕ ਲੱਗੀ

---

[6] 'ਫੁਲਵਾੜੀ' (ਮਾਸਕ), ਕਰਮ ਸਿੰਘ ਨੰਬਰ, ਪੰਨਾ 1088

[7] "ਆਪ ਜੀ ਦੀ ਸ਼ਾਦੀ ਵਿਦਿਆਰਥੀ ਸਮੇਂ ਹੀ ਲਗਪਗ 20, 22 ਵਰ੍ਹੇ ਦੀ ਆਯੂ ਵਿਚ ਹੋ ਗਈ ਸੀ"। ਵੇਖੋ : 'ਇਤਿਹਾਸਕ ਖੋਜ' ਪੰਨਾ 20

Digitized by Panjab Digital Library | www.panjabdigilib.org

ਸੀ। ਪੁਰਾਣੇ ਪੁਰਾਣੇ ਆਦਮੀ ਮਰਦੇ ਜਾ ਰਹੇ ਸਨ। ਅਤੇ ਮੈਂ ਵੇਖਦਾ ਸਾਂ ਕਿ ਇਨ੍ਹਾਂ ਬਿਰਧ ਪੁਰਸ਼ਾਂ ਦੇ ਨਾਲ ਹੀ ਸਾਡਾ ਜ਼ਰੂਰੀ ਇਤਿਹਾਸਕ ਮਸਾਲਾ ਵੀ ਅਲੋਪ ਹੁੰਦਾ ਜਾ ਰਿਹਾ ਹੈ। ਮੈਂ ਆਪਣੀ ਬੀ. ਏ. ਦੀ ਪੜ੍ਹਾਈ ਛੱਡੀ ਤੇ ਬਿਰਧ ਪੁਰਸ਼ਾਂ ਨੂੰ ਫੋਲ ਫੋਲ ਕੇ ਪੁਰਾਣੇ ਹਾਲ ਜਮ੍ਹਾਂ ਕਰਨ ਲਗ ਪਿਆ। ਸਤਿਗੁਰ ਜੀ ਦੀ ਕਿਰਪਾ ਸੀ, ਮੈਨੂੰ ਚੰਗੀ ਸਫ਼ਲਤਾ ਹੋਈ ਤੇ ਸੋਹਣਾ ਮਸਾਲਾ ਇਕੱਠਾ ਹੋ ਗਿਆ।'[8]

ਉਪਰੋਕਤ ਲੇਖ ਵਿਚ ਹੀ ਉਨ੍ਹਾਂ ਨੇ ਇਸ ਸਮੇਂ ਆਈਆਂ ਅਨੇਕਾਂ ਔਕੜਾਂ ਦਾ ਵਰਣਨ ਵੀ ਕੀਤਾ ਹੈ। ਇਹ ਤਾਂ ਦੱਸਿਆ ਹੀ ਜਾ ਚੁੱਕਾ ਹੈ ਕਿ ਉਸ ਸਮੇਂ ਪਲੇਗ ਦੀ ਬਿਮਾਰੀ ਪੂਰੇ ਜ਼ੋਰਾਂ ਤੇ ਸੀ। ਹਰ ਕਿਸੇ ਨੂੰ ਆਪਾ ਧਾਪੀ ਪਈ ਹੋਈ ਸੀ। ਲੋਕ ਇਸ ਵਬਾ ਤੋਂ ਬਚਣ ਲਈ ਆਪਣੇ ਘਰ ਬਾਰ ਤੇ ਪਿੰਡ ਛੱਡ ਛੱਡ ਕੇ ਨੱਸ ਰਹੇ ਸਨ। ਉਨ੍ਹਾਂ ਹੀ ਦਿਨਾਂ ਵਿਚ ਲੇਖਕ ਨੂੰ ਪਤਾ ਲੱਗਿਆ ਕਿ ਜਦ ਰਾਜਾ ਸ਼ੇਰ ਸਿੰਘ ਕਾਦਰਾਬਾਦ (ਜ਼ਿਲਾ ਗੁਜਰਾਤ) ਆ ਕੇ ਉਤਰਿਆ ਰਿਹਾ ਸੀ ਤਾਂ ਉਸ ਦੇ ਡੇਰੇ ਵਿਚ ਹਾਜ਼ਰ ਰਹਿਣ ਵਾਲਾ ਇਕ ਆਦਮੀ ਉਦੋਂ ਕਾਦਰਾਬਾਦ ਵਿਚ ਰਹਿੰਦਾ ਸੀ। ਲੋਕਾਂ ਦੀ ਚਿਤਾਵਨੀ ਤੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਸ. ਕਰਮ ਸਿੰਘ ਉਥੇ ਪੁੱਜੇ। ਪਿੰਡ ਵਿਚ ਪਹੁੰਚ ਕੇ ਉਨ੍ਹਾਂ ਨੇ ਉਸ ਬੰਦੇ ਬਾਰੇ ਪਤਾ ਕੀਤਾ। ਉਹ ਇਕ ਖੂਹ ਉਤੇ ਉਤਰਿਆ ਹੋਇਆ ਸੀ ਤੇ ਪਲੇਗ ਨਾਲ ਮਰਨ ਕਿਨਾਰੇ ਸੀ। ਪਰ ਕਰਮ ਸਿੰਘ ਉਸ ਤੋਂ ਇਤਿਹਾਸਿਕ ਗੱਲਾਂ ਬਾਰੇ ਪੁੱਛ ਪੜਤਾਲ ਕਰਨੀ ਚਾਹੁੰਦੇ ਸਨ। ਉਨ੍ਹਾਂ ਦਾ ਜਤਨ ਸੀ ਕਿ ਬਾਬੇ ਦੀ ਸੁਰਤ ਰਤਾ ਕੁ ਸੰਭਲੇ ਤਾਂ ਉਹ ਉਸ ਨਾਲ ਦੋ ਕੁ ਗੱਲਾਂ ਹੀ ਕਰ ਲੈਣ। ਪਰ ਉਨ੍ਹਾਂ ਦੀ ਮਿਹਨਤ ਬੇਕਾਰ ਗਈ ਤੇ ਉਹ ਬਾਬਾ ਬਿਨਾਂ ਕੁਝ ਦੱਸਿਆਂ ਹੀ ਮਰ ਗਿਆ।

ਇਸੇ ਤਰ੍ਹਾਂਦੀ ਇਕ ਹੋਰ ਘਟਨਾ ਦਾ ਜ਼ਿਕਰ ਵੀ ਇਤਿਹਾਸ ਦੇ ਖੋਜੀਆਂ ਲਈ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ। ਉਨ੍ਹਾਂ ਨੂੰ ਗੁਜਰਾਂਵਾਲਾ ਵਿਚ ਕਿਸੇ ਬਿਰਧ ਪੁਰਸ਼ ਦੇ ਹੋਣ ਬਾਰੇ ਪਤਾ ਲੱਗਿਆ। ਉਹ ਮਹਾਰਾਜਾ ਖੜਕ ਸਿੰਘ ਦਾ ਗੜਵਈ ਸੀ। ਸਰਦਾਰ ਜੀ ਜਦ ਉਥੇ ਪੁੱਜੇ ਤਾਂ ਉਸ ਰਾਤ ਬਾਬੇ ਦਾ ਘਰ ਜਵਾਈ ਮਰ ਗਿਆ। ਉਸ ਦੀ ਇਕੋ ਇਕ ਧੀ ਸੀ ਤੇ ਇਸ ਸਦਮੇ ਕਾਰਨ ਉਹ ਬੇਹਾਲ ਹੋਇਆ ਪਿਆ ਸੀ। ਪਰ ਸ. ਕਰਮ ਸਿੰਘ ਦੀ ਇੱਛਾ ਸੀ ਕਿ ਉਹ ਭਾਵੇਂ ਦੋ ਚਾਰ ਗੱਲਾਂ ਹੀ ਉਨ੍ਹਾਂ ਨਾਲ ਕਰ ਲਵੇ। ਕੀਮਤੀ ਇਤਿਹਾਸਕ ਮਸਾਲੇ ਦੀ ਲੋੜ ਨੂੰ ਮੁੱਖ ਰੱਖਦਿਆਂ, ਉਨ੍ਹਾਂ ਨੇ ਲੋਕਾਚਾਰੀ ਦੀ ਪਰਵਾਹ ਨਾ ਕਰਦਿਆਂ ਢੀਠ ਹੋ ਕੇ ਆਪਣੀ ਇੱਛਾ ਦੱਸੀ ਪਰ ਉਸ ਦੇ ਰਿਸ਼ਤੇਦਾਰਾਂ ਨੇ ਗੁੱਸੇ ਹੋ ਕੇ ਉਨ੍ਹਾਂ ਨੂੰ ਉਥੋਂ ਕੱਢ ਦਿੱਤਾ।

ਚੇਲੀਆਂ ਵਾਲੀ ਵਿਚ ਵਾਪਰੀ ਘਟਨਾ ਤਾਂ ਉਨ੍ਹਾਂ ਲਈ ਜਾਨਲੇਵਾ ਵੀ ਬਣ ਸਕਦੀ ਸੀ ਜੇ ਉਥੋਂ ਦੀ ਧਰਮਸ਼ਾਲਾ ਦਾ ਭਾਈ ਉਨ੍ਹਾਂ ਨੂੰ ਪਾਥੀਆਂ ਦੀ ਬੁਖਾਰਚੀ ਵਿਚ ਨਾ ਲੁਕਾ ਦੇਂਦਾ।

ਲੇਖਕ ਦੀ ਲਿਖਤ ਵਿਚੋਂ ਉਪਰੋਕਤ ਹਵਾਲੇ ਦੇਣ ਦਾ ਭਾਵ ਇਹ ਹੈ ਕਿ ਪਾਠਕ

---

[8]'ਇਤਿਹਾਸਕ ਖੋਜ', ਪੰਨਾ 270

Digitized by Panjab Digital Library | www.panjabdigilib.org

ਉਸ ਕੁਰਬਾਨੀ, ਮਿਹਨਤ ਤੇ ਲਗਨ ਦਾ ਅਨੁਮਾਨ ਲਾ ਸਕਣ ਜਿਹੜੀ ਉਨ੍ਹਾਂ ਨੇ ਸਿੱਖ ਇਤਿਹਾਸ ਨੂੰ ਸੰਪੂਰਨ ਕਰਨ ਤੇ ਪ੍ਰਮਾਣਿਕ ਬਣਾਉਣ ਲਈ ਕੀਤੀ।

ਜਦੋਂ ਕਰਮ ਸਿੰਘ ਜੀ ਸਾਰੇ ਸ਼ੁਭਚਿੰਤਕਾਂ, ਮਿੱਤਰਾਂ, ਅਧਿਆਪਕਾਂ ਆਦਿ ਦੀ ਰਾਇ ਦੇ ਉਲਟ ਖੋਜ ਦੇ ਕੰਮ ਲਈ ਨਿਕਲ ਤੁਰੇ ਤਾਂ ਉਨ੍ਹਾਂ ਦੇ ਪਿਤਾ ਜੀ ਨੇ ਮਾਇਕ ਸਹਾਇਤਾ ਦੇਣੀ ਬੰਦ ਕਰ ਦਿੱਤੀ। ਹਰ ਮਹਾਂ ਪੁਰਸ਼ ਦੇ ਜੀਵਨ ਦੀ ਇਹ ਇਕ ਸਾਂਝੀ ਸਚਾਈ ਜਾਪਦੀ ਹੈ ਕਿ ਉਸ ਦੇ ਘਰ ਪਰਿਵਾਰ ਦੇ ਲੋਕ ਉਸ ਨੂੰ ਵੀ ਆਮ ਪ੍ਰਚਲਿਤ ਲੀਹ ਉਤੇ ਹੀ ਤੁਰਦਿਆਂ ਵੇਖਣਾ ਚਾਹੁੰਦੇ ਹਨ। ਉਹ ਆਪਣੇ ਬੱਚੇ ਦੀ ਪ੍ਰਵਿਰਤੀ ਤੋਂ ਜਾਣੂ ਹੋ ਕੇ ਉਸ ਨੂੰ ਉਤਸਾਹਿਤ ਕਰਨ ਦਾ ਜਤਨ ਨਹੀਂ ਕਰਦੇ। ਇਹ ਗੱਲ ਵੀ ਇਹੋ ਜਿਹੇ ਕੁਰਬਾਨੀ ਦੇ ਪੁਤਲਿਆਂ ਦੀ ਸਾਂਝੀ ਹੈ ਕਿ ਉਨ੍ਹਾਂ ਨੇ ਕਿਸੇ ਔਕੜ ਦੀ ਪਰਵਾਹ ਨਾ ਕੀਤੀ ਤੇ ਆਪਣੇ ਨਿਸਚੇ ਤੇ ਨਿਰਣੇ ਵਿਚ ਅਟਲ ਵਿਸ਼ਵਾਸ ਰਖਦੇ ਹੋਏ ਅੱਗੇ ਵਧਦੇ ਗਏ ਤੇ ਅੰਤ ਸਫਲਤਾ ਨੇ ਉਨ੍ਹਾਂ ਦੇ ਪੈਰ ਚੁੰਮੇ।

ਇਉਂ ਸ. ਕਰਮ ਸਿੰਘ ਕੋਲ ਪੈਸੇ ਦੀ ਘਾਟ ਸੀ, ਸਹਾਇਤਾ ਦੀ ਆਸ ਨਹੀਂ ਸੀ, ਪਰ ਉਹ ਸ਼ੇਰਦਿਲ ਨੌਜੁਆਨ ਆਪਣੇ ਮਿਸ਼ਨ ਤੋਂ ਇਕ ਕਦਮ ਵੀ ਪਿੱਛੇ ਨਹੀਂ ਹਟਿਆ। ਕਾਗਜ਼, ਕਲਮ, ਦਵਾਤ ਲੈ ਕੇ, ਬਸਤਾ ਗਲ ਵਿਚ ਪਾ ਕੇ ਉਨ੍ਹਾਂ ਨੇ ਉਪਰੋਕਤ ਕਿਸਮ ਦੇ ਅਨੇਕਾਂ ਦੌਰੇ ਕੀਤੇ ਜਿਨ੍ਹਾਂ ਦਾ ਵਰਣਨ ਕਈ ਥਾਈਂ ਕੀਤਾ ਹੋਇਆ ਮਿਲਦਾ ਹੈ।[9] ਪੈਸੇ ਦੀ ਘਾਟ ਕਾਰਨ ਉਨ੍ਹਾਂ ਨੂੰ ਕਿੰਨਾ ਕਿੰਨਾ ਪੰਧ ਪੈਦਲ ਹੀ ਤਹਿ ਕਰਨਾ ਪੈਂਦਾ ਸੀ। ਜੇ ਕਿਤੋਂ ਕੁਝ ਪੈਸੇ ਮਿਲ ਜਾਂਦੇ ਤਾਂ ਸਵਾਰੀ ਦਾ ਪ੍ਰਬੰਧ ਹੋ ਜਾਂਦਾ ਸੀ ਨਹੀਂ ਤਾਂ ਪੈਰੀਂ ਤੁਰ ਕੇ ਤੀਹ ਤੀਹ, ਚਾਲੀ ਚਾਲੀ ਕੋਹ ਰੋਜ਼ ਸਫ਼ਰ ਕਰ ਕੇ ਉਨ੍ਹਾਂ ਨੇ ਇਹੋ ਜਿਹਾ ਇਤਿਹਾਸਿਕ ਮਸਾਲਾ ਇਕੱਠਾ ਕਰ ਲਿਆ ਜਿਸ ਦਾ ਸਹੀ ਮੁੱਲ ਕੋਈ ਉਨ੍ਹਾਂ ਵਰਗਾ ਸੱਚਾ, ਸੁੱਚਾ ਖੋਜੀ ਹੀ ਪਾ ਸਕਦਾ ਹੈ।

ਇਸ ਮਾਇਕ ਔਕੜ ਦੇ ਸਮੇਂ ਕਿਸੇ ਪੰਥਕ ਜੱਥੇ, ਸਭਾ, ਸੁਸਾਇਟੀ ਤੇ ਹੋਰ ਸੰਸਥਾ ਨੇ ਵੀ ਉਨ੍ਹਾਂ ਦੀ ਕੋਈ ਮਦਦ ਨਾ ਕੀਤੀ। ਇਹੀ ਜੱਥੇ ਜੋ ਉਦੋਂ ਇਸ ਪਾਸੇ ਮਾੜੀ ਮੋਟੀ ਸੂਝ ਵੀ ਵਰਤਦੇ ਤਾਂ ਅੱਜ ਅਸੀਂ ਪ੍ਰਮਾਣਿਕ ਇਤਿਹਾਸਿਕ ਮਸਾਲੇ ਨਾਲ ਮਾਲਾਮਾਲ ਹੁੰਦੇ, ਪਰ ਅਫ਼ਸੋਸ! ਉਦੋਂ ਦੋ ਤਿੰਨ ਸੱਜਣਾਂ ਨੂੰ ਛੱਡ ਕੇ ਕੋਈ ਅਜਿਹਾ ਮਹਾਂਪੁਰਸ਼ ਨਾ ਨਿਤਰਿਆ ਜਿਹੜਾ ਇਸ ਕੌਮੀ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਉਨ੍ਹਾਂ ਦੀ ਸਹਾਇਤਾ ਕਰ ਸਕਦਾ।

ਇਨ੍ਹਾਂ ਵਿਚ ਇਕ ਸਨ-ਮਾਸਟਰ ਈਸ਼ਰ ਸਿੰਘ ਜੀ, ਜਿਹੜੇ ਉਦੋਂ ਘਰਜਾਖ ਆਸ਼ਰਮ ਵਿਚ ਪੜ੍ਹਾਉਂਦੇ ਸਨ। ਉਨ੍ਹਾਂ ਨੂੰ ਪੰਦਰਾਂ ਰੁਪਏ ਮਹੀਨਾ ਤਨਖਾਹ ਮਿਲਦੀ ਸੀ। ਕਰਮ ਸਿੰਘ ਦਾ ਸਿਦਕ ਤੇ ਸਿਰੜ ਅਤੇ ਕੌਮ ਦੀ ਬੇਰੁਖੀ ਵੇਖ ਕੇ ਉਨ੍ਹਾਂ ਨੇ ਆਪਣੀ ਅੱਧੀ

---

[9] "ਜਿਨ੍ਹਾਂ ਔਕੜਾਂ ਤੇ ਕਠਿਨਾਈਆਂ ਨਾਲ ਆਪ ਨੇ ਬਿਰਧ ਬਾਬਿਆ ਦੇ ਵੱਡਮੁੱਲੇ ਬਿਆਨ ਇਕੱਤਰ ਕੀਤੇ, ਉਨ੍ਹਾਂ ਦਾ ਵਰਣਨ ਕਲਮ ਦੀ ਸ਼ਕਤੀ ਤੋਂ ਬਾਹਰ ਹੈ। ਆਪਨੇ ਆਪਣੀ ਡਾਇਰੀ* ਵਿਚ ਕਈ ਘਟਨਾਵਾਂ ਦਰਜ ਕੀਤੀਆਂ ਹਨ" ਹਵਾਲਾ-'ਇਤਿਹਾਸਕ ਖੋਜ', ਪੰਨਾ 13

*ਮੈਂ ਇਹ ਡਾਇਰੀ, ਬੜਾ ਜਤਨ ਕਰਨ ਦੇ ਬਾਵਜੂਦ, ਸ. ਰਣਬੀਰ ਸਿੰਘ, (ਸਪੁੱਤਰ ਸ. ਕਰਮ ਸਿੰਘ) ਬਸੀ ਪਠਾਣਾਂ ਤੋਂ ਵੇਖਣ ਵਿਚ ਸਫ਼ਲ ਨਹੀਂ ਹੋ ਸਕਿਆ।

Digitized by Panjab Digital Library | www.panjabdigilib.org

ਤਨਖਾਹ ਕਰਮ ਸਿੰਘ ਨੂੰ ਦੇਣੀ ਸ਼ੁਰੂ ਕਰ ਦਿੱਤੀ ਇਉਂ ਤੰਗੀ ਤੁਰਸ਼ੀ ਨਾਲ ਉਨ੍ਹਾਂ ਦਾ ਗੁਜ਼ਾਰਾ ਹੋਣ ਲੱਗ ਪਿਆ। ਮਾਸਟਰ ਜੀ ਤੋਂ ਛੁਟ ਉਸ ਸਮੇਂ ਭਾਈ ਮੋਹਨ ਸਿੰਘ ਵੈਦ ਤੇ ਭਾਈ ਤਖਤ ਸਿੰਘ ਜੀ, ਫੀਰੋਜ਼ਪੁਰ ਨੇ ਵੀ ਲਗਦੀ ਵਾਹ ਉਨ੍ਹਾਂ ਦੀ ਹਰ ਸਹਾਇਤਾ ਕੀਤੀ, ਉਤਸ਼ਾਹ ਦਿੱਤਾ ਤਾਕਿ ਖੋਜ ਦੀ ਲਗਨ ਲੈ ਕੇ ਕਰਮ ਸਿੰਘ ਇਸੇ ਤਰ੍ਹਾਂ ਤੁਰਦੇ ਰਹਿਣ।

ਇਨ੍ਹਾਂ ਦਿਨਾਂ ਦੇ ਤਜਰਬਿਆਂ ਅਤੇ ਅਧਿਐਨ ਤੋਂ ਸਰਦਾਰ ਜੀ ਨੂੰ ਇਹ ਸਪਸ਼ਟ ਹੋ ਗਿਆ ਕਿ ਸਿੱਖ ਇਤਿਹਾਸ ਦਾ ਮਸਾਲਾ ਬਹੁਤ ਘੱਟ, ਉਘੜ ਦੁਘੜੇ ਅਤੇ ਅਪ੍ਰਮਾਣਿਕ ਰੂਪ ਵਿਚ ਉਪਲਬਧ ਹੈ। ਦੂਜੀ ਗੱਲ ਇਹ ਕਿ ਕਿਸੇ ਨੇ ਇਸ ਨੂੰ ਤਰਤੀਬ ਦੇਣ ਦਾ ਜਾਂ ਨਵੀਆਂ ਗੱਲਾਂ ਲੱਭਣ ਦਾ ਜਤਨ ਨਹੀਂ ਕੀਤਾ। ਤੀਜੀ ਇਹ ਕਿ ਇਤਿਹਾਸਿਕ ਮਸਾਲਾ ਵੱਖ ਵੱਖ ਰੂਪਾਂ ਵਿਚ ਖਿੰਡਿਆ ਪੁੰਡਿਆ ਪਿਆ ਹੈ। ਚੌਥੀ ਇਹ ਕਿ ਕਿਸੇ ਤੋਂ ਵੀ ਮਦਦ ਦੀ ਆਸ ਰੱਖਣੀ ਫਜ਼ੂਲ ਹੈ। ਉਨ੍ਹਾਂ ਦਿਨਾਂ ਵਿਚ ਜਿਥੇ ਉਹ ਬਿਰਧਾਂ ਦੀ ਜ਼ਬਾਨੀ ਦਿੱਤੇ ਬਿਆਨਾਂ ਨੂੰ ਨੋਟ ਕਰਦੇ ਸਨ, ਇਤਿਹਾਸਿਕ ਲਿਖਤਾਂ ਨੂੰ ਵਾਚਦੇ ਸਨ, ਉਥੇ ਪੁਰਾਣੇ ਰੋਜ਼ਨਾਮਚਿਆਂ ਦਾ ਜ਼ਖੀਰਾ ਵੀ ਇਕੱਠਾ ਕਰਦੇ ਰਹੇ ਸਨ। ਇਹ ਰੋਜ਼ਨਾਮਚੇ, ਪੁਰਾਣੇ ਖਾਨਦਾਨੀ ਬੰਦਿਆਂ ਕੋਲੋਂ ਮਿਲ ਜਾਂਦੇ ਸਨ, ਪਰ ਇਨ੍ਹਾਂ ਦੀ ਤਕੜੀ ਕੀਮਤ ਦੇਣੀ ਪੈਂਦੀ ਸੀ। ਕਰਮ ਸਿੰਘ ਜੀ ਆਪਣੀ ਜੇਬ ਵਿੱਚੋਂ ਤਾਂ ਇਹ ਕੀਮਤ ਅਦਾ ਨਹੀਂ ਕਰ ਸਕਦੇ ਸਨ, ਕੋਈ ਜੱਥਾ ਇਹ ਕੰਮ ਕਰਨ ਲਈ ਜਾਂ ਤਾਂ ਤਿਆਰ ਨਹੀਂ ਸੀ, ਜਾਂ ਇਸ ਦਾ ਮਹੱਤਵ ਨਹੀਂ ਸਮਝਦਾ ਸੀ। ਇਸੇ ਲਈ ਮਗਰੋਂ ਜਾ ਕੇ ਇਕ ਥਾਂ ਉਨ੍ਹਾਂ ਨੇ ਲਿਖਿਆ ਹੈ :

> "ਜੇਕਰ 1905-07 ਵਿਚ ਕੋਈ ਜੱਥਾ ਮੇਰੀ ਸਹਾਇਤਾ ਕਰਨ ਵਾਲਾ ਹੁੰਦਾ ਤਾਂ ਪੁਰਾਣੇ ਕਾਗਜ਼ ਕੌਡੀਆਂ ਦੇ ਮੁੱਲ ਇਕੱਠੇ ਕੀਤੇ ਜਾ ਸਕਦੇ ਸਨ। ਹੁਣ ਵੀ ਉਹ ਕਾਗਜ਼ ਮਿਲ ਸਕਦੇ ਹਨ, ਪਰ ਬਹੁਤ ਮਹਿੰਗੇ, ਅਤੇ ਕੁਝ ਸਮੇਂ ਨੂੰ ਹੋਰ ਵੀ ਮਹਿੰਗੇ ਹੋ ਜਾਣਗੇ, ਲੋੜ ਇਸ ਗੱਲ ਦੀ ਹੈ ਕਿ ਕੋਈ ਜੱਥਾ ਲੱਕ ਬੰਨ੍ਹ ਕੇ ਇਸ ਕੰਮ ਦੇ ਮਗਰ ਪਵੇ। ਇਕੱਲੇ ਦੁਕੱਲੇ ਦੇ ਕਰਨ ਦਾ ਇਹ ਕੰਮ ਨਹੀਂ।"[10]

ਪਰ ਸਰਦਾਰ ਜੀ ਇਨ੍ਹਾਂ ਸਾਰੀਆਂ ਔਕੜਾਂ ਦੇ ਹੁੰਦਿਆਂ ਹੋਇਆਂ ਵੀ ਆਪਣੇ ਰਾਹ ਤੋਂ ਨਹੀਂ ਥਿੜਕੇ। ਪੰਜਾਬ ਦਾ ਦੌਰਾ ਕਰਨ ਮਗਰੋਂ ਉਨ੍ਹਾਂ ਨੇ ਫੈਸਲਾ ਕੀਤਾ ਕਿ ਗੁਰੂ ਨਾਨਕ ਸਾਹਿਬ ਦੀ ਮੱਕਾ, ਮਦੀਨਾ ਤੇ ਬਗਦਾਦ ਦੀ ਯਾਤਰਾ ਸੰਬੰਧੀ ਖੋਜ ਕੀਤੀ ਜਾਵੇ। ਇਸ ਯਾਤਰਾ ਦੇ ਰਾਹ ਵਿਚ ਮਾਇਕ ਤੋਂ ਛੁੱਟ ਦੂਜੀ ਔਕੜ ਇਹ ਸੀ ਕਿ ਉਨ੍ਹੀਂ ਦਿਨੀਂ ਇਹ ਯਾਤਰਾ ਹਾਜੀ ਦਾ ਭੇਸ ਧਾਰ ਕੇ ਹੀ ਹੋ ਸਕਦੀ ਸੀ। ਕੋਈ ਹਿੰਦੂ ਜਾਂ ਸਿੱਖ ਨਹੀਂ ਸੀ ਜਾ ਸਕਦਾ ਤੇ ਜੇ ਭੇਤ ਖੁਲ੍ਹ ਜਾਵੇ ਤਾਂ ਜਾਨ ਦਾ ਖਤਰਾ ਵੀ ਹੋ ਸਕਦਾ ਸੀ।

ਮਾਇਕ ਔਕੜ ਤਾਂ ਭਾਈ ਤਖਤ ਸਿੰਘ ਜੀ ਨੇ ਹਲ ਕਰ ਦਿੱਤੀ। ਉਨ੍ਹਾਂ ਨੇ ਲੇਖਕ ਲਈ ਕੁਝ ਕੱਪੜੇ ਵੀ ਬਣਵਾ ਦਿੱਤੇ ਤੇ ਕੁਝ ਪੈਸੇ ਦੇ ਕੇ ਵੀ ਇਸ ਕਾਰਜ ਲਈ ਉਤਸਾਹਿਤ ਕੀਤਾ। ਮੁਸਲਮਾਨੀ ਭੇਸ ਬਣਾ ਕੇ ਸ. ਕਰਮ ਸਿੰਘ ਜੀ ਕਰਾਚੀ ਪੁੱਜੇ। ਉਥੇ ਸੈਂਕੜੇ ਹਾਜੀ

---

[10] 'ਇਤਿਹਾਸਕ ਖੋਜ', ਪੰਨਾ 380

Digitized by Panjab Digital Library | www.panjabdigilib.org

ਮੱਕੇ ਸ਼ਰੀਫ ਦੀ ਯਾਤਰਾ ਲਈ ਤਿਆਰ ਹੋਏ ਬੈਠੇ ਸਨ। ਉਥੇ ਉਨ੍ਹਾਂ ਨੇ ਹਾਜੀਆਂ ਦੇ ਇਕ ਜੱਥੇਦਾਰ ਨਾਲ ਮਿੱਤਰਤਾ ਵਧਾ ਲਈ। ਇਤਿਹਾਸਿਕ ਖੋਜ ਦੇ ਨਾਲ ਨਾਲ ਸਰਦਾਰ ਜੀ ਨੂੰ ਦੇਸੀ ਦਵਾਈਆਂ ਦੇ ਨੁਸਖੇ ਜਾਣਨ ਦਾ ਸ਼ੌਕ ਵੀ ਸੀ। ਉਹ ਕਈ ਚੰਗੀਆਂ ਦਵਾਈਆਂ ਦੇ ਨੁਸਖੇ ਜਾਣਦੇ ਸਨ। ਉਸ ਜੱਥੇਦਾਰ ਨੂੰ ਕਿਸੇ ਵਿਸ਼ੇਸ਼ ਦਵਾਈ ਦੀ ਲੋੜ ਸੀ। ਉਸ ਸੱਜਣ ਨੂੰ ਲੋੜੀਂਦੀ ਦਵਾਈ ਬਣਾ ਕੇ ਦੇਣ ਨਾਲ, ਉਨ੍ਹਾਂ ਦਾ ਕੰਮ ਬੜਾ ਸੌਖਾ ਹੋ ਗਿਆ। ਉਸਨੇ ਉਨ੍ਹਾਂ ਨੂੰ ਕੇਸ ਪਿੱਛੇ ਵਲ ਸੁੱਟ ਕੇ, ਸੁਰਮਈ ਦਸਤਾਰਾ ਸਜਾ ਲੈਣ ਲਈ ਕਿਹਾ। ਪੰਜ ਨਮਾਜ਼ਾਂ ਉਨ੍ਹਾਂ ਨੂੰ ਪਹਿਲਾਂ ਹੀ ਯਾਦ ਸਨ। ਸੋ ਯਾਤਰਾ ਲਈ ਸਾਰੀ ਤਿਆਰੀ ਕਰਨ ਮਗਰੋਂ ਮੁਸਲਮਾਨੀ ਨਾਂ ਰੱਖ ਕੇ ਉਹ ਬਗਦਾਦ ਵੱਲ ਤੁਰ ਪਏ।

ਬਗਦਾਦ ਪੁੱਜ ਕੇ ਜਦ ਉਹ ਇਕ ਮਸਜਿਦ ਵਿਚ ਠਹਿਰੇ ਤਾਂ ਉਥੇ ਕੁਝ ਪੰਜਾਬੀਆਂ ਨੂੰ ਉਨ੍ਹਾਂ ਬਾਰੇ ਸ਼ੱਕ ਹੋ ਗਿਆ। ਇਕ ਦਿਨ ਕਿਸੇ ਨੇ ਇਨ੍ਹਾਂ ਨੂੰ ਜਪੁਜੀ ਸਾਹਿਬ ਦਾ ਪਾਠ ਕਰਦੇ ਵੀ ਸੁਣ ਲਿਆ। ਉਹ ਸਾਰੇ ਕਰਮ ਸਿੰਘ ਦੇ ਵਿਰੁਧ ਹੋ ਗਏ ਅਤੇ ਮੁਸਲਮਾਨ ਹੋਣ ਦੇ ਸਬੂਤ ਵਜੋਂ ਸੁੰਨਤ ਵਿਖਾਉਣ ਲਈ ਕਹਿਣ ਲੱਗੇ। ਇਹ ਪਤਾ ਲੱਗਣ ਤੇ ਕਿ ਉਨ੍ਹਾਂ ਨੇ ਸੁੰਨਤ ਨਹੀਂ ਕਰਵਾਈ ਹੋਈ, ਜੁੰਮੇ ਵਾਲੇ ਦਿਨ, ਉਨ੍ਹਾਂ ਦੀ ਸੁੰਨਤ ਕਰਨ ਤੇ ਕੇਸ ਕੱਟ ਦੇਣ ਦਾ ਪੱਕਾ ਫੈਸਲਾ ਹੋ ਗਿਆ।

ਇਹ ਸੁਣ ਕੇ, ਕੁਦਰਤੀ ਤੌਰ ਤੇ, ਸਰਦਾਰ ਜੀ ਬੜੇ ਦੁਖੀ ਹੋਏ। ਸਬੱਬ ਨਾਲ ਇਕ ਪੁਰਾਣੇ ਮੁਸਲਮਾਨ ਜਮਾਤੀ ਦੇ ਕਿਸੇ ਰਿਸ਼ਤੇਦਾਰ ਦੇ ਪੁਲਿਸ ਵਿਭਾਗ ਵਿਚ ਨਿਯੁਕਤ ਹੋਏ ਹੋਣ ਬਾਰੇ ਗੱਲ ਯਾਦ ਆ ਗਈ। ਉਸ ਨੇ ਸਾਰੀ ਗੱਲ ਸੁਣ ਕੇ ਦਿਲਾਸਾ ਦਿੱਤਾ ਤੇ ਉਨ੍ਹਾਂ ਨੂੰ ਤੰਗ ਕਰਨ ਵਾਲੇ ਬੰਦਿਆਂ ਨੂੰ ਬੁਲਾ ਕੇ ਤਾੜਿਆ। ਇਉਂ ਕੇਸ ਕਟਾਉਣ ਦੀ ਨੌਬਤ ਤਾਂ ਨਹੀਂ ਆਈ ਪਰ ਉਹ ਮੱਕੇ ਨਹੀਂ ਜਾ ਸਕੇ ਅਤੇ ਬਗਦਾਦ ਵਿਚ ਹੀ ਰਹਿ ਕੇ ਖੋਜ ਪੜਤਾਲ ਕਰ ਕੇ ਮੁੜ ਆਏ।

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਗੁਰਦੁਆਰਿਆਂ ਉਤੇ ਉਨ੍ਹਾਂ ਪੁਜਾਰੀਆਂ ਦਾ ਕਬਜ਼ਾ ਸੀ ਜਿਹੜੇ ਅੰਮ੍ਰਿਤਧਾਰੀ ਤੇ ਤਿਆਰ ਬਰ ਤਿਆਰ ਸਿੰਘਾਂ ਦੇ ਅਰਦਾਸੇ ਨਹੀਂ ਕਰਦੇ ਸਨ। ਕਿਉਂਕਿ ਇਹੋ ਜਿਹੇ ਸਿੰਘ, ਉਨ੍ਹਾਂ ਦੇ ਵਿਚਾਰ ਅਨੁਸਾਰ, ਚੂਹੜੇ ਚਮਾਰਾਂ ਨੂੰ ਅੰਮ੍ਰਿਤ ਛਕਾਉਂਦੇ ਸਨ ਤੇ ਮੁਸਲਮਾਨਾਂ ਤੋਂ ਛੂਤਛਾਤ ਨਹੀਂ ਕਰਦੇ ਸਨ। ਇਸ ਲਈ ਕਰਮ ਸਿੰਘ ਨੂੰ ਵੀ ਮੁਸਲਮਾਨੀ ਦੇਸ ਵਿਚ ਗਏ ਹੋਏ ਹੋਣ ਕਾਰਨ, ਮੁਸਲਮਾਨਾਂ ਦੇ ਹੱਥਾਂ ਦਾ ਪੱਕਿਆ ਹੋਇਆ ਖਾਧਾ ਹੋਣ ਕਾਰਨ ਪਹਿਲਾਂ ਤਨਖਾਹ ਲਵਾਉਣ ਲਈ ਤੇ ਅੰਮ੍ਰਿਤ ਛਕਣ ਲਈ ਕਿਹਾ ਗਿਆ। ਇਹ ਸੁਣ ਕੇ ਸਰਦਾਰ ਜੀ ਨੇ ਕਿਹਾ, "ਸਤਿਗੁਰ ਬਖਸ਼ਿੰਦ ਤੇ ਜਾਣੀ ਜਾਣ ਹੈ, ਮੈਂ ਕੋਈ ਕੁਰਹਿਤ ਨਹੀਂ ਕੀਤੀ। ਮੁਸਲਮਾਨਾਂ ਦੇ ਹੱਥ ਦਾ ਤਿਆਰ ਕੀਤਾ ਭੋਜਨ ਮੈਂ ਜ਼ਰੂਰ ਛਕਦਾ ਰਿਹਾ ਹਾਂ। ਪਰ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਨਾ ਸਿੱਖੀ ਵਿਰੁਧ ਨਹੀਂ, ਪਰ ਜੇ ਤੁਸੀਂ ਇਹ ਨੂੰ ਭੁੱਲ ਮੰਨ ਕੇ ਤਨਖਾਹ ਲਾਉਣਾ ਚਾਹੁੰਦੇ ਹੋ ਤਾਂ ਅਜੇ ਖਬਰੇ ਕਿੰਨਾ ਚਿਰ ਮੈਨੂੰ ਇਸੇ ਤਰ੍ਹਾਂ ਵਿਚਰਨਾ ਪਏਗਾ, ਸੋ ਚੰਗਾ ਹੈ ਕਿ ਸਿੱਖ ਇਤਿਹਾਸ ਲਿਖਣ ਦੇ ਮਗਰੋਂ ਮੈਂ ਇਕੱਠੀ ਹੀ ਭੁਲ ਬਖਸ਼ਵਾ ਕੇ ਤਨਖਾਹ ਲਵਾ ਲਵਾਂ"।[11]

---

[11] 'ਇਤਿਹਾਸਕ ਖੋਜ', ਪੰਨਾ 16

Digitized by Panjab Digital Library | www.panjabdigilib.org

ਬਗਦਾਦ ਯਾਤਰਾ ਤੋਂ ਮੁੜ ਕੇ ਆਉਣ ਮਗਰੋਂ ਸ. ਕਰਮ ਸਿੰਘ ਨੇ ਇਤਿਹਾਸਿਕ ਖੋਜ ਦੇ ਰਾਹ ਵਿਚ ਆਈਆਂ ਔਕੜਾਂ ਤੇ ਸਿੱਖਾਂ ਦੀ ਇਸ ਪ੍ਰਤੀ ਉਦਾਸੀਨਤਾ ਵੇਖ ਕੇ ਨਿਸ਼ਚਾ ਕੀਤਾ ਕਿ ਉਹ ਆਪ ਹੀ, ਇਕੱਲੇ ਇਸ ਕੰਮ ਨੂੰ ਸਿਰੇ ਚੜ੍ਹਾਉਣਗੇ। ਸੋ ਇਸ ਲਈ ਉਨ੍ਹਾਂ ਨੇ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਆਮਦਨ ਦਾ ਕੋਈ ਪੱਕਾ ਪ੍ਰਬੰਧ ਕਰਨ ਬਾਰੇ ਸੋਚ ਵਿਚਾਰ ਕੀਤੀ ਤੇ ਆਪਣੇ ਮਿੱਤਰ ਸ. ਅਮਰ ਸਿੰਘ ਜੀ ਵਾਸੂ ਨਾਲ ਰਲ ਕੇ ਸਰਗੋਧੇ ਵਿਚ 'ਸੰਨਿਆਸੀ ਆਸ਼ਰਮ' ਨਾਂ ਦਾ ਇਕ ਦਵਾਖਾਨਾ ਸ਼ੁਰੂ ਕੀਤਾ। ਇਸ ਕੰਮ ਤੋਂ ਉਨ੍ਹਾਂ ਨੂੰ ਚੰਗੀ ਆਮਦਨ ਸ਼ੁਰੂ ਹੋ ਗਈ। ਇਸੇ ਅਰਸੇ ਵਿਚ ਹੀ ਉਹ ਇਤਿਹਾਸ ਪ੍ਰਤੀ ਆਪਣੀ ਲਗਨ ਸਦਕਾ ਖੋਜੀਆਂ, ਵਿਦਵਾਨਾਂ ਤੇ ਆਮ ਸਿੱਖਾਂ ਵਿਚ ਚੰਗਾ ਜਸ ਖੱਟ ਚੁੱਕੇ ਸਨ। 'ਖਾਲਸਾ ਯੰਗਮੈਨ' ਅਤੇ ਹੋਰ ਅਖਬਾਰਾਂ ਰਸਾਲਿਆਂ ਵਿਚ ਉਨ੍ਹਾਂ ਦੇ ਲੇਖ ਛਪਦੇ ਰਹਿੰਦੇ ਸਨ। ਉਨ੍ਹਾਂ ਦੀ ਸ਼ੋਭਾ ਸੁਣ ਕੇ ਅਤੇ ਸਹਾਇਤਾ ਕਰਨ ਦੇ ਵਿਚਾਰ ਨਾਲ ਉਨ੍ਹਾਂ ਦੇ ਮਿੱਤਰ ਸੰਤ ਜਵਾਲਾ ਸਿੰਘ ਜੀ (ਪਟਿਆਲੇ ਵਾਲੇ) ਉਨ੍ਹਾਂ ਨੂੰ ਪਟਿਆਲੇ ਲੈ ਗਏ ਤੇ ਰਿਆਸਤ ਪਟਿਆਲਾ ਵਿਚ ਸਟੇਟ ਹਿਸਟੋਰੀਅਨ ਨਿਯੁਕਤ ਕਰਵਾ ਦਿੱਤਾ। ਇਸ ਸਮੇਂ ਉਨ੍ਹਾਂ ਦੀ ਆਯੂ ਲਗਭਗ 27 ਵਰ੍ਹੇ ਦੀ ਸੀ।

ਪਰ ਇਹ ਨੌਕਰੀ ਉਨ੍ਹਾਂ ਨੂੰ ਰਾਸ ਨਾ ਆਈ। ਉਂਞ ਸੰਤ ਜਵਾਲਾ ਸਿੰਘ ਦੇ ਨਿਜੀ ਪੁਸਤਕਾਲੇ ਅਤੇ ਸਰਕਾਰ ਪਟਿਆਲਾ ਦੀ ਲਾਇਬ੍ਰੇਰੀ ਵਿਚੋਂ ਉਨ੍ਹਾਂ ਨੇ ਬਹੁਤ ਕੁਝ ਪੜ੍ਹਿਆ ਤੇ ਘੋਖਿਆ। ਅੰਤ ਉਨ੍ਹਾਂ ਨੇ ਨੌਕਰੀ ਛੱਡ ਕੇ ਆਤਮ ਨਿਰਭਰ ਹੋਣ ਦਾ ਫੈਸਲਾ ਕੀਤਾ ਤੇ ਇਕ ਚਿੱਤਰ ਪ੍ਰਕਾਸ਼ਨ ਕੰਪਨੀ ਜਾਰੀ ਕੀਤੀ। ਇਸ ਕੰਮ ਲਈ ਉਨ੍ਹਾਂ ਨੇ ਕਲਕੱਤੇ ਜਾ ਕੇ ਡੀਜ਼ਾਈਨ ਤੇ ਬਲਾਕ ਬਣਾਉਣ ਦਾ ਕੰਮ ਸਿੱਖਿਆ ਅਤੇ ਸਿੱਖ ਇਤਿਹਾਸ ਤੇ ਸਿੱਖ ਸ਼ਹੀਦਾਂ ਬਾਰੇ ਤਸਵੀਰਾਂ ਬਣਾ ਕੇ ਵੇਚਣੀਆਂ ਸ਼ੁਰੂ ਕੀਤੀਆਂ। ਇਹ ਕੰਮ ਵੀ ਚੰਗਾ ਚਲ ਪਿਆ ਸੀ, ਪਰ ਉਨ੍ਹਾਂ ਦੀ ਖੋਜੀ ਰੁਚੀ ਦੇ ਅਨੁਕੂਲ ਨਹੀਂ ਸੀ, ਇਸ ਲਈ ਉਨ੍ਹਾਂ ਨੇ ਖੇਤੀਬਾੜੀ ਵਲ ਧਿਆਨ ਦੇਣਾ ਸ਼ੁਰੂ ਕੀਤਾ।

ਇਸ ਮੰਤਵ ਲਈ ਉਨ੍ਹਾਂ ਨੇ ਪਤਾਰਸੀ (ਜ਼ਿਲਾ ਪਟਿਆਲਾ) ਪਿੰਡ ਵਿਚ ਜ਼ਮੀਨ ਲੈ ਕੇ ਵਾਹੀ ਦਾ ਕੰਮ ਸ਼ੁਰੂ ਕੀਤਾ। ਇਥੇ ਰਹਿੰਦਿਆਂ ਉਨ੍ਹਾਂ ਦੀ ਇਕ ਅੱਖ ਵੀ ਜ਼ਾਇਆ ਹੋ ਗਈ। ਇਹ ਗੱਲ ਇਉਂ ਹੋਈ ਕਿ ਉਹ ਇਕ ਵਾਰ ਊਠ ਤੇ ਚੜ੍ਹ ਕੇ ਕਿਤੇ ਜਾ ਰਹੇ ਸਨ ਕਿ ਅਚਾਨਕ ਰਾਹ ਵਿਚ ਕਿੱਕਰ ਦੇ ਦਰਖਤ ਨਾਲ ਲੱਗ ਕੇ ਲੰਘਣ ਕਰਕੇ ਕਿੱਕਰ ਦਾ ਕੰਡਾ ਉਨ੍ਹਾਂ ਦੀ ਖੱਬੀ ਅੱਖ ਵਿਚ ਚੁਭ ਗਿਆ। ਬੜਾ ਖੂਨ ਵਗਿਆ। ਡਾਕਟਰ ਨੇ ਪੱਟੀ ਬੰਨ੍ਹ ਕੇ ਦਵਾਈ ਦੇ ਦਿੱਤੀ ਤੇ ਸਖਤ ਹਿਦਾਇਤ ਕੀਤੀ ਕਿ ਹੁਣ ਕੁਝ ਦਿਨਾਂ ਲਈ ਪੜ੍ਹਨ ਲਿਖਣ ਦਾ ਕੰਮ ਬਿਲਕੁਲ ਨਹੀਂ ਕਰਨਾ। ਪਰ ਕਰਮ ਸਿੰਘ ਨੂੰ ਉਨ੍ਹਾਂ ਦਿਨਾਂ ਵਿਚ ਹੀ ਕੋਈ ਦੁਰਲੱਭ ਇਤਿਹਾਸਿਕ ਲਿਖਤ ਮਿਲ ਗਈ ਜਿਸ ਨੂੰ ਪੜ੍ਹਨ ਦਾ ਲੋਭ ਉਹ ਤਿਆਗ ਨਾ ਸਕੇ। ਫਲਸਰੂਪ ਉਸ ਅੱਖ ਦੀ ਰੋਸ਼ਨੀ ਸਦਾ ਲਈ ਚਲੀ ਗਈ।

ਖੇਤੀ ਦੇ ਕੰਮ ਵਿਚ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਕਾਫ਼ੀ ਦਿਲਚਸਪੀ ਸੀ। ਇਸ ਸੰਬੰਧੀ ਉਨ੍ਹਾਂ ਨੇ ਕਾਫ਼ੀ ਪੁਸਤਕਾਂ ਵੀ ਪੜ੍ਹੀਆਂ ਹੋਈਆਂ ਸਨ। ਕੁਝ ਚਿਰ ਮਗਰੋਂ ਉਨ੍ਹਾਂ ਨੂੰ ਨੈਨੀਤਾਲ (ਯੂ. ਪੀ.) ਵਿਚ ਜ਼ਮੀਨ ਬਾਰੇ ਪਤਾ ਲੱਗਿਆ। ਉਨ੍ਹਾਂ ਨੇ ਉਥੇ ਤਿੰਨ ਹਜ਼ਾਰ ਵਿੱਘੇ ਜ਼ਮੀਨ ਖਰੀਦ ਕੇ ਵੱਡੇ ਪੈਮਾਨੇ ਤੇ ਕੰਮ ਸ਼ੁਰੂ ਕੀਤਾ। ਬਾਹਰੋਂ ਮਸ਼ੀਨਾਂ ਮੰਗਵਾਈਆਂ ਅਤੇ ਸਾਰੇ

Digitized by Panjab Digital Library | www.panjabdigilib.org

ਖੇਤਾਂ ਨੂੰ ਲੋਹੇ ਦੀਆਂ ਤਾਰਾਂ ਨਾਲ ਵਲਿਆ। ਉਸ ਸਮੇਂ ਉਨ੍ਹਾਂ ਨੇ ਨਿਆ ਗਾਉਂ ਵਿਚ ਆਪਣੀ ਰਿਹਾਇਸ਼ ਰੱਖੀ।

ਰੋਟੀ ਰੁਜ਼ਗਾਰ ਦੇ ਸੰਬੰਧ ਵਿਚ ਆਹਰ ਪਾਹਰ ਕਰਨ ਦੇ ਨਾਲ ਨਾਲ ਉਹ ਆਪਣੇ ਮੂਲ ਕੰਮ-ਇਤਿਹਾਸਿਕ ਖੋਜ, ਵੱਲ ਵੀ ਪੂਰਾ ਧਿਆਨ ਦਿੰਦੇ ਸਨ। ਖੇਤੀ ਦੇ ਕੰਮ ਵਿਚ ਜੀ ਤੋੜ ਮਿਹਨਤ ਕਰਨ ਮਗਰੋਂ ਉਹ ਬਾਕੀ ਦਾ ਸਾਰਾ ਸਮਾਂ ਲਿਖਣ ਪੜ੍ਹਨ ਵਿਚ ਹੀ ਖਰਚ ਕਰਦੇ ਸਨ। ਪੁਸਤਕਾਂ, ਪੁੱਛ ਪੜਤਾਲ, ਹੱਥ-ਲਿਖਤਾਂ, ਖੋਜ ਦੌਰਿਆਂ ਤੇ ਹਰ ਸੰਭਵ ਢੰਗ ਰਾਹੀਂ ਉਨ੍ਹਾਂ ਨੇ ਬੜੇ ਵੱਡੇ ਪੈਮਾਨੇ ਤੇ ਇਤਿਹਾਸਿਕ ਮਸਾਲਾ ਇਕੱਠਾ ਕਰ ਲਿਆ। ਭਾਰਤ ਦੀ ਕੋਈ ਭੀ ਲਾਇਬ੍ਰੇਰੀ ਅਜਿਹੀ ਨਹੀਂ ਜਿਥੇ ਉਹ ਨਾ ਗਏ ਹੋਣ। ਇਸ ਤੋਂ ਛੁੱਟ ਰਿਆਸਤੀ ਲਾਇਬ੍ਰੇਰੀਆਂ ਵੀ ਉਨ੍ਹਾਂ ਨੇ ਵੇਖ ਲਈਆਂ ਸਨ।

ਸ. ਕਰਮ ਸਿੰਘ ਦੀ ਯਾਦਦਾਸ਼ਤ ਕਮਾਲ ਦੀ ਸੀ। ਉਹ ਕਿਸੇ ਵੀ ਇਤਿਹਾਸ-ਪੁਸਤਕ ਨੂੰ ਕੇਵਲ ਇਕ ਵਾਰ ਪੜ੍ਹ ਕੇ ਯਾਦ ਕਰ ਲੈਂਦੇ ਸਨ ਅਤੇ ਬਹੁਤ ਘੱਟ ਗੱਲਾਂ ਨੋਟ ਕਰਦੇ ਸਨ। ਫਿਰ ਵੀ ਇਕ ਅਨੁਮਾਨ ਅਨੁਸਾਰ ਉਨ੍ਹਾਂ ਨੇ ਲਗਭਗ 13 ਕਾਪੀਆਂ ਲਿਖ ਲਿਖ ਕੇ ਭਰ ਲਈਆਂ ਸਨ ਜਿਨ੍ਹਾਂ ਵਿਚ ਸਿੱਖ ਇਤਿਹਾਸ ਦੇ ਵੱਖ ਵੱਖ ਸਮਿਆਂ, ਸ਼ਖਸੀਅਤਾਂ ਅਤੇ ਘਟਨਾਵਾਂ ਬਾਰੇ ਮਹੱਤਵਪੂਰਨ ਵਾਕਫ਼ੀ ਦਰਜ ਸੀ। ਉਨ੍ਹਾਂ ਨੂੰ ਉਮੀਦ ਸੀ ਕਿ ਉਹ ਦੋ ਤਿੰਨ ਸਾਲਾਂ ਵਿਚ ਹੀ ਖੇਤੀ ਦਾ ਕੰਮ ਪੱਕੇ ਪੈਰੀਂ ਖੜਾ ਕਰ ਕੇ, ਨਿਸਚਿੰਤ ਹੋ ਕੇ ਇਤਿਹਾਸ ਲਿਖਣ ਲਈ ਬੈਠਣਗੇ ਤਾਂ ਛੇ ਕੁ ਮਹੀਨਿਆਂ ਵਿਚ ਹੀ ਕਈ ਪੁਸਤਕਾਂ ਲਿਖ ਦੇਣਗੇ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਲਗਾਤਾਰ ਸਰੀਰਕ ਮਿਹਨਤ ਕਰਨ ਕਰਕੇ ਉਹ ਤਪਦਿਕ ਦੇ ਸ਼ਿਕਾਰ ਹੋ ਗਏ। ਪਰ ਕਿਉਂਕਿ ਉਹ ਆਪ ਕਈ ਦਵਾਈਆਂ ਤੋਂ ਜਾਣੂੰ ਸਨ ਇਸ ਲਈ ਬਿਮਾਰੀ ਦਾ ਪਹਿਲਾ ਹਮਲਾ ਮਾਰੂ ਸਾਬਤ ਨਹੀਂ ਹੋਇਆ। ਉਦੋਂ ਤਕ ਫੁਲਵਾੜੀ ਵਿਚ ਉਨ੍ਹਾਂ ਦੇ ਇਤਿਹਾਸਿਕ ਲੇਖ ਛਪਣੇ ਸ਼ੁਰੂ ਹੋ ਗਏ ਸਨ। ਫੁਲਵਾੜੀ ਦੇ ਇਤਿਹਾਸ ਨੰਬਰ ਨੂੰ ਸੰਪਾਦਿਤ ਕਰਨ ਬਾਰੇ ਸਾਰੀ ਸੋਚ ਵਿਚਾਰ ਹੋ ਚੁੱਕੀ ਸੀ। ਗਿਆਨੀ ਹੀਰਾ ਸਿੰਘ ਦਰਦ ਦੀ ਸਲਾਹ ਸੀ ਕਿ ਸਰਦਾਰ ਜੀ ਪਹਿਲਾਂ ਸਿਹਤ ਵਲੋਂ ਨਿਸਚਿੰਤ ਹੋ ਲੈਣ ਫਿਰ ਕੋਈ ਹੋਰ ਕੰਮ ਕਰਨ। ਪਰ 1929 ਈ. ਵਿਚ ਬਿਮਾਰੀ ਦੀ ਹਾਲਤ ਵਿਚ ਹੀ ਉਨ੍ਹਾਂ ਨੇ ਇਹ ਕੰਮ ਕਰਨ ਦਾ ਨਿਸਚਾ ਕੀਤਾ ਅਤੇ ਸਿਰੇ ਵੀ ਚੜ੍ਹਾਇਆ।

ਨੈਨੀਤਾਲ ਦੀ ਜਿਸ ਥਾਂ ਤੇ ਉਨ੍ਹਾਂ ਦੀ ਰਿਹਾਇਸ਼ ਸੀ, ਉਥੇ ਮੱਛਰ ਬਹੁਤ ਹੁੰਦਾ ਸੀ। ਅਗਸਤ 1930 ਈ. ਵਿਚ ਉਨ੍ਹਾਂ ਨੂੰ ਮਲੇਰੀਆਂ ਹੋ ਗਿਆ। ਹੌਲੀ ਹੌਲੀ ਬਿਮਾਰੀ ਵਧਦੀ ਗਈ ਅਤੇ ਨਾਲ ਹੀ ਨਮੂਨੀਏ ਦਾ ਹਮਲਾ ਵੀ ਹੋ ਗਿਆ। ਉਨ੍ਹਾਂ ਦੇ ਇਲਾਜ ਲਈ ਪਹਿਲਾਂ ਤਾਂ ਉਥੇ ਹੀ ਦਵਾਈਆਂ ਭੇਜੀਆਂ ਗਈਆਂ ਪਰ ਮਗਰੋਂ ਬਿਮਾਰੀ ਦੀ ਗੰਭੀਰਤਾ ਨੂੰ ਵੇਖਦਿਆਂ ਹੋਇਆਂ ਉਨ੍ਹਾਂ ਨੂੰ ਤਰਨ ਤਾਰਨ ਲਿਆਂਦਾ ਗਿਆ। ਉਨ੍ਹਾਂ ਦੀ ਜੀਵਨ ਜੋਤ ਨੂੰ ਜਗਦਾ ਰੱਖਣ ਲਈ, ਕੌਮ ਦੇ ਇਸ ਅਣਮੋਲ ਹੀਰੇ ਦਾ ਜੀਵਨ ਲੰਮਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ ਪਰ ਕੋਈ ਵੀ ਜਤਨ ਕਾਰਗਾਰ ਸਾਬਤ ਨਾ ਹੋਇਆ ਤੇ ਸਰਦਾਰ ਜੀ 10 ਸਤੰਬਰ 1930 ਈ. ਨੂੰ, ਸ਼ਾਮੀ ਸਾਢੇ 5 ਵਜੇ ਅੱਖਾਂ ਮੀਟ ਗਏ।

ਇਸ ਦੀਪ ਦੇ ਬੁਝ ਜਾਣ ਨਾਲ ਸਿੱਖ ਇਤਿਹਾਸ ਦੇ ਛੇਤੀ ਹੀ ਸੰਪੂਰਨ ਤੇ ਮੁਕੰਮਲ

Digitized by Panjab Digital Library | www.panjabdigilib.org

ਹੋਣ ਸੰਬੰਧੀ ਜਿਹੜੀ ਆਸ ਦੀ ਕਿਰਨ ਨਜ਼ਰ ਆਈ ਸੀ, ਉਹ ਅਲੋਪ ਹੋ ਗਈ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਮਗਰੋਂ ਸਿੱਖ ਵਿਦਵਾਨਾਂ ਨੇ ਉਨ੍ਹਾਂ ਦੀ ਕੀਤੀ ਸੇਵਾ ਦਾ ਅਨੁਮਾਨ ਲਾਉਣ ਲਈ, ਸਿੱਖ ਪੰਥ ਵਿਚ ਉਨ੍ਹਾਂ ਦੇ ਖੋਜ ਸੰਬੰਧੀ ਮਹੱਤਵ ਨੂੰ ਪ੍ਰਗਟਾਉਣ ਲਈ ਤੇ ਸ਼ਰਧਾਂਜਲੀ ਭੇਟ ਕਰਨ ਲਈ ਫੁਲਵਾੜੀ (ਮਾਸਕ) ਦਾ ਪੂਰਾ ਅੰਕ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਕੀਤਾ। ਇਸ ਅੰਕ ਵਿਚ ਉੱਘੇ ਪੰਥਕ ਆਗੂਆਂ, ਇਤਿਹਾਸਕਾਰਾਂ, ਲੇਖਕਾਂ ਤੇ ਅਧਿਆਪਕਾਂ ਦੇ ਲੇਖ ਸ਼ਾਮਲ ਹਨ। ਸਭ ਨੇ ਇਕ ਆਵਾਜ਼ ਹੋ ਕੇ ਜਿਥੇ ਉਨ੍ਹਾਂ ਦੇ ਖੋਜ ਸੰਬੰਧੀ ਮਹੱਤਵ ਅਤੇ ਮਹਾਨਤਾ ਨੂੰ ਸਵੀਕਾਰ ਕੀਤਾ ਹੈ, ਉਥੇ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਤੁਰਨ ਨੂੰ ਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਆਖਿਆ ਹੈ।

ਆਪਣੇ ਤਜਰਬੇ ਦੇ ਆਧਾਰ ਤੇ ਸੰਤ ਜਵਾਲਾ ਸਿੰਘ ਨੇ ਕਰਮ ਸਿੰਘ ਬਾਰੇ ਲਿਖਿਆ ਹੈ :

> "ਮੈਂ ਆਪਣੀ ਸਾਰੀ ਉਮਰ ਦੇ ਇਤਿਹਾਸਕ ਤਜਰਬੇ ਦੇ ਆਧਾਰ ਤੇ ਦਾਹਵਾ ਕਰਦਾ ਹਾਂ ਕਿ ਸਰਦਾਰ ਕਰਮ ਸਿੰਘ ਜੀ ਦਾ ਦਰਜਾ ਸੰਸਾਰ ਦੇ ਉਚ ਦਰਜੇ ਦੇ ਇਤਿਹਾਸਕਾਰਾਂ ਦੇ ਬਰਾਬਰ ਸੀ। ਪਰ ਬਦਕਿਸਮਤੀ ਨਾਲ ਉਹ ਸਿੱਖਾਂ ਜੈਸੀ ਬੇਕਦਰੀ ਕੌਮ ਵਿਚ ਪੈਦਾ ਹੋਏ, ਜੇ ਉਹ ਕਿਸੇ ਗੁਣ-ਗ੍ਰਾਹਕ ਕੌਮ ਵਿਚ ਜਨਮ ਲੈਂਦੇ ਤਾਂ ਅੱਜ ਉਨ੍ਹਾਂ ਦਾ ਨਾਂ ਸੂਰਜ ਵਾਂਗ ਚਮਕਦਾ ਹੁੰਦਾ, ਅਰ ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਜਾਂਦੀਆਂ"।[12]

ਸ. ਹੀਰਾ ਸਿੰਘ ਦਰਦ ਨੇ ਉਨ੍ਹਾਂ ਦੀ ਕੁਰਬਾਨੀ ਨੂੰ ਸਿੱਖ ਇਤਿਹਾਸ ਦੀ ਪਹਿਲੀ ਤੇ ਨਿਰਾਲੀ ਕੁਰਬਾਨੀ ਦਸਦਿਆਂ ਫੁਲਵਾੜੀ ਦੇ ਕਰਮ ਸਿੰਘ ਅੰਕ ਵਿਚ, ਆਪਣੀ ਸ਼ਰਧਾਂ-ਜਲੀ ਇਨ੍ਹਾਂ ਸ਼ਬਦਾਂ ਰਾਹੀਂ ਪੇਸ਼ ਕੀਤੀ ਹੈ :

> "ਸਿੱਖਾਂ ਵਿਚ ਸਰਦਾਰ ਜੀ ਦੀ ਕੁਰਬਾਨੀ ਵੀ ਸਿੱਖ ਇਤਿਹਾਸ ਲਈ ਪਹਿਲੀ ਤੇ ਨਿਰਾਲੀ ਕੁਰਬਾਨੀ ਹੈ। ਇਸ ਵਿਚ ਰਤਾ ਵੀ ਸ਼ੱਕ ਨਹੀਂ ਕਿ ਲਗਾਤਾਰ ਇਤਿਹਾਸਕ ਖੋਜ ਅਤੇ ਮਿਹਨਤ ਕਰਕੇ ਹੀ ਉਨ੍ਹਾਂ ਨੇ ਬਿਮਾਰੀ ਸਹੇੜ ਲਈ ਸੀ ਜਿਸ ਨੇ ਉਨ੍ਹਾਂ ਦਾ ਅੰਤ ਕਰ ਦਿੱਤਾ। ਦੇਸਾਂ ਪਰਦੇਸਾਂ ਵਿਚ ਉਹ ਇਸ ਤਰ੍ਹਾਂ ਨਿਰਭੈ ਹੋ ਕੇ ਫਿਰਦੇ ਰਹੇ ਤੇ ਜਾਨ ਨੂੰ ਖਤਰਿਆਂ ਵਿਚ ਪਾਉਂਦੇ ਰਹੇ ਜਿਸ ਤਰ੍ਹਾਂ ਜੁੱਧਾਂ ਜੰਗਾਂ ਵਿਚ ਦਲੇਰ ਸਿਪਾਹੀ। ਇਸ ਲਈ ਨਿਰਸੰਦੇਹ ਕਰਮ ਸਿੰਘ ਜੀ ਦੀ ਕੁਰਬਾਨੀ ਧਾਰਮਕ ਅਤੇ ਕੌਮੀ ਕੁਰਬਾਨੀਆਂ ਨਾਲੋਂ ਘੱਟ ਇੱਜ਼ਤ ਨਾਲ ਨਹੀਂ ਦੇਖੀ ਜਾਣੀ ਚਾਹੀਦੀ"।[13]

ਇਸੇ ਤਰ੍ਹਾਂ ਇਕ ਹੋਰ ਥਾਂ ਉਨ੍ਹਾਂ ਨੇ ਲਿਖਿਆ ਹੈ :

> "ਆਪ ਨਿਰੇ ਉਚੇ ਵਿਦਵਾਨ ਤੇ ਖੋਜੀ ਹੀ ਨਹੀਂ ਸਨ, ਸਗੋਂ ਆਪ ਵਿਚ ਹੋਰ ਵੀ ਉਤਮ ਗੁਣ ਸਨ। ਆਪ ਬੜੇ ਮਿਠਬੋਲੇ, ਗੰਭੀਰ, ਸਾਦੇ,

---

[12] ਫੁਲਵਾੜੀ, ਕਰਮ ਸਿੰਘ ਅੰਕ, ਪੰਨਾ 117

[13] ਉਹੀ, ਪੰਨਾ 1054

Digitized by Panjab Digital Library | www.panjabdigilib.org

ਹਮਦਰਦ, ਉਤਸ਼ਾਹੀ, ਨਿਰਭੈ ਦਲੇਰ, ਹਸਮੁਖ ਤੇ ਸੱਚੇ, ਮਿੱਤਰ ਸਨ। ਆਪ ਦਾ ਜੀਵਨ ਕਈ ਪਹਿਲੂਆਂ ਤੋਂ ਸ਼ੁਭ ਸਿੱਖਿਆ ਦਾ ਭੰਡਾਰਾ ਹੈ।[14]

ਭਾਈ ਜੋਧ ਸਿੰਘ ਜੀ ਨੇ ਉਨ੍ਹਾਂ ਨੂੰ ਪੰਜਾਬੀ ਦਾ ਪਹਿਲਾ ਇਤਿਹਾਸਕਾਰ ਕਹਿੰਦਿਆਂ ਤੇ ਦੂਜੇ ਸਿੱਖ ਇਤਿਹਾਸਕਾਰਾਂ ਨਾਲ ਟਾਕਰਾ ਕਰਦਿਆਂ ਆਪਣੇ ਵਿਚਾਰ ਇਉਂ ਪ੍ਰਗਟਾਏ ਹਨ :

"ਭਾਈ ਕਰਮ ਸਿੰਘ ਜੀ ਦੇ ਅਕਾਲ ਚਲਣੇ ਨੇ ਪੰਥ ਨੂੰ ਜੋ ਹਾਨੀ ਪਹੁੰਚਾਈ ਹੈ, ਉਸ ਦਾ ਅੰਦਾਜ਼ਾ ਉਹ ਵਿਰਲੇ ਜਾਣਕਾਰ ਹੀ ਲਾ ਸਕਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਦਾ ਕੰਮ ਵੇਖਣ ਦਾ ਮੌਕਾ ਮਿਲਿਆ ਹੈ, ਮੈਨੂੰ ਇਹ ਕਹਿਣੋ ਸੰਗ ਨਹੀਂ ਕਿ ਉਹ ਸਿੱਖਾਂ ਦੇ ਪਹਿਲੇ ਇਤਿਹਾਸਕਾਰ ਸਨ। ਭਾਈ ਸੰਤੋਖ ਜੀ ਦਾ ਸੂਰਜ ਪ੍ਰਕਾਸ਼, ਰਤਨ ਸਿੰਘ ਭੰਗੂ ਜੀ ਦਾ ਪੰਥ ਪ੍ਰਕਾਸ਼, ਭਾਈ ਸੁੱਖਾ ਸਿੰਘ ਜੀ ਦਾ ਗੁਰਬਿਲਾਸ ਤੇ ਭਾਈ ਗਿਆਨ ਸਿੰਘ ਦੀ ਤਵਾਰੀਖ ਖਾਲਸਾ ਆਦਿ ਸਾਰੇ ਹੀ ਵਡਮੁੱਲੇ ਗ੍ਰੰਥ ਹਨ ਪਰ ਉਹ ਨਵੀਨ ਇਤਿਹਾਸ ਦੀ ਕਸਵੱਟੀ ਉਪਰ ਟਿਕ ਨਹੀਂ ਸਕਦੇ ਉਨ੍ਹਾਂ ਵਿਚ ਅਸਲੀ ਇਤਿਹਾਸ, ਗੁਰ ਭਗਤੀ, ਕਵਿਤਾ ਦੇ ਚਮਤਕਾਰੇ ਤੇ ਲੇਖਕਾਂ ਦੇ ਆਪਣੇ ਵਹਿਮ ਰਲਗੱਡ ਹੋਏ ਹਨ। ਇਸ ਦਾ ਇਹ ਭਾਵ ਨਹੀਂ ਕਿ ਉਹ ਪੁਸਤਕਾਂ ਆਪਣਾ ਕੰਮ ਨਹੀਂ ਕਰ ਰਹੀਆਂ। ਆਮ ਲੋਕਾਂ ਵਿਚ ਸ਼ਰਧਾਭਾਵ, ਗੁਰ ਭਗਤੀ ਤੇ ਇਤਿਹਾਸ ਦਾ ਪਰਚਾਰ ਇਨ੍ਹਾਂ ਦੇ ਸਦਕੇ ਹੀ ਅਜ ਤਕ ਕਾਇਮ ਹੈ। ਪਰੰਤੂ ਵਿਦਵਾਨ ਦੁਨੀਆਂ ਨਿਰੋਲ ਇਤਿਹਾਸ ਦੀ ਚਾਹਵਾਨ ਹੈ ਤੇ ਉਹ ਲਿਖਣ ਦਾ ਅਜੇ ਤਕ ਸਿੱਖਾਂ ਕੋਈ ਪ੍ਰਬੰਧ ਨਹੀਂ ਕੀਤਾ"।[15]

ਇਉਂ ਅਸੀਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਸਰਦਾਰ ਕਰਮ ਸਿੰਘ ਦੀ ਖੋਜ ਲਈ ਲਗਨ ਤੇ ਉਸ ਪ੍ਰਤੀ ਉਨ੍ਹਾਂ ਦੀ ਪ੍ਰਤੀਬਧਤਾ ਸਚਮੁੱਚ ਅਦੁੱਤੀ ਸੀ।

ਸ਼ਖਸੀਅਤ

ਪਿਛਲੇ ਕੁਝ ਪੰਨਿਆਂ ਵਿਚ ਜਿਥੇ ਸ. ਕਰਮ ਸਿੰਘ ਦੇ ਸੰਖੇਪ ਜੀਵਨ ਸਮਾਚਾਰ ਅੰਕਿਤ ਕੀਤੇ ਗਏ ਹਨ, ਉਥੇ ਇਹ ਵੀ ਉਚਿਤ ਜਾਪਦਾ ਹੈ ਕਿ ਉਨ੍ਹਾਂ ਦੀ ਸ਼ਖਸੀਅਤ ਦੇ ਕੁਝ ਪੱਖਾਂ ਬਾਰੇ ਵੀ ਚਾਨਣਾ ਪਾਇਆ ਜਾਵੇ।

ਜਿਨ੍ਹਾਂ ਨੇ ਸਰਦਾਰ ਜੀ ਦੇ ਦਰਸ਼ਨ ਕੀਤੇ ਹਨ ਜਾਂ ਜਿਨ੍ਹਾਂ ਨੂੰ ਕੁਝ ਸਮਾਂ ਉਨ੍ਹਾਂ ਦੇ ਸਾਥ ਵਿਚ ਬਿਤਾਉਣ ਦਾ ਮੌਕਾ ਮਿਲਿਆ ਹੈ, ਉਹ ਉਨ੍ਹਾਂ ਦੀਆਂ ਸਿਫ਼ਤਾਂ ਤੋਂ ਭਲੀਭਾਂਤ ਜਾਣੂੰ ਹਨ। ਸ. ਹੀਰਾ ਸਿੰਘ ਦਰਦ ਤਾਂ ਜਿਵੇਂ ਉਨ੍ਹਾਂ ਦੇ ਮਿੱਠੇ, ਸਾਦੇ ਤੇ ਉਤਸ਼ਾਹੀ ਸੁਭਾ ਦੇ ਆਸ਼ਕ ਹੀ ਸਨ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ :

"ਆਪ ਬੜੇ ਉਤਸ਼ਾਹੀ ਸੱਜਣ ਤੇ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਸਨ। ਖਾਲਸਾਈ ਜੋਸ਼ ਆਪਦੇ ਲੂੰ ਲੂੰ ਵਿਚ ਧਸਿਆ ਹੋਇਆ ਸੀ। ਆਪ ਭਾਵੇਂ

---

[14]ਫੁਲਵਾੜੀ (ਮਾਸਕ), ਕਰਮ ਸਿੰਘ ਨੰਬਰ, ਪੰਨਾ 1060

[15]ਉਹੀ, ਪੰਨਾ 1080

Digitized by Panjab Digital Library | www.panjabdigilib.org

ਇਤਨੇ ਭਾਰੀ ਆਲਮ ਸਨ, ਪਰ ਜਦ ਪਿੰਡਾਂ ਵਿਚ ਜਾਂਦੇ ਤਾਂ ਉਨ੍ਹਾਂ ਵਾਂਗ ਹੀ ਗੱਲਾਂ ਕਰਦੇ। ਪਰ੍ਹੇ ਵਿਚ ਬੈਠ ਕੇ ਪੇਂਡੂ ਭਰਾਵਾਂ ਨਾਲ ਗੱਲਾਂ ਕਰਦਿਆਂ ਆਪ ਨੂੰ ਬੜਾ ਸੁਆਦ ਆਉਂਦਾ ਸੀ। ਆਪ ਠੇਠ ਪੰਜਾਬੀ ਬੋਲਦਿਆਂ ਅੰਗਰੇਜ਼ੀ ਲਫਜ਼ ਉਕੇ ਨਾ ਵਰਤਦੇ ..ਆਪ ਦੇ ਗੁਣ ਕੀ ਕੀ ਲਿਖੀਏ ਆਪ ਮਦਦਗਾਰ ਸੰਬੰਧੀ, ਅੰਗਪਾਲ ਮਿੱਤਰ, ਨਿਸ਼ਕਾਮ ਪੰਥ ਸੇਵਕ ਅਣਥੱਕ ਖੋਜੀ, ਸੱਚੇ ਕਿਰਤੀ ਜ਼ਿਮੀਂਦਾਰ ਤੇ ਗੁਣਗ੍ਰਾਹੀ ਹੰਸ ਸਨ। ਆਪ ਦਾ ਜੀਵਨ ਬੇਦਾਗ ਤੇ ਨੌਜਵਾਨਾਂ ਦੇ ਪੈਰਵੀ ਲਈ ਇਕ ਨਮੂਨਾ ਹੈ।"[16]

ਫੁਲਵਾੜੀ ਦੇ ਕਰਮ ਸਿੰਘ ਅੰਕ ਵਿਚ ਹੀ ਦਰਦ ਜੀ ਨੇ ਉਸ ਸਮੇਂ ਦਾ ਵਰਨਣ ਵੀ ਕੀਤਾ ਹੈ ਜਦ ਉਨ੍ਹਾਂ ਨੇ ਪਹਿਲੀ ਵਾਰ ਸਰਦਾਰ ਜੀ ਨੂੰ ਵੇਖਿਆ। ਉਨ੍ਹਾਂ ਦੀਆਂ ਲਿਖਤਾਂ ਰਾਹੀਂ ਉਹ ਉਨ੍ਹਾਂ ਦੇ ਵਾਕਫ ਤਾਂ ਸਨ, ਪਰ ਵਿਅਕਤੀਗਤ ਤੌਰ ਤੇ ਮਿਲਣ ਦਾ ਮੌਕਾ ਨਹੀਂ ਮਿਲਿਆ ਸੀ। ਜਦੋਂ ਕਰਮ ਸਿੰਘ ਜੀ, ਫੁਲਵਾੜੀ ਦੇ ਦਫ਼ਤਰ ਵਿਚ ਪੁੱਜੇ ਤਾਂ ਉਨ੍ਹਾਂ ਨੂੰ ਵੇਖ ਕੇ ਦਰਦ ਜੀ ਨੂੰ ਕਿੰਨਾ ਚਿਰ ਯਕੀਨ ਨਾ ਆਇਆ ਕਿ ਇਹ ਸਾਦ ਮੁਰਾਦਾ ਬੰਦਾ ਹੀ ਕਰਮ ਸਿੰਘ ਹੈ। ਆਪਣਾ ਪ੍ਰਤੀਕਰਮ ਬਿਆਨ ਕਰਦਿਆਂ ਦਰਦ ਜੀ ਨੇ ਲਿਖਿਆ ਹੈ :

"ਆਪ ਨੇ ਖੱਦਰ ਦੇ ਸਾਦੇ ਕਪੜੇ ਪਾਏ ਹੋਏ ਸਨ, ਪੈਰੀਂ ਪੰਜਾਬੀ ਜੁੱਤੀ ਸੀ। ਆਪਦਾ ਸਾਦਾ ਪਹਿਰਾਵਾ ਤੇ ਸ਼ਕਲਸੂਰਤ ਵੇਖ ਕੇ ਕੋਈ ਨਹੀਂ ਪਛਾਣ ਸਕਦਾ ਸੀ ਕਿ ਆਪ ਹੀ ਕਮਾਲ ਦੀਆਂ ਖੋਜ ਭਰੀਆਂ ਇਤਿਹਾਸਕ ਪੁਸਤਕਾਂ ਲਿਖਣ ਵਾਲੇ ਕਰਮ ਸਿੰਘ ਜੀ ਹਨ। ਆਪ ਵੇਖਣ ਵਿਚ ਇਕ ਪੇਂਡੂ ਜ਼ਿਮੀਂਦਾਰ ਨਜ਼ਰ ਪੈਂਦੇ ਸਨ। ਪਰ ਜਦ ਆਪ ਨਾਲ ਬਚਨ ਬਿਲਾਸ ਹੋਏ ਤਾਂ ਆਪਦੀ ਵਾਕਫ਼ੀ, ਸਮਝ, ਤਜਰਬਾ ਤੇ ਪੰਥਕ ਪ੍ਰੇਮ ਦੇ ਵਲਵਲੇ ਵੇਖ ਮੈਂ ਦੰਗ ਰਹਿ ਗਿਆਂ।"[17]

ਸ਼ਕਲੋਂ ਸਾਦੇ ਪਰ ਅਕਲੋਂ ਜ਼ਹੀਨ ਇਹ ਸੱਜਣ ਬੜੇ ਦ੍ਰਿੜ੍ਹ ਸੁਭਾ ਦੇ ਮਾਲਕ ਸਨ। ਜਿਸ ਕੰਮ ਨੂੰ ਹੱਥ ਪਾਉਂਦੇ, ਉਸ ਨੂੰ ਸਿਰੇ ਚੜ੍ਹਾ ਕੇ ਹੀ ਛੱਡਦੇ ਸਨ। ਖੇਤੀਬਾੜੀ ਵਿਚ ਉਹ ਹੱਥੀਂ ਹਲ ਚਲਾਂਦੇ, ਕੁਤਰਾ ਕਰਦੇ ਤੇ ਹੋਰ ਜੋ ਵੀ ਕੰਮ ਸਾਹਮਣੇ ਆਉਂਦਾ ਝੱਟ ਕਰ ਦਿੰਦੇ ਸਨ। ਉਨ੍ਹਾਂ ਨੂੰ ਨਾ ਸ਼ੁਹਰਤ ਦੀ ਇੱਛਾ ਸੀ, ਨਾ ਧਨ ਕਮਾਉਣ ਦੀ। ਉਹ ਸਿੱਖ ਇਤਿਹਾਸ ਨੂੰ ਖਾਲਸ ਇਤਿਹਾਸ ਤੇ ਪੰਥਕ ਭਲਾਈ ਦੀ ਲਗਨ ਨਾਲ ਪੜ੍ਹਦੇ ਤੇ ਵਾਚਦੇ ਸਨ। ਉਨ੍ਹਾਂ ਨੇ ਫੁਲਵਾੜੀ ਵਿਚ ਛਪੇ ਲੇਖਾਂ ਦਾ ਕੋਈ ਮਿਹਨਤਾਨਾ ਨਹੀਂ ਲਿਆ। ਸਗੋਂ ਖੇਤੀ ਦੇ, ਘਰ ਬਾਰ ਦੇ ਕਈ ਜ਼ਰੂਰੀ ਕੰਮ ਛੱਡ ਕੇ, ਸਿਹਤ ਦੀ ਪਰਵਾਹ ਨਾ ਕਰਦਿਆਂ ਹੋਇਆਂ ਇਤਿਹਾਸ ਨੰਬਰ ਦਾ ਸੰਪਾਦਨ ਕੀਤਾ।

ਉਨ੍ਹਾਂ ਦਿਨਾਂ ਵਿਚ ਉਹ ਪੰਥਕ ਜੱਥਿਆਂ ਵਲੋਂ ਕਾਫ਼ੀ ਨਿਰਾਸ ਸਨ। ਹੀਰਾ ਸਿੰਘ ਦਰਦ ਨਾਲ ਉਕਤ ਮਿਲਣੀਂ ਸਮੇਂ ਜਦੋਂ ਉਨ੍ਹਾਂ ਨੂੰ ਛੇਤੀ ਇਤਿਹਾਸ ਲਿਖਣ ਦਾ ਕੰਮ ਨਿਬੇੜਨ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਆਪਣੀ ਮਜਬੂਰੀ ਹੇਠ ਲਿਖੇ ਸ਼ਬਦਾਂ ਵਿਚ ਪ੍ਰਗਟ

---

[16]'ਫੁਲਵਾੜੀ, (ਮਾਸਕ) ਕਰਮ ਸਿੰਘ ਅੰਕ, ਪੰਨਾ 1057

[17]ਉਹੀ, ਪੰਨਾ 1071

Digitized by Panjab Digital Library | www.panjabdigilib.org

ਕੀਤੀ :

> "ਮੈਂ ਕੀ ਦਸਾਂ ਸਿੱਖ ਇਤਿਹਾਸ ਨੂੰ ਛੇਤੀ ਤੋਂ ਛੇਤੀ ਮੁਕੰਮਲ ਵੇਖਣ ਲਈ ਮੈਂ ਕਿਵੇਂ ਤੜਫ ਰਿਹਾ ਹਾਂ, ਪਰ, ਕਰਾਂ ਤਾਂ ਕੀ ਕਰਾਂ ? ਮੈਂ ਹੁਣ ਵੀ 18, 18 ਘੰਟੇ ਰੋਜ਼ਾਨਾ ਸਿੱਖ ਇਤਿਹਾਸ ਦੀ ਖੋਜ ਲਈ ਲਗਾਂਦਾ ਹਾਂ ਜੋ ਰੁਪਏ ਬਚਦੇ ਹਨ, ਪੁਸਤਕਾਂ ਖਰੀਦਣ ਤੇ ਮਸਾਲਾ ਇਕੱਠਾ ਕਰਨ ਉਤੇ ਖਰਚ ਕਰ ਦੇਂਦਾ ਹਾਂ ਪਰ ਮੇਰੇ ਸਿਰ ਤੇ ਹੋਰ ਵੀ ਕਈ ਜ਼ਿਮੇਵਾਰੀਆਂ ਹਨ।"[18]

ਜਦੋਂ ਦਰਦ ਜੀ ਨੇ ਇਹ ਸੁਝਾ ਦਿੱਤਾ ਕਿ ਉਹ ਕਿਸੇ ਪੰਥਕ ਜੱਥੇ ਦੀ ਸਹਾਇਤਾ ਲੈਣ ਦਾ ਜਤਨ ਕਰਨ ਤਾਂ ਉਨ੍ਹਾਂ ਨੇ ਕਿਹਾ :

> "ਕੋਈ ਅਜਿਹਾ ਪੰਥਕ ਜਥਾ ਹੋਵੇ ਵੀ, ਮੈਂ ਆਪਣੇ ਤਜਰਬੇ ਤੋਂ ਇਸ ਸਿੱਟੇ ਤੇ ਪੁੱਜਾ ਹਾਂ ਕਿ ਮੌਜੂਦਾ ਪੰਥਕ ਜੱਥਿਆਂ ਨੇ ਕੁਝ ਨਹੀਂ ਬਨਾਣਾ ਅਤੇ ਮੈਂ ਆਪਣੇ ਬਾਲ ਬੱਚਿਆਂ ਦੇ ਗੁਜ਼ਾਰੇ ਦਾ ਤਸੱਲੀ ਬਖਸ਼ ਪ੍ਰਬੰਧ ਕਰ ਕੇ ਜੋ ਮੈਥੋਂ ਹੋਵੇਗਾ ਮੈਂ ਇਕੱਲਾ ਹੀ ਕਰ ਵਿਖਾਵਾਂਗਾ। ਅੱਗੇ ਜੋ ਕਰਤਾਰ ਨੂੰ ਮਨਜ਼ੂਰ।"[19]

ਲਾਲਾ ਧਨੀ ਰਾਮ ਚਾਤ੍ਰਿਕ ਜੀ ਨੇ, ਜਿਨ੍ਹਾਂ ਨਾਲ ਸਰਦਾਰ ਜੀ ਦੀ ਵਾਕਫ਼ੀ ਸਰਗੋਧੇ 'ਸੰਨਿਆਸੀ ਆਸ਼ਰਮ' ਵੇਲੇ ਹੋਈ ਤੇ ਮਗਰੋਂ 'ਖਾਲਸਾ ਯੰਗਮੈਨ ਮੈਗਜ਼ੀਨ' ਵਿਚ ਛਪੇ ਲੇਖ ਪੜ੍ਹ ਕੇ ਪੱਕੀ ਹੋਈ, ਉਨ੍ਹਾਂ ਦੇ ਕੁਝ ਗੁਣਾਂ ਦਾ ਵਰਣਨ ਕਰਦਿਆਂ ਲਿਖਿਆ ਹੈ ਕਿ ਉਹ ਵਿਰੋਧੀ ਨਾਲ ਵੀ ਠੀਕ ਵਰਤਦੇ ਸਨ ਤੇ ਦਲੀਲ ਦੀ ਵਰਤੋਂ ਕਰਦੇ ਸਨ। ਉਨ੍ਹਾਂ ਦਾ ਸਮਾਜਿਕ ਜੀਵਨ ਮਿੱਠਾ ਤੇ ਉੱਚ ਸੀ। ਉਹ ਹਸਮੁਖ, ਸਾਫ਼ ਗੋ ਤੇ ਬੇ-ਤਅੱਸਬ ਸਨ। ਜਿਥੇ ਆਪ ਨੂੰ ਆਪਣੀ ਗ਼ਲਤੀ ਸੁਝ ਪਵੇ, ਉਸੇ ਪੈਰੀਂ ਪਰਤ ਪੈਂਦੇ ਸਨ।'[20]

ਜਿਥੇ ਕਿਸੇ ਵੱਡੇ ਲੇਖਕ, ਚਿੰਤਕ, ਖੋਜੀ, ਵਿਗਿਆਨੀ ਜਾਂ ਦਾਰਸ਼ਨਿਕ ਦੇ ਜੀਵਨ ਦੀ ਨਿੱਕੀ ਤੋਂ ਨਿੱਕੀ ਘਟਨਾ ਬਾਰੇ ਜਾਣਨਾ ਵੀ ਪਿੱਛੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਲਾਭ-ਦਾਇਕ ਅਤੇ ਪ੍ਰੇਰਨਾ ਮਈ ਹੋ ਸਕਦਾ ਹੈ, ਉਥੇ ਉਸ ਦੀਆਂ ਲਿਖਤਾਂ, ਭਾਸ਼ਣਾਂ, ਡਾਇਰੀਆਂ, ਜਾਂ ਨਿਜੀ ਗੱਲਬਾਤ ਰਾਹੀਂ ਪ੍ਰਗਟਾਏ ਵਿਚਾਰਾਂ ਦਾ ਵੀ ਕਾਫ਼ੀ ਮਹੱਤਵ ਹੁੰਦਾ ਹੈ। ਇਉਂ ਅਸੀਂ ਉਸ ਮਨੁੱਖ ਦੀ ਸਮਕਾਲੀ ਸਥਿਤੀ, ਉਸ ਦੇ ਸਿੱਟੇ ਵਜੋਂ ਬਣੀ ਉਸ ਦੀ ਮਾਨਸਿਕ ਬਣਤਰ ਦਾ ਅਨੁਮਾਨ ਸਹਿਜੇ ਹੀ ਲਾ ਸਕਦੇ ਹਾਂ।

ਸ. ਕਰਮ ਸਿੰਘ ਦੇ ਜੀਵਨ ਤੇ ਸ਼ਖਸੀਅਤ ਬਾਰੇ ਵਾਕਫ਼ੀ ਦਿੰਦਿਆਂ ਉਨ੍ਹਾਂ ਦੇ ਵਿਅਕਤਤ੍ਵ ਦੇ ਕੁਝ ਪ੍ਰਮੁੱਖ ਪੱਖ ਭਾਵੇਂ ਉਜਾਗਰ ਹੋ ਚੁੱਕੇ ਹਨ, ਫਿਰ ਵੀ ਉਨ੍ਹਾਂ ਦੀਆਂ ਲਿਖਤਾਂ ਵਿਚ ਆਏ ਕੁਝ ਫੁਟਕਲ ਵਿਚਾਰਾਂ ਤੋਂ ਜਾਣੂੰ ਹੋਣਾ ਉਚਿਤ ਜਾਪਦਾ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਸ. ਕਰਮ ਸਿੰਘ ਜੀ ਇਕ ਸੱਚੇ, ਸੁੱਚੇ, ਰਹਿਤ ਬਹਿਤ ਵਿਚ ਪੱਕੇ, ਨਿੱਤ ਨੇਮੀ ਸੱਜਣ ਪੁਰਸ਼ ਦੀ ਸੰਤਾਨ ਸਨ ਅਤੇ ਛੋਟੀ ਉਮਰ

---

[18]'ਫੁਲਵਾੜੀ, ਕਰਮ ਸਿੰਘ ਨੰਬਰ, ਪੰਨਾ 1059

[19]ਉਹੀ, ਪੰਨਾ 1058

[20]ਉਹੀ, ਪੰਨਾ 1090

Digitized by Panjab Digital Library | www.panjabdigilib.org

ਵਿਚ ਹੀ ਅੰਮ੍ਰਿਤ ਛਕ ਕੇ ਸਿੰਘ ਸਜ ਚੁੱਕੇ ਸਨ। ਬਚਪਨ ਦੇ ਇਹ ਸੰਸਕਾਰ ਉਨ੍ਹਾਂ ਦੀ ਸ਼ਖਸੀਅਤ ਦਾ ਅਟੁੱਟ ਅੰਗ ਬਣੇ ਰਹੇ ਤੇ ਉਹ ਇਕ ਸੱਚੇ ਸ਼ਰਧਾਲੂ ਸਿੱਖ ਬਣ ਗਏ। ਉਨ੍ਹਾਂ ਦਾ ਲੂੰ ਲੂੰ ਸਿੱਖੀ ਜਜ਼ਬੇ ਵਿਚ ਭਿੱਜਿਆ ਹੋਇਆ ਸੀ। ਉਨ੍ਹਾਂ ਅਨੁਸਾਰ ਸਿੱਖਾਂ ਵਾਲਾ ਭੇਸ ਧਾਰ ਲੈਣਾ ਹੀ ਸਿੱਖੀ ਨਹੀਂ ਹੈ ਸਗੋਂ ਸਿੱਖ ਉਹ ਹੁੰਦਾ ਹੈ ਜਿਸ ਵਿਚ ਸਿੱਖੀ ਦੀ ਸਪਿਰਿਟ ਹੋਵੇ। 'ਅਮਰ ਖਾਲਸਾ' ਪੁਸਤਕ ਦੀ ਭੂਮਿਕਾ ਵਿਚ ਉਨ੍ਹਾਂ ਨੇ ਲਿਖਿਆ ਹੈ :

> "ਸਿੱਖੀ ਦੀ ਸਪਿਰਿਟ ਨੂੰ ਬਹੁਤ ਥੋੜੇ ਆਦਮੀ ਸਮਝ ਸਕਦੇ ਹਨ। ਅਤੇ ਜੇ ਕਰ ਇਹ ਕਹਿਆ ਜਾਵੇ ਕਿ ਸਿੱਖੀ ਦੀ ਸਪਿਰਿਟ ਨੂੰ ਕੇਵਲ ਸਿੱਖ ਹੀ ਸਮਝ ਸਕਦੇ ਹਨ ਤਾਂ ਇਸ ਵਿਚ ਰਤਾ ਵੀ ਝੂਠ ਨਹੀਂ। ਸਿੱਖਾਂ ਵਾਲਾ ਰੂਪ ਧਾਰ ਲੈਣਾ ਸਿੱਖੀ ਨਹੀਂ ਸਿੱਖ ਉਹ ਹੈ ਜਿਸ ਵਿਚ ਸਿੱਖੀ ਦੀ ਸਪਿਰਿਟ ਹੋਵੇ। ਕੇਵਲ ਐਸਾ ਹੀ ਸਿੱਖ ਸਿੱਖੀ ਦੀ ਸਪਿਰਿਟ ਨੂੰ ਸਮਝ ਸਕਦਾ ਹੈ, ਅਨੁਭਵ ਕਰ ਸਕਦਾ ਹੈ।"[21]

ਸਿੱਖੀ ਬਾਰੇ ਇਹੋ ਜਿਹੇ ਵਿਚਾਰ ਰੱਖਣ ਕਰਕੇ ਹੀ ਉਹ ਉਸ ਸਮੇਂ ਅੰਗਰੇਜ਼ੀ ਰਾਜ ਦੇ ਅਸਰ ਹੇਠ ਚਲ ਰਹੀ ਪਤਿਤਪੁਣੇ ਦੀ ਲਹਿਰ ਤੋਂ ਬੇਹੱਦ ਨਿਰਾਸ਼ ਸਨ। ਇਹੀ ਗੱਲ ਬਹੁਤ ਹੱਦ ਤਕ ਉਨ੍ਹਾਂ ਨੂੰ ਇਤਿਹਾਸਕਾਰ ਬਣਾਉਣ ਲਈ ਜ਼ਿੰਮੇਵਾਰ ਹੈ। ਨੌਜੁਆਨ ਤੇ ਪੜ੍ਹੇ ਲਿਖੇ ਸਿੱਖਾਂ ਦੇ ਪਤਿਤ ਹੁੰਦੇ ਜਾਣ ਦਾ ਕਾਰਨ, ਉਨ੍ਹਾਂ ਦੇ ਵਿਚਾਰ ਅਨੁਸਾਰ, ਸਿੱਖ ਇਤਿਹਾਸ ਤੋਂ ਨਾਵਾਕਫ਼ੀ ਅਤੇ ਵੱਡੇ, ਵਡੇਰਿਆਂ ਦੇ ਕਾਰਨਾਮਿਆਂ ਬਾਰੇ ਅਗਿਆਨਤਾ ਹੀ ਹੈ। 'ਕੇਸ ਤੇ ਸਿੱਖੀ' 'ਵਿਚ ਉਨ੍ਹਾਂ ਨੇ ਲਿਖਿਆ ਹੈ :

> "ਪੜ੍ਹੇ ਲਿਖੇ ਸਿੱਖ ਕਿਉਂ ਪਤਿਤ ਹੁੰਦੇ ਜਾਂਦੇ ਹਨ, ਇਸ ਲਈ ਕਿ ਸਿੱਖੀ ਵਿਚ ਉਨ੍ਹਾਂ ਨੂੰ ਕੋਈ ਗੱਲ ਫ਼ਖ਼ਰ ਕਰਨ ਵਾਲੀ ਨਜ਼ਰ ਨਹੀਂ ਆਉਂਦੀ। ਉਨ੍ਹਾਂ ਨੂੰ ਆਪਣੇ ਵੱਡਿਆਂ ਦੇ ਕਾਰਨਾਮਿਆਂ ਦਾ ਪਤਾ ਨਹੀਂ। ਇਸ ਲਈ ਉਹ ਅਜਿਹਾਂ ਦੇ ਪਿਛਲਗ ਅਖਵਾਉਣਾ ਨਹੀ ਚਾਹੁੰਦੇ...ਸ੍ਰੀ ਦਸਮੇਸ਼ ਜੀ ਨੇ ਕੇਸਾਂ ਯਾ ਕਛਹਿਰੇ ਬਾਬਤ ਜੇ ਕੋਈ ਵੀ ਹੁਕਮ ਨਾ ਦਿੱਤਾ ਹੁੰਦਾ, ਮੈਂ ਫੇਰ ਵੀ ਇਨ੍ਹਾਂ ਨੂੰ ਰਖਦਾ ਕਿਉਂਕਿ ਮੈਂ ਜਾਣਦਾ ਹਾਂ ਕਿ ਕੇਸਾਂ ਤੇ ਕਛਹਿਰਿਆਂ ਵਾਲਿਆਂ ਨੇ ਆਹ ਆਹ ਕਾਰਨਾਮੇ ਕੀਤੇ ਹਨ।"[22]

ਸ. ਕਰਮ ਸਿੰਘ ਜੀ ਦਾ ਸਮਾਂ ਸਿੰਘ ਸਭਾਵਾਂ ਦੇ ਜਨਮ ਤੇ ਉੱਥਾਨ ਦਾ ਸਮਾਂ ਸੀ। ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਜੁੱਟੇ ਹੋਏ ਲੋਕ ਕਈ ਵਾਰ ਲੋਕ-ਸੇਵਾ ਦੇ ਕੰਮਾਂ ਨੂੰ ਵੀ ਨਿਜੀ ਗੁੱਸਿਆਂ, ਗਿਲਿਆਂ ਨਾਲ ਜੋੜ ਕੇ ਵੇਖਦੇ ਸਨ। ਜੇ ਕਿਸੇ ਨਾਲ ਨਿਜੀ ਰਾਇ ਨਾ ਮਿਲੀ ਤਾਂ ਉਸ ਦੇ ਕੀਤੇ ਸਾਰੇ ਚੰਗੇ ਕੰਮ, ਮਾੜੇ ਹੋ ਜਾਂਦੇ ਸਨ ਜਾਂ ਆਪਣੇ ਮਿੱਤਰਾਂ ਦੇ ਸਾਰੇ ਮਾੜੇ ਕੰਮ ਵੀ ਚੰਗੇ ਜਾਪਦੇ ਸਨ। ਇਸ ਸੰਬੰਧੀ ਲੇਖਕ ਨੇ ਇਹ ਵਿਚਾਰ ਪ੍ਰਗਟਾਇਆ ਹੈ ਕਿ ਕੌਮੀ ਕੰਮਾਂ ਵਿਚ ਜ਼ਾਤੀ ਵੈਰਾਂ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ। ਉਨ੍ਹਾਂ ਦੇ ਹੀ ਸ਼ਬਦਾਂ ਵਿਚ :

> "ਜੋ ਪੁਰਸ਼ ਜਥੇਬੰਦੀ ਦੇ ਅਸੂਲ ਤੋਂ ਅਗਯਾਤ ਹਨ, ਉਹ ਆਪਣੇ ਜ਼ਾਤੀ

---

[21] ਪੰਨਾ 3

[22] ਉਹੀ, ਪੰਨਾ 24

Digitized by Panjab Digital Library | www.panjabdigilib.org

ਕੰਮਾਂ ਨੂੰ ਕੌਮੀ ਕੰਮਾਂ ਨਾਲ ਜੋੜ ਦਿਆ ਕਰਦੇ ਹਨ। ਕਿਸੇ ਵਿਹਾਰੀ ਜਾਂ ਘਰੋਕੇ ਮਾਮਲੇ ਤੋਂ ਤਾਂ ਆਪੋ ਵਿਚ ਅਜੋੜ ਹੈ, ਪਰ ਉਹ ਫਿਰ ਕੌਮੀ ਕੰਮਾਂ ਵਿਚ ਵੀ ਇਕ ਦੂਜੇ ਦੇ ਉਲਟ ਹੀ ਰੈਂਹਦੇ ਹਨ। ਜਾਤੀ ਬਦਲੇ ਦੀ ਅਗ ਉਨ੍ਹਾਂ ਨੂੰ ਅੰਨ੍ਹੇ ਕਰ ਦੇਂਦੀ ਹੈ। ਉਹ ਇਹ ਨਹੀਂ ਸਮਝਦੇ ਕਿ ਕੌਮੀ ਕੰਮਾਂ ਵਿਚ ਜ਼ਾਤੀ ਵੈਰਾਂ ਨੂੰ ਦਖਲ ਦੇਣਾ ਕੌਮ ਦਾ ਘਾਤ ਕਰਨਾ ਹੈ।"[23]

ਸਿੱਖੀ, ਸਿੱਖ ਇਤਿਹਾਸਕਾਰੀ ਤੇ ਸਿੱਖ ਜੱਥੇਬੰਦੀਆਂ ਤੋਂ ਇਲਾਵਾ, ਇਸਤ੍ਰੀਆਂ ਪ੍ਰਤੀ ਵੀ ਉਨ੍ਹਾਂ ਦੇ ਵਿਚਾਰ ਆਮ ਤੌਰ ਤੇ ਅਗਾਂਹਵਧੂ ਆਖੇ ਜਾ ਸਕਦੇ ਹਨ। 'ਆਮ ਤੌਰ ਤੇ' ਇਸ ਲਈ ਕਿ ਉਹ ਜੇ ਕਿਤੇ ਬਾਲ ਵਿਆਹ[24] ਦੀ ਵਿਰੋਧਤਾ ਕਰਦੇ ਹਨ ਤਾਂ ਦੂਜੇ ਹੀ ਸਾਹ ਪਤੀ ਪਤਨੀ, ਦੇ ਪਹਿਲੇ ਮੇਲ ਸਮੇਂ ਪਤਨੀ ਨੂੰ ਪਤੀ ਦੇ ਪੈਰੀਂ ਹੱਥ ਲਾਂਦਿਆਂ ਵੇਖ ਕੇ ਖੁਸ਼ ਹੁੰਦੇ ਹਨ,[25] ਨਾਲ ਹੀ ਜੀਵਨ ਬੀਬੀ ਹਰਨਾਮ ਕੌਰ ਵਿਚ ਪਤੀ ਦਾ ਪਤਨੀ ਲਈ ਰੋਟੀ ਤਿਆਰ ਕਰਨਾ ਮਾਣ ਵਾਲੀ ਗੱਲ ਸਮਝਦੇ ਹਨ।[26]

ਫਿਰ ਵੀ ਸਮੁੱਚੇ ਤੌਰ ਤੇ ਉਨ੍ਹਾਂ ਦੇ ਵਿਚਾਰਾਂ ਨੂੰ ਅਗਾਂਹਵਧੂ ਹੀ ਆਖਾਂਗੇ ਕਿਉਂਕਿ ਉਹ ਇਸਤ੍ਰੀਆਂ ਦੀ ਉੱਨਤੀ ਨੂੰ ਦੇਸ਼ ਦੀ ਉੱਨਤੀ ਦਾ ਚਿੰਨ੍ਹ ਸਮਝਦੇ ਸਨ। ਉਨ੍ਹਾਂ ਦਾ ਖਿਆਲ ਸੀ ਕਿ, "ਦੇਸ਼ਾਂ ਦੀ ਅਧੋਗਤੀ ਤੇ ਉਨਤੀ ਇਸਤਰੀਆਂ ਦੇ ਸਿਰ ਹੁੰਦੀ ਹੈ। ਜਿਸ ਦੇਸ਼ ਵਿਚ ਇਸਤ੍ਰੀਆਂ ਦੀ ਪਤ ਨਹੀਂ ਹੁੰਦੀ ਉਹ ਦੇਸ਼ ਗਿਰ ਜਾਂਦਾ ਹੈ। ਸਾਡੇ ਦੇਸ ਦੇ ਉਨਯਤ ਕਰਨੇ ਲਈ ਏ ਅਤ ਜ਼ਰੂਰੀ ਹੈ ਕਿ ਇਸਤ੍ਰੀਆਂ ਨੂੰ ਉਚਾ ਕੀਤਾ ਜਾਵੇ, ਵਿਦਿਆ ਬਖਸ਼ੀ ਜਾਵੇ ਤੇ ਸਤਕਾਰ ਵਧਾਯਾ ਜਾਵੇ। ਇਸਤ੍ਰੀ ਘਰ ਦੀ, ਸੱਥ ਦੀ ਤੇ ਦੇਸ਼ ਦੀ ਦੇਵੀ ਹੈ ਜਿਸ ਦੇ ਪ੍ਰਕਾਸ਼ ਨਾਲ ਉਜਾਲਾ ਤੇ ਜਿਸਦੀ ਉਦਾਸੀ ਨਾਲ ਹਨੇਰਾ ਛਾ ਜਾਂਦਾ ਹੈ।"[27]

---

[23] 'ਜੀਵਨ ਸ੍ਰੀਮਤੀ ਹਰਨਾਮ ਕੌਰ', ਪੰਨਾ 43

[24] "ਸ਼ਾਦੀ ਸੰਬੰਧੀ ਧਰਮਾਂ ਨੂੰ ਸਮਝਣ ਵਾਸਤੇ ਵਿਦਯਾ, ਅਕਲ ਤੇ ਤਜਰਬੇ ਦੀ ਲੋੜ ਹੈ ਜੋ ਛੋਟੀ ਉਮਰ ਵਿਚ ਹਾਸਲ ਨਹੀਂ ਹੋ ਸਕਦੇ। ਇਹੋ ਕਾਰਨ ਹੈ ਕਿ ਆਪੋ ਆਪਣੇ ਧਰਮਾਂ ਨੂੰ ਨਾ ਸਮਝਣ ਕਰਕੇ ਦੰਪਤੀ ਵਿਚ ਪਰੀਤੀ ਦੀ ਥਾਂ ਨਫ਼ਰਤ ਅਤੇ ਪਰਸਪਰ ਪਰੇਮ ਦੀ ਥਾਂ ਘ੍ਰਿਣਾ ਪੈਦਾ ਹੋ ਜਾਂਦੀ ਹੈ। ਅਤੇ ਆਪੋ ਵਿਚ ਸਦਾ ਅਜੋੜ ਰਹਿੰਦੀ ਹੈ।"
ਵੇਖੋ : 'ਜੀਵਨ ਬੀਬੀ ਸਦਾ ਕੌਰ'. ਪੰਨਾ 8

[25] "ਇਸ ਨਿਮਰਤਾ ਤੇ ਪਰੇਮ ਨੇ ਲਖਮੀ ਸਿੰਘ ਜੀ ਉਤੇ ਐਸਾ ਜਾਦੂ ਦਾ ਅਸਰ ਕੀਤਾ ਕਿ ਸਦਾ ਕੌਰ ਦਾ ਪਿਆਰ ਆਪ ਦੇ ਦਿਲ ਵਿਚ ਸਦਾ ਲਈ ਝੰਡੇ ਲਾ ਬੈਠਾ। ਅੱਲੜ ਲੜਕੀਆਂ ਐਸੇ ਸਮੇਂ ਜੋ ਹੁਜਤਾਂ ਕਰ-ਦੀਆਂ, ਗਸਤਾਖੀ ਤੇ ਬੇ ਅਦਬੀ ਦੇ ਬੋਲ ਬੋਲਦੀਆਂ ਅਤੇ ਘੁੰਡ ਤਕ ਨਹੀਂ ਖੋਲ੍ਹਦੀਆਂ। ਸਦਾ ਕੌਰ ਦਾ ਚਰਨਾਂ ਵਿਚ ਡਿੱਗ ਪੈਣਾ ਐਸਾ ਅਸਰ ਕਰ ਗਿਆ ਜੋ ਹਜ਼ਾਰਾਂ ਜਾਦੂਆਂ ਤੋਂ ਵੀ ਨਹੀਂ ਪੈਣਾ ਸੀ।
(ਵੇਖੋ : ਜੀਵਨ ਬੀਬੀ ਸਦਾ ਕੌਰ ਪੰਨਾ 13)

[26] "ਸਵੇਰੇ ਛੇ ਬਜੇ ਦੋਹਾਂ ਸਕੂਲ ਜਾਣਾ ਤੇ ਬਾਰਾਂ ਬਜੇ ਤਕ ਉਥੇ ਪੜ੍ਹਾਉਣਾ। ਛੁੱਟੀ ਹੋਣ ਪੁਰ ਬੀਬੀ ਜੀ ਤਾਂ ਸਕੂਲੋਂ ਸਿਧੇ ਇਕ ਸਭਾ ਦੇ ਮੈਂਬਰ ਦੇ ਘਰ ਉਸਦੀ ਪੁਤ੍ਰੀ ਨੂੰ ਪੜ੍ਹਾਉਣ ਚਲੇ ਜਾਂਦੇ ਤੇ ਦੋ ਘੰਟੇ ਪੜ੍ਹਾ ਕੇ ਢਾਈ ਕੁ ਬਜੇ ਘਰ ਆਉਂਦੇ। ਇਨੇ ਚਿਰ ਵਿਚ ਭਾਈ ਜੀ ਸਕੂਲੋਂ ਸਿੱਧੇ ਘਰ ਆ ਕੇ ਦੋਹਾਂ ਲਈ ਪਰ-ਸ਼ਾਦਿ ਤਿਆਰ ਕਰਦੇ। ਇਸ ਲਈ ਰੋਟੀ ਕਿਤੇ ਤਿੰਨ ਕੁ ਵਜੇ ਮਿਲਿਆ ਕਰਦੀ"।
(ਵੇਖੋ : ਜੀਵਨ ਬੀਬੀ ਹਰਨਾਮ ਕੌਰ ਪੰਨਾ 45)

[27] 'ਜੀਵਨ ਬੀਬੀ ਸਦਾ ਕੌਰ', ਪੰਨਾ 5

Digitized by Panjab Digital Library | www.panjabdigilib.org

ਇਸੇ ਤਰ੍ਹਾਂ ਦੇ ਵਿਚਾਰ ਇਕ ਹੋਰ ਥਾਂ ਵੀ ਪ੍ਰਗਟਾਏ ਹਨ :

"ਇਤਿਹਾਸ ਦਸਦਾ ਹੈ ਕਿ ਜੋ ਦੇਸ਼ ਜਿੰਨਾ ਜਾਂਗਲੀ ਹੁੰਦਾ ਹੈ ਉਥੋਂ ਦੀਆਂ ਤ੍ਰੀਮਤਾਂ ਨੂੰ ਉਤਨੇ ਹੀ ਵਧੇਰੇ ਤੇ ਮਿਹਨਤ ਮੁਸ਼ੱਕਤ ਵਾਲੇ ਕੰਮ ਕਰਨੇ ਪੈਂਦੇ ਹਨ। ਅਤੇ ਜਿਉਂ ਜਿਉਂ ਦੇਸ਼ ਉਨਤ ਹੁੰਦਾ ਜਾਂਦਾ ਹੈ, ਤਿਉਂ ਤਿਉਂ ਹੀ ਤ੍ਰੀਮਤਾਂ ਦੇ ਮਿਹਨਤ ਮੁਸ਼ੱਕਤ ਦੇ ਕੰਮ ਘਟਦੇ ਜਾਂਦੇ ਹਨ ਏਸੇ ਤਰ੍ਹਾਂ ਜੇ ਕਰ ਕਿਸੇ ਕੌਮ ਯਾ ਘਰਾਣੇ ਦੀ ਸਭਯਤਾ ਦਾ ਪਤਾ ਕਰਨਾ ਹੋਵੇ ਤਾਂ ਵੇਖ ਲਵੋ ਕਿ ਉਨ੍ਹਾਂ ਦੇ ਇਤਿਹਾਸ ਦਾ ਕੀ ਹਾਲ ਹੈ। ਜੈਸਾ ਇਤਿਹਾਸ ਹੋਵੇਗਾ, ਸੱਭਯਤਾ ਵੀ ਵੈਸੀ ਹੋ ਹੋਵੇਗੀ। ਇਤਿਹਾਸ ਸਭਯਤਾ ਦਾ ਚਿੰਨ੍ਹ ਹੈ।"[28]

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸ. ਕਰਮ ਸਿੰਘ ਆਰੰਭ ਤੋਂ ਹੀ ਇਤਿਹਾਸਿਕ ਖੋਜ ਦੀ ਲਗਨ ਰੱਖਣ ਵਾਲੇ ਵਿਦਵਾਨ ਸੱਜਣ, ਨਿਰਪੱਖ, ਨਿਰਭੈ ਪਰ ਮਨੁੱਖੀ ਹਮਦਰਦੀ ਨਾਲ ਭਰਪੂਰ ਇਨਸਾਨ ਸਨ। ਉਹ ਕਿਸੇ ਕਿਸਮ ਦੀ ਔਕੜ ਤੋਂ ਘਬਰਾਉਂਦੇ ਨਹੀਂ ਸਨ ਤੇ ਨਾ ਹੀ ਕਿਸੇ ਲਾਲਚ ਵਿਚ ਆਉਂਦੇ ਸਨ। ਉਨ੍ਹਾਂ ਦੀ ਇਹ ਦਿਲੀ ਇੱਛਾ ਸੀ ਕਿ ਕੌਮ ਦੇ ਸ਼ਾਨਦਾਰ ਵਿਰਸੇ ਨੂੰ ਇਤਿਹਾਸਿਕ ਖੋਜ ਰਾਹੀਂ ਸੰਸਾਰ ਦੇ ਸਾਹਮਣੇ, ਸਪਸ਼ਟ ਸੰਵਰੇ ਤੇ ਸਿਲਸਿਲੇਵਾਰ ਰੂਪ ਵਿਚ ਪੇਸ਼ ਕੀਤਾ ਜਾਵੇ।

---

[28]'ਇਤਿਹਾਸਕ ਖੋਜ', ਪੰਨਾ 5

Digitized by Panjab Digital Library | www.panjabdigilib.org

ਅਧਿਆਇ ਦੂਜਾ

ਸਿੱਖ ਇਤਿਹਾਸ ਨਾਲ ਸੰਬੰਧਿਤ ਰਚਨਾਵਾਂ.

ਸ. ਕਰਮ ਸਿੰਘ ਹਿਸਟੋਰੀਅਨ ਦੀਆਂ ਰਚਨਾਵਾਂ ਨੂੰ ਅਧਿਐਨ ਦੀ ਸੌਖ ਲਈ ਹੇਠ ਲਿਖੇ ਤਿੰਨ ਵਰਗਾਂ ਵਿਚ ਵੰਡਿਆ ਗਿਆ ਹੈ।

1. ਸਿੱਖ ਇਤਿਹਾਸ ਨਾਲ ਸੰਬੰਧਿਤ ਰਚਨਾਵਾਂ
2. ਜੀਵਨੀ ਪ੍ਰਧਾਨ ਰਚਨਾਵਾਂ
3. ਨਿਬੰਧਾਤਮਕ ਰਚਨਾਵਾਂ

ਇਸ ਕਾਂਡ ਵਿਚ ਪਹਿਲੇ ਵਰਗ ਦੀਆਂ ਰਚਨਾਵਾਂ ਬਾਰੇ ਵਿਚਾਰ ਕਰਾਂਗੇ। ਪਰ ਇਹ ਵਿਚਾਰ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਜਾਪਦਾ ਹੈ ਕਿ ਉਨ੍ਹਾਂ ਦੇ ਇਤਿਹਾਸਕਾਰੀ ਵਲ ਝੁਕਾ ਦੇ ਕਾਰਨਾਂ, ਇਨ੍ਹਾਂ ਦਾ ਵਿਸ਼ਲੇਸ਼ਣ ਤੇ ਸਰਦਾਰ ਜੀ ਦੇ ਦਿੱਤੇ ਸੁਝਾਵਾਂ ਬਾਰੇ ਸੰਖੇਪ ਜਹੀ ਜਾਣਕਾਰੀ ਪ੍ਰਾਪਤ ਕਰ ਲਈ ਜਾਵੇ।

ਸ. ਕਰਮ ਸਿੰਘ ਇਹ ਸਮਝਦੇ ਸਨ ਕਿ ਇਤਿਹਾਸ ਹੀ ਉਹ ਚਾਨਣ ਹੈ ਜਿਸ ਨਾਲ ਕਿਸੇ ਕੌਮ ਦਾ ਅੱਗਾ ਪਿੱਛਾ ਵੇਖਿਆ ਜਾ ਸਕਦਾ ਹੈ। ਕੇਵਲ ਉਹੀ ਕੌਮ ਜੀਉਂਦੀ ਰਹਿ ਸਕਦੀ ਹੈ ਜਿਸ ਦਾ ਇਤਿਹਾਸ ਤੇ ਪਿੱਛਾ ਸ਼ਾਨਦਾਰ ਹੋਵੇ। ਇਤਿਹਾਸ ਦੀ ਅਣਹੋਂਦ ਕਰਕੇ ਹੀ ਕੌਮਾਂ ਮਰ ਜਾਂਦੀਆਂ ਹਨ।[1]

ਕੌਮੀ ਜੀਵਨ ਲਈ ਇਤਿਹਾਸ ਦੇ ਇਸ ਮਹੱਤਵ ਨੂੰ ਸਮਝਣ ਮਗਰੋਂ ਉਨ੍ਹਾਂ ਨੂੰ ਨਾ ਕੇਵਲ ਸਿੱਖ ਸਗੋਂ ਹੋਰ ਕੌਮਾਂ ਦੇ ਇਤਿਹਾਸਾਂ ਦੇ ਵੱਖ ਵੱਖ ਸਮਿਆਂ, ਵਿਅਕਤੀਆਂ ਤੇ ਘਟਨਾਵਾਂ ਬਾਰੇ ਬਹੁਤ ਕੁਝ ਪੜ੍ਹਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਜੇ ਯਹੂਦੀ, ਈਸਾਈ ਅਤੇ ਮੁਸਲਮਾਨ ਵਰਗੀਆਂ ਕੌਮਾਂ, ਜਿਹੜੀਆਂ ਬਹੁਤ ਪੁਰਾਤਨ ਸਮਿਆਂ ਤੋਂ ਇਤਿਹਾਸਿਕ ਖੋਜ ਦੇ ਮਹੱਤਵ ਨੂੰ ਸਮਝਦੀਆਂ ਹਨ ਤੇ ਜਿਨ੍ਹਾਂ ਵਿਚ ਇਤਿਹਾਸ ਲਿਖਣ ਦਾ ਰਿਵਾਜ ਹੈ, ਦੇ ਇਤਿਹਾਸਿਕ ਹਾਲਾਂ ਵਿਚ ਮਿਲਾਵਟ ਹੋ ਸਕਦੀ ਹੈ ਤਾਂ ਸਿੱਖ ਕੌਮ ਦਾ ਕੀ ਹਾਲ ਹੋਵੇਗਾ ਜਿਸ ਨੇ ਅਜੇ (ਭਾਵ ਉਦੋਂ ਤਕ) ਇਸ ਦੇ ਮਹੱਤਵ ਨੂੰ ਸਮਝ ਕੇ ਇਸ ਪਾਸੇ ਕੁਝ ਕਰਨ ਦਾ ਉਪਰਾਲਾ ਕਰਨਾ ਹੈ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ :

> "ਜਿਹੜੀਆਂ ਕੌਮਾਂ ਮੁੱਢ ਤੋਂ ਹੀ ਆਪਣੇ ਸਮਾਚਾਰ ਆਪ ਲਿਖਦੀਆਂ ਆਈਆਂ ਹਨ, ਜਦ ਉਨ੍ਹਾਂ ਦੀਆਂ ਤਾਰੀਖਾਂ ਅਤੇ ਪੁਸਤਕਾਂ ਦਾ ਇਹ ਹਾਲ ਹੈ ਤਾਂ ਆਪ ਸੋਚੋ ਕਿ ਸਾਡਾ ਕੀ ਹਾਲ ਹੋਵੇਗਾ ਜਿਨ੍ਹਾਂ ਨੂੰ ਇਤਿਹਾਸ ਦੀ ਕਦਰ ਹੀ ਨਹੀਂ ਹੈ।"[2]

---

[1] 'ਅਮਰਖਾਲਸਾ' ਪੰਨਾ 5

[2] 'ਕੱਤਕ ਕਿ ਵਿਸਾਖ', ਪੰਨਾ 18

Digitized by Panjab Digital Library | www.panjabdigilib.org

ਇਸ ਤਰਸਯੋਗ ਸਥਿਤੀ ਤੋਂ ਇਲਾਵਾ ਸਾਡੀਆਂ ਇਤਿਹਾਸਿਕ ਲਿਖਤਾਂ ਦਾ ਪੱਧਰ ਵੀ ਉਨ੍ਹਾਂ ਤੋਂ ਲੁਕਿਆ ਹੋਇਆ ਨਹੀਂ ਸੀ। 'ਕੱਤਕ ਕਿ ਵਿਸਾਖ' ਪੁਸਤਕ ਵਿਚ ਉਨ੍ਹਾਂ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਖੰਡਨ ਕੀਤਾ ਹੈ, ਪਰ ਆਮ ਸਿੱਖਾਂ ਅਤੇ ਸਿੱਖ-ਇਤਿਹਾਸਾਂ ਵਿਚ ਇਸ ਦੀ ਬੜੀ ਮਾਨਤਾ ਹੈ। ਜੇ ਇਹੀ ਸਾਡਾ ਇਤਿਹਾਸ ਹੈ ਤਾਂ ਅਸੀਂ ਇਸ ਤੋਂ ਬਿਨਾਂ ਹੀ ਚੰਗੇ, ਕਿਉਂਕਿ ਕਰਮ ਸਿੰਘ ਅਨੁਸਾਰ ਇਸ ਨੂੰ "ਅਸੀਂ ਨਾ ਮੰਨ ਸਕਦੇ ਹਾਂ, ਨਾ ਛੱਡ ਸਕਦੇ ਹਾਂ, ਇਹੋ ਹਾਲ ਸਾਡੇ ਦੂਜੇ ਇਤਿਹਾਸ ਦਾ ਹੋਊ। ਜੇ ਅਸੀਂ ਆਪਣਾ ਇਤਿਹਾਸ ਨਾ ਬਣਾਇਆ ਤਾਂ ਸਾਡਾ ਇਤਿਹਾਸ ਦੂਜੇ ਖੋਜੀ ਬਣਾਉਣਗੇ, ਪਰ ਆਪਣੇ ਬਣਾਏ ਤੇ ਦੂਜੇ ਦੇ ਬਣਾਏ ਵਿਚ ਜੋ ਫ਼ਰਕ ਹੁੰਦਾ ਹੈ, ਉਸ ਦੇ ਦਸਣ ਦੀ ਲੋੜ ਨਹੀਂ ਹੈ।"[3]

ਭਾਈ ਬਾਲੇ ਵਾਲੀ ਸਾਖੀ ਤਾਂ ਕੇਵਲ ਇਕ ਮਿਸਾਲ ਹੈ। ਕਰਮ ਸਿੰਘ ਤੋਂ ਪਹਿਲਾਂ ਇਸ ਪਾਸੇ ਜਿੰਨੇ ਵੀ ਯਤਨ ਹੋਏ ਸਭ ਵਿਚ ਇਹ ਜਾਂ ਇਹੋ ਜਿਹੀਆਂ ਘਾਟਾਂ ਤੇ ਤਰੁਟੀਆਂ ਹਨ। ਇਕ ਬੜੀ ਪ੍ਰਸਿੱਧ ਗੁਰ ਪ੍ਰਣਾਲੀ ਅਨੁਸਾਰ ਗੁਰੂ ਅਮਰਦਾਸ ਜੀ ਦਾ ਵਿਆਹ 11 ਮਾਘ, ਸੰਮਤ 1589 ਨੂੰ ਹੋਇਆ ਤੇ ਐਤਵਾਰ 5 ਜੇਠ ਸੰਮਤ 1590 ਨੂੰ ਬੀਬੀ ਭਾਨੀ ਦਾ ਜਨਮ ਹੋਇਆ ਅਰਥਾਤ ਵਿਆਹ ਤੋਂ ਪੌਣੇ ਚਾਰ ਮਹੀਨੇ ਮਗਰੋਂ।[4]

ਸਾਡਾ ਕੋਈ ਇਤਿਹਾਸਕਾਰ ਇਹ ਗੱਲ ਸਪਸ਼ਟ ਰੂਪ ਵਿਚ ਨਹੀਂ ਦੱਸ ਸਕਿਆ ਕਿ ਅਸੀਂ ਕਿਸ ਤਰ੍ਹਾਂ ਸਫ਼ਲਤਾ ਦੀ ਟੀਸੀ ਤੇ ਪੁੱਜ ਕੇ ਹੇਠਾਂ ਡਿੱਗ ਪਏ। ਸਰਦਾਰ ਜੀ ਦੇ ਦਿੱਤੇ ਹਵਾਲੇ ਅਨੁਸਾਰ :

> "ਨਿੱਗਰ ਗੱਲਾਂ ਦੱਸ ਕੇ ਸਾਨੂੰ ਕਿਸੇ ਨੇ ਨਹੀਂ ਦੱਸਿਆ ਕਿ ਅਸੀਂ ਕੀਕੂੰ ਵਧੇ ਸਾਂ ਅਤੇ ਫੇਰ ਕੀਕੂੰ ਡਿੱਗੇ। ਨਾ ਸਾਨੂੰ ਆਪਣੇ ਵਧਣ ਦਾ ਕਾਰਨ ਪਤਾ ਹੈ ਤੇ ਨਾ ਸਾਨੂੰ ਆਪਣੇ ਡਿੱਗਣ ਦੇ ਕਾਰਨਾਂ ਦਾ ਪਤਾ ਹੈ। ਏਕਾ ਏਕ ਹੀ ਸਾਡੇ ਵਿਚ ਇਤਨੀ ਤਾਕਤ ਆ ਗਈ ਕਿ ਅਸੀਂ ਦਿਨਾਂ ਵਿਚ ਹੀ ਪਾਣੀਪਤ ਦੇ ਬਿਜੈਈ ਦੇ ਹੱਥ ਪੈਰ ਫੁਲਾ ਦਿੱਤੇ ਅਤੇ ਏਕਾ ਏਕ ਹੀ ਅਸੀਂ ਐਤਨੇ ਮਰੋੜੇ ਹੋ ਗਏ ਕਿ ਕਾਬਲ ਵਲੋਂ ਜਹਾਨ ਸ਼ਾਹ ਤੇ ਹਾਂਸੀ ਵਲੋਂ ਜਹਾਜ਼ ਸਾਹਿਬ ਆਉਂਦਾ ਹੈ ਤੇ ਕੋਈ ਸਿੱਖ ਇਨ੍ਹਾਂ ਦਾ ਮੂੰਹ ਨਹੀਂ ਮੋੜ ਸਕਦਾ। ਇਹ ਸਭ ਕੁਝ ਕਿਉਂ ਹੋਇਆ ? ਇਸ ਬਾਬਤ ਸਾਡੇ ਕਿਸੇ ਇਤਿਹਾਸਕਾਰ ਨੇ ਕੁਝ ਚਾਨਣਾ ਨਹੀਂ ਪਾਇਆ। ਕੀ ਸਾਨੂੰ ਅਜਿਹੇ ਹੀ ਇਤਿਹਾਸ ਉਤੇ ਮਾਣ ਹੈ।"[5]

ਸਾਡੀਆਂ ਇਤਿਹਾਸਿਕ ਲਿਖਤਾਂ ਦੀ ਤਰਸਯੋਗ ਹਾਲਤ ਤੋਂ ਛੁੱਟ ਇਕ ਹੋਰ ਗੱਲ ਜਿਸ ਨੇ ਸਰਦਾਰ ਜੀ ਨੂੰ ਇਸ ਪਾਸੇ ਲੱਕ ਬੰਨ੍ਹ ਕੇ ਕੰਮ ਕਰਨ ਲਈ ਪ੍ਰੇਰਿਆ, ਉਹ ਹੈ ਦੂਜੇ ਇਤਿਹਾਸਕਾਰਾਂ ਦਾ ਸਿੱਖਾਂ ਪ੍ਰਤੀ ਰਵੱਈਆ। ਕਰਮ ਸਿੰਘ ਦਾ ਇਹ ਅਟਲ ਨਿਸ਼ਚਾ ਸੀ ਕਿ ਕਿਸੇ ਕੌਮ ਦਾ ਇਤਿਹਾਸ ਉਸ ਕੌਮ ਦੇ ਬੰਦੇ ਹੀ ਵਧੇਰੇ ਚੰਗੀ ਤਰ੍ਹਾਂ ਲਿਖ ਸਕਦੇ ਹਨ।

---

[3] 'ਇਤਿਹਾਸਿਕ ਖੋਜ', ਪੰਨਾ 30-31

[4] 'ਗੁਰਪੁਰਬ ਨਿਰਣੈ', ਪੰਨਾ 11

[5] 'ਇਤਿਹਾਸਕ ਖੋਜ', ਪੰਨਾ 29

Digitized by Panjab Digital Library | www.panjabdigilib.org

ਉਨ੍ਹਾਂ ਨੇ ਆਪ ਜਾਂ ਉਨ੍ਹਾਂ ਦੇ ਵੱਡੇ ਵਡੇਰਿਆਂ ਨੇ ਇਨ੍ਹਾਂ ਘਟਨਾਵਾਂ ਵਿਚ ਆਪ ਹਿੱਸਾ ਪਾਇਆ ਹੁੰਦਾ ਹੈ। ਦੂਜੇ ਖੋਜੀ ਸਾਡੇ ਇਤਿਹਾਸ ਬਾਰੇ ਕਿਸੇ ਤੱਥ ਨੂੰ ਪ੍ਰਾਪਤ ਕਰਨ ਜਾਂ ਸਹੀ ਰੂਪ ਵਿਚ ਪੇਸ਼ ਕਰਨ ਲਈ ਓਨੀ ਮਿਹਨਤ ਨਹੀਂ ਕਰ ਸਕਦੇ ਜਿੰਨੀ ਕਿ ਅਸੀਂ ਆਪ ਕਰ ਸਕਦੇ ਹਾਂ। ਇਸ ਗੱਲ ਨੂੰ ਮਰਹੱਟਿਆਂ ਤੇ ਅਹਿਮਦਸ਼ਾਹ ਅਬਦਾਲੀ ਦੀ ਮਿਸਾਲ ਲੈ ਕੇ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਦੂਜੇ ਇਤਿਹਾਸਕਾਰ ਹੈਰਾਨ ਹਨ ਕਿ ਜਿਸ ਅਹਿਮਦਸ਼ਾਹ ਨੇ ਮਰਹੱਟਿਆਂ ਨੂੰ ਮਿੱਟੀ ਵਿਚ ਮਿਲਾ ਦਿੱਤਾ-ਉਹ ਮਰਹੱਟੇ ਜਿਨ੍ਹਾਂ ਕੋਲ ਅਥਾਹ ਜੰਗੀ ਸਮਾਨ ਤੇ ਕਿਲੇ ਸਨ—ਤਾਂ ਉਸ ਦੇ ਸਾਹਮਣੇ ਬੇਸਾਮਾਨ, ਨੰਗੇ ਧੜ ਲੜਨ ਵਾਲੇ ਸਿੱਖ ਕਿਵੇਂ ਅਟਕ ਸਕਦੇ ਸਨ। ਪਰ ਕਰਮ ਸਿੰਘ ਅਨੁਸਾਰ :

> "ਇਤਿਹਾਸ ਸਿੱਧ ਕਰਦਾ ਹੈ ਕਿ ਜਿਸ ਅਹਿਮਦਸ਼ਾਹ ਦਾ ਸੇਕ ਅਟਕੋਂ ਪੂਨੇ ਤੀਕ ਜਾਂਦਾ ਹੈ, ਉਹੋ ਅਹਿਮਦਸ਼ਾਹ ਪੰਜਾਬ ਵਿਚ ਆ ਕੇ ਸਿੱਖਾਂ ਪਾਸੋਂ ਡਰਦਾ ਤੇ ਕੰਬਦਾ ਸੀ। ਮੈਂ ਅੱਠ ਸਾਲ ਕਈ ਦਰਜਨ ਤਵਾਰੀਖਾਂ ਨੂੰ ਵਾਚਿਆ ਤੇ ਇਹ ਗੱਲ ਲੱਭੀ ਸੀ ਤੇ ਹੁਣ ਮੈਂ ਸਿੱਧ ਕਰਦਾ ਹਾਂ ਕਿ ਹਿੰਦ ਨੂੰ ਮੁਗ਼ਲ ਜਾਂ ਕਾਬਲੀਆਂ ਤੋਂ ਛੁਟਕਾਰਾ ਦਿਵਾਉਣ ਵਾਲੇ ਜਾਟ ਜਾਂ ਮਰਹੱਟੇ ਨਹੀਂ ਸਨ। ਬਲਕਿ ਪੰਜਾਬ ਦੇ ਸਿੱਖ ਸਨ ਜਿਨ੍ਹਾਂ ਦੀ ਨਾ ਕੋਈ ਫੌਜ ਸੀ ਤੇ ਨਾ ਕੋਈ ਕਿਲਾ।"[6]

ਸੋ ਸਪਸ਼ਟ ਹੈ ਕਿ ਜੇ ਸਾਡੇ ਇਤਿਹਾਸ ਦਾ ਇਹੀ ਹਾਲ ਰਿਹਾ ਤਾਂ ਸਾਡੀ ਅਦੁੱਤੀ ਕੌਮੀ ਸ਼ਾਨ ਕੁਝ ਚਿਰ ਵਿਚ ਹੀ ਅਲੋਪ ਹੋ ਜਾਵੇਗੀ। ਉਪਰੋਕਤ ਮਿਸਾਲ ਵਰਗੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।[7] ਕਿਸੇ ਇਤਿਹਾਸਕਾਰ ਰਾਹੀਂ ਬਾਬਰ ਵੇਲੇ ਇਹ ਸਾਖੀ ਪ੍ਰਚਲਿਤ ਕਰਵਾਈ ਜਾਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭੰਗ ਦੀਆਂ ਸੱਤ ਮੁੱਠੀਆਂ ਆਪਣੀ ਝੋਲੀ ਵਿਚ ਪੁਆ ਕੇ ਉਸ ਨੂੰ ਸੱਤ ਪੀੜ੍ਹੀਆਂ ਦਾ ਰਾਜ ਦੇ ਦਿੱਤਾ ਸੀ। ਇਹੀ ਗੱਲ ਅੰਗਰੇਜ਼ਾਂ ਦੇ ਭਾਰਤ ਵਿਚ ਆਉਣ ਸਮੇਂ ਫਿਰ ਦੁਹਰਾਈ ਜਾਂਦੀ ਹੈ ਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਹ ਆਖਦੇ ਮੰਨਿਆ ਜਾਂਦਾ ਹੈ ਕਿ ਉਹ ਟੋਪੀ ਵਾਲੇ ਸਿੱਖਾਂ (ਭਾਵ ਅੰਗਰੇਜ਼ਾਂ) ਨੂੰ ਭਾਰਤ ਦੀ ਰਾਖੀ ਲਈ ਆਉਂਦਾ ਵੇਖ ਰਹੇ ਹਨ। ਇਹੀ ਕਾਰਨ ਹੈ ਕਿ ਸਾਡੇ ਨੌਜਵਾਨ ਸਿੱਖ, ਸਿੱਖੀ ਤੋਂ ਦੂਰ ਤੇ ਪਤਿਤ ਹੁੰਦੇ ਜਾ ਰਹੇ ਹਨ। ਇਸ ਰੁਝਾਨ ਨੂੰ ਠੱਲ੍ਹ ਪਾਉਣ ਦਾ ਇਕੋ ਇਕ ਸਾਧਨ, ਕਰਮ ਸਿੰਘ ਅਨੁਸਾਰ, ਸਹੀ ਇਤਿਹਾਸ ਲਿਖਣ ਵਲ ਯਤਨਸ਼ੀਲ ਹੋਣਾ ਹੀ ਹੈ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ :

> "ਮੈਂ ਫੇਰ ਦੁਹਰਾਉਂਦਾ ਹਾਂ ਕਿ ਪੜ੍ਹੇ ਲਿਖੇ ਨੌਜੁਆਨਾਂ ਦੇ ਪਤਿਤ ਹੋਣ ਦਾ ਕਾਰਨ ਇਹ ਹੈ ਕਿ ਉਹ ਆਪਣੇ ਕੌਮੀ ਇਤਿਹਾਸ ਤੋਂ ਅਣਜਾਣ ਹੁੰਦੇ ਹਨ ਅਤੇ ਚੂੰਕਿ ਸਾਡਾ ਕੋਈ ਇਤਿਹਾਸ ਹੈ ਹੀ ਨਹੀਂ ਅਤੇ ਨਾ ਹੀ ਇਤਿਹਾਸ ਪੂਰਾ ਕਰਨ ਦਾ ਕੋਈ ਜਤਨ ਕੀਤਾ ਗਿਆ ਹੈ, ਇਸ ਲਈ ਪੜ੍ਹੇ ਲਿਖੇ ਨੌਜੁਆਨਾਂ ਦਾ ਪਤਿਤ ਹੁੰਦੇ ਜਾਣਾ ਕੋਈ ਅਚੰਭੇ ਦੀ ਗੱਲ ਨਹੀਂ। ਇਸ ਦਾ

---

[6] 'ਇਤਿਹਾਸਕ ਖੋਜ', ਪੰਨਾ 30

[7] ਹੋਰ ਮਿਸਾਲਾਂ ਲਈ ਵੇਖੋ : ਉਹੀ, ਪੰਨਾ, 26-27

Digitized by Panjab Digital Library | www.panjabdigilib.org

ਕੇਵਲ ਇਕੋ ਇਲਾਜ ਇਹ ਹੈ ਕਿ ਕੌਮ ਨੂੰ ਸਿੱਖ ਇਤਿਹਾਸ ਦੀ ਲੋੜ ਪ੍ਰਤੀਤ ਕਰਵਾਈ ਜਾਵੇ ।[8]

ਆਪਣੇ ਇਤਿਹਾਸ-ਅਧਿਐਨ ਦੇ ਸਿੱਟੇ ਵਜੋਂ ਕਰਮ ਸਿੰਘ ਨੂੰ ਯਕੀਨ ਹੋ ਗਿਆ ਸੀ ਕਿ ਸਿੱਖ ਇਤਿਹਾਸ ਦਾ ਕੋਈ ਵੀ ਸਮਾਂ ਅਜਿਹਾ ਨਹੀਂ ਜਿਸ ਦੇ ਸਿਲਸਿਲੇਵਾਰ ਹਾਲ ਕਿਤੇ ਮਿਲਦੇ ਹੋਣ। ਭਾਵੇਂ ਇਹ ਸਥਿਤੀ ਕਾਫ਼ੀ ਨਿਰਾਸ਼ਾਜਨਕ ਸੀ ਫਿਰ ਵੀ ਆਪਣੇ ਦ੍ਰਿੜ੍ਹ ਇਰਾਦੇ ਤੇ ਮਿਹਨਤ ਕਰਕੇ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਸੋਮੇਂ ਨਿਸਚਿਤ ਕੀਤੇ, ਉਨ੍ਹਾਂ ਦੀ ਭਾਲ ਕੀਤੀ ਤੇ ਹੋਰ ਲੇਖਕਾਂ ਦੀ ਅਗਵਾਈ ਲਈ ਦੱਸੇ ।

ਲੇਖਕ ਅਨੁਸਾਰ ਸਾਡਾ ਬਹੁਤ ਸਾਰਾ ਮਹੱਤਵਪੂਰਨ ਮਸਾਲਾ, ਪੁਰਾਣੀਆਂ ਹੱਥ-ਲਿਖਤਾਂ ਦੇ ਰੂਪ ਵਿਚ ਸਾਂਭਿਆ ਪਿਆ ਹੈ । ਇਸ ਦਾ ਵੇਰਵਾ ਉਨ੍ਹਾਂ ਨੇ ਆਪਣੀ ਲੇਖ-ਲੜੀ ਸਾਡਾ ਇਤਿਹਾਸ ਨੰ: 1, 2, 3, ਵਿਚ ਦਿੱਤਾ ਹੈ ।[9] ਦੂਜਾ ਸੋਮਾ ਹੈ—ਜ਼ਬਾਨੀ ਸੁਣੇ ਹਾਲ। ਇਸ ਸੰਬੰਧੀ ਉਨ੍ਹਾਂ ਨੇ 1905 ਈ. ਵਿਚ ਯਤਨ ਅਰੰਭਿਆ ਸੀ। ਤੀਜਾ ਹੈ – ਸਮਕਾਲੀ ਇਤਿਹਾਸ ।

ਨਾ ਤਾਂ ਸਾਨੂੰ ਪੁਰਾਣੀਆਂ ਹੱਥ ਲਿਖਤਾਂ ਹੀ ਇਕੱਠੀਆਂ ਕਰਨ ਦਾ ਸ਼ੌਕ ਹੈ ਤੇ ਨਾ ਹੀ ਅਸੀਂ ਇਤਿਹਾਸ ਦੀ ਕਦਰ ਕਰਦੇ ਹੋਏ ਕਿਤਾਬਾਂ ਹੀ ਸੰਗ੍ਰਹਿ ਕਰਦੇ ਹਾਂ । ਕਰਮ ਸਿੰਘ ਜੀ ਵੇਲੇ ਵੀ ਇਹ ਸ਼ੌਕ ਬਹੁਤ ਘੱਟ ਲੋਕਾਂ ਨੂੰ ਸੀ । ਅੱਜ ਅਸੀਂ ਉਨ੍ਹਾਂ ਵਿਦਵਾਨਾਂ[10] ਦੀਆਂ ਨਿਜੀ ਮਿਹਨਤ ਨਾਲ ਬਣਾਈਆਂ ਹੋਈਆਂ ਲਾਇਬ੍ਰੇਰੀਆਂ ਤੋਂ ਹੀ ਲਾਭ ਉਠਾ ਰਹੇ ਹਾਂ ਜਿਨ੍ਹਾਂ ਨੇ ਪੁਸਤਕਾਂ ਸੰਗ੍ਰਹਿ ਕਰਨ ਦੇ ਮਹੱਤਵ ਨੂੰ ਸਮਝਿਆ । ਨਾ ਕੇਵਲ ਭਾਰਤ ਦੀਆਂ ਸਗੋਂ ਵਿਦੇਸ਼ਾਂ ਦੀਆਂ ਕਈ ਲਾਇਬ੍ਰੇਰੀਆਂ ਵਿਚ ਪਈਆਂ ਪੁਸਤਕਾਂ ਵਿਚ ਸਿੱਖਾਂ ਬਾਰੇ ਸਮਾਚਾਰ ਹੋਣ ਦੇ ਹਵਾਲੇ ਵੀ ਕਰਮ ਸਿੰਘ ਨੇ ਦਿੱਤੇ ਹਨ । ਇਨ੍ਹਾਂ ਪੁਸਤਕਾਂ ਵਿਚ ਸਿੱਖ ਇਤਿਹਾਸ ਬਾਰੇ ਅਨੇਕ ਤੱਥ ਭਰੇ ਪਏ ਹਨ ।

ਇਤਿਹਾਸਕ ਮਸਾਲੇ ਦੀ ਲੋੜ ਅਨੁਭਵ ਕਰ ਕੇ, ਸਾਰੀ ਸਮੱਗਰੀ ਇਕੱਤਰ ਕਰਕੇ ਵੀ ਸਹੀ ਇਤਿਹਾਸ ਲਿਖਣਾ ਕੋਈ ਸੌਖੀ ਗੱਲ ਨਹੀਂ ਹੁੰਦੀ । ਇਸ ਕੰਮ ਲਈ ਲਿਖਤਾਂ ਨੂੰ ਗਹੁ ਨਾਲ ਵਾਚਣ ਦੀ ਲੋੜ ਹੁੰਦੀ ਹੈ ਨਹੀਂ ਤਾਂ ਕਾਫ਼ੀ ਗੁਮਰਾਹ ਕੁਨ ਸਿੱਟੇ ਨਿਕਲ ਸਕਦੇ ਹਨ, ਤੇ ਕਿਸੇ ਕੌਮ ਦੀ ਮਿੱਟੀ ਪਲੀਦ ਕੀਤੀ ਜਾ ਸਕਦੀ ਹੈ। ਕਰਮ ਸਿੰਘ ਨੇ ਆਪਣੇ ਨਿਜੀ ਤਜਰਬੇ ਨੂੰ ਕਲਮਬੰਦ ਕਰਦਿਆਂ ਲਿਖਿਆ ਹੈ :

> "ਵਾਚਣ ਦੀ ਘੌਲ ਕਰਕੇ ਹੀ ਸਾਡੇ ਇਕ ਇਤਿਹਾਸਕਾਰ ਨੇ ਇਕੋ ਗੱਲ ਨੂੰ ਤਿੰਨੀ ਥਾਈਂ ਤਿੰਨ ਤਰ੍ਹਾਂ ਕਰਕੇ ਲਿਖਿਆ ਹੈ, ਮੈਂ 1906 ਈ. ਵਿਚ ਬੰਦਾ ਬਹਾਦਰ ਲਿਖਿਆ ਸੀ । ਚੂੰਕਿ ਨਵੇਂ ਲੱਭੇ ਮਸਾਲੇ ਨੂੰ ਵਾਚਣ ਦਾ ਸਮਾਂ

---

[8]'ਕੇਸ ਤੇ ਸਿੱਖੀ', ਪੰਨਾ 30

[9]ਇਹ ਲੇਖ ਲੜੀ, 'ਇਤਿਹਾਸਕ ਖੋਜ' ਪੁਸਤਕ ਵਿਚ ਸ਼ਾਮਿਲ ਹੈ ।

[10]ਇਨ੍ਹਾਂ ਵਿਦਵਾਨਾਂ ਦੀ ਸੂਚੀ ਵਿਚ ਅਸੀਂ ਭਾਈ ਮੋਹਨ ਸਿੰਘ ਵੈਦ, ਭਾਈ ਤਖਤ ਸਿੰਘ ਫੀਰੋਜ਼ਪੁਰ, ਭਾਈ ਜੋਧ ਸਿੰਘ, ਗਿਆਨੀ ਦਿੱਤ ਸਿੰਘ ਆਦਿ ਨੂੰ ਗਿਣ ਸਕਦੇ ਹਾਂ । ਇਨ੍ਹਾਂ ਦੇ ਪੁਸਤਕ ਸੰਗ੍ਰਹਿ, ਰਸਾਲੇ ਤੇ ਹੋਰ ਸਮੱਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਲਾਇਬ੍ਰੇਰੀ ਦਾ ਸ਼ਿੰਗਾਰ ਹੈ ਤੇ ਖੋਜੀਆਂ ਲਈ ਉਪਲਬਧ ਹੈ ।

Digitized by Panjab Digital Library | www.panjabdigilib.org

ਨਹੀਂ ਲੱਭਾ ਸੀ, ਇਸ ਲਈ ਮੈਂ ਬੜੀਆਂ ਭੁੱਲਾਂ ਕੀਤੀਆਂ ਸਨ। ਭਾਵੇਂ ਪਹਿਲੇ ਇਤਿਹਾਸਾਂ ਨਾਲੋਂ ਮੇਰਾ ਉਦੱਮ ਬੜਾ ਵਧ ਕੇ ਸੀ ਅਤੇ ਅਜ ਤੀਕ ਬੰਦਾ ਬਹਾਦਰ ਚੰਗਾ ਇਤਿਹਾਸਕ ਲੇਖ ਸਮਝਿਆ ਜਾਂਦਾ ਹੈ, ਪਰ 21, 22 ਸਾਲ ਮਗਰੋਂ ਹੁਣ ਜਦ ਮੈਂ ਉਸ ਨੂੰ ਪੜ੍ਹਦਾ ਹਾਂ ਤਾਂ ਮੈਂ ਆਪ ਸ਼ਰਮਿੰਦਾ ਹੁੰਦਾ ਹਾਂ ਕਿ ਮੈਂ ਕੀ ਕਰੀ ਗਿਆ।"[11]

ਸ. ਕਰਮ ਸਿੰਘ ਨੇ ਇਕ ਨਹੀਂ ਅਨੇਕ ਥਾਵਾਂ ਤੇ ਇਤਿਹਾਸ ਨੂੰ ਵਾਚਣ ਉਤੇ ਜ਼ੋਰ ਦਿੱਤਾ ਹੈ। 'ਇਤਿਹਾਸਕ ਖੋਜ' ਪੁਸਤਕ ਵਿਚ ਸ਼ਾਮਲ ਲੇਖ-ਲੜੀ ਇਸ ਪੱਖੋਂ ,ਬੜੀ ਅਗਵਾਈ ਦੇ ਸਕਦੀ ਹੈ। ਉਥੇ ਲੇਖਕ ਨੇ ਵੱਖ ਵੱਖ ਸਮਿਆਂ ਦੀਆਂ ਮਿਸਾਲਾਂ ਦੇ ਕੇ ਸਪਸ਼ਟ ਕੀਤਾ ਹੈ ਕਿ ਕਿਵੇਂ ਇਕ ਤਵਾਰੀਖ ਨੂੰ ਦੂਜੀ ਨਾਲ ਮਿਲਾ ਕੇ ਪੜ੍ਹਨ ਨਾਲ ਸਹੀ ਸਿੱਟੇ ਨਿਕਲ ਸਕਦੇ ਹਨ; ਕਿਵੇਂ ਕਿਸੇ ਲਿਖਤ ਦੇ ਅੰਦਰਲੇ ਹਵਾਲਿਆਂ ਨੂੰ ਹੀ ਉਸ ਦੇ ਲੇਖਕ ਦੀਆਂ ਸਥਾਪਨਾਵਾਂ ਨੂੰ ਪਰਖਣ ਲਈ ਵਰਤਿਆ ਜਾ ਸਕਦਾ ਹੈ। 'ਕੱਤਕ ਕਿ ਵਿਸਾਖ' ਅਤੇ 'ਬੰਦਾ ਕੌਣ ਸੀ' ਆਦਿ ਪੁਸਤਕਾਂ ਵਿਚ ਲੇਖਕ ਨੇ ਆਪ ਵੀ ਇਹ ਤਰੀਕਾ ਵਰਤਿਆ ਹੈ। ਸੋ ਜੇ ਕੋਈ ਲੇਖਕ ਇਹ ਦਾਅਵਾ ਕਰਦਾ ਹੈ ਕਿ ਉਹ ਦੋ ਚਾਰ ਇਤਿਹਾਸ ਪੁਸਤਕਾਂ ਪੜ੍ਹ ਕੇ, ਦੋ ਚਾਰ ਲੇਖਕਾਂ ਦੀਆਂ ਰਾਵਾਂ ਤੋਂ ਜਾਣੂੰ ਹੋ ਕੇ ਉਸ ਵਿਸ਼ੇ ਦਾ ਮਾਹਰ ਹੋ ਗਿਆ ਹੈ ਤਾਂ ਕਰਮ ਸਿੰਘ ਅਨੁਸਾਰ ਉਸ ਵਰਗਾ ਮੂਰਖ ਕੋਈ ਨਹੀਂ। ਇਤਿਹਾਸ-ਲੇਖਕ ਦਾ ਕੀ ਗੁਣ ਹੋਣਾ ਚਾਹੀਦਾ ਹੈ ? ਇਹ ਹੇਠ ਲਿਖੀਆਂ ਟੂਕਾਂ ਤੋਂ ਸਪਸ਼ਟ ਹੋ ਜਾਂਦਾ ਹੈ :

1. "ਮੁੱਕਦੀ ਗੱਲ ਇਹ ਕਿ ਜੋ ਮਸਾਲਾ ਸਿੱਖ ਇਤਿਹਾਸ ਦਾ ਇਸ ਵੇਲੇ ਸਾਡੇ ਸਾਹਮਣੇ ਹੈ, ਉਸ ਤੋਂ ਜੇ ਕਰ ਕਿਸੇ ਨੇ ਇਤਿਹਾਸ ਲਿਖਣਾ ਹੋਵੇ ਤਾਂ ਜੇ ਕਰ ਉਹ ਦਸ ਵੀਹ ਸਾਲ ਲਗਾਤਾਰ ਇਸ ਮਸਾਲੇ ਨੂੰ ਨਾ ਵਾਚੇ, ਉਹ ਜ਼ਰੂਰ ਭੁੱਲਾਂ ਕਰੇਗਾ ਅਤੇ ਆਪ ਤੋਂ ਪਿੱਛੋਂ ਆਉਣ ਵਾਲੇ ਖੋਜੀਆਂ ਨੂੰ ਕੁਰਾਹੇ ਪਾਵੇਗਾ। ਮੈਂ ਆਪ ਇਸ ਕੰਡਿਆਂ ਵਾਲੇ ਰਾਹ ਤੁਰ ਚੁਕਾ ਹਾਂ, ਇਸ ਲਈ ਸਭ ਔਕੜਾਂ ਨੂੰ ਜਾਣਦਾ ਹਾਂ, ਦੱਸ ਵੀ ਇਸੇ ਲਈ ਰਿਹਾ ਹਾਂ ਕਿ ਭਲਾ ਕਿਸੇ ਦੇ ਕੰਮ ਆ ਜਾਵੇ।"[12]

2. "ਸਿੱਖ ਇਤਿਹਾਸ ਨੂੰ ਸੈਂਕੜੇ ਆਦਮੀਆਂ ਲਿਖਿਆ ਤੇ ਸੈਂਕੜੇ ਆਦਮੀ ਅਜੇ ਲਿਖਣਗੇ, ਪਰ ਜੋ ਕੋਈ ਇਤਿਹਾਸ ਦੀ ਖਾਤਰ ਲਿਖਣਾ ਚਾਹੁੰਦਾ ਹੈ ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਇਤਿਹਾਸ ਲਈ ਕਲਮ ਤਦ ਚੁੱਕੇ ਜਦ ਉਸ ਨੂੰ ਸਾਰੀਆਂ ਗੱਲਾਂ ਸਪਸ਼ਟ ਪਈਆਂ ਭਾਸਣ, ਕਿਤੋਂ ਧੁੰਦਲਾਪਣ ਨਾ ਜਾਪੇ ਅਤੇ ਉਸ ਨੂੰ ਇਉਂ ਪਿਆ ਭਾਸੇ ਕਿ ਸਭ ਕੁਝ ਉਸ ਦੀਆਂ ਅੱਖਾਂ ਸਾਹਮਣੇ ਹੋ ਰਿਹਾ ਹੈ ਅਤੇ ਉਹ ਆਪ ਉਸ ਵਿਚ ਹਿੱਸਾ ਲੈ ਰਿਹਾ ਹੈ।"[13]

ਕਿਸੇ ਇਤਿਹਾਸ-ਲੇਖਕ ਦੇ ਇਨ੍ਹਾਂ ਗੁਣਾਂ ਨੂੰ ਹੀ ਸਾਹਮਣੇ ਰਖਦਿਆਂ ਸ. ਕਰਮ

---

[11]'ਇਤਿਹਾਸਕ ਖੋਜ', ਪੰਨਾ 12
[12]ਉਹੀ ਪੰਨਾ 16
[13]ਉਹੀ ਪੰਨਾ 17

Digitized by Panjab Digital Library | www.panjabdigilib.org

ਸਿੰਘ ਨੇ ਪੂਰੀ ਤਿਆਰੀ, ਸੂਝ ਸਮਝ ਤੇ ਮਿਹਨਤ ਤੋਂ ਮਗਰੋਂ ਹੀ ਕੁਝ ਲਿਖਣ ਲਈ ਕਲਮ ਚੁੱਕੀ। ਪਰ ਅਫ਼ਸੋਸ! ਉਨ੍ਹਾਂ ਦੀ ਮਿਹਨਤ ਦਾ ਪੂਰਾ ਫਲ ਸਾਡੇ ਸਾਹਮਣੇ ਨਹੀਂ ਹੈ। ਗਿਆਨੀ ਹੀਰਾ ਸਿੰਘ ਦਰਦ ਅਨੁਸਾਰ ਉਨ੍ਹਾਂ ਦੀ ਰਚਨਾ ਦੇ 'ਮਣ ਵਿਚੋਂ ਕਣ' ਜਿੰਨਾਂ ਵੀ ਸਾਡੇ ਤਕ ਨਹੀਂ ਪੁੱਜਿਆ।

ਇਸ ਦਾ ਪਹਿਲਾ ਕਾਰਨ ਤਾਂ ਇਹ ਹੈ ਕਿ ਸਰਦਾਰ ਜੀ ਦੀ ਯਾਦਦਾਸ਼ਤ ਬਹੁਤ ਹੀ ਚੰਗੀ ਸੀ, ਜਿਸ ਕਰਕੇ ਉਹ ਅਤਿਅੰਤ ਜ਼ਰੂਰੀ ਗੱਲਾਂ ਹੀ ਨੋਟ ਕਰਦੇ ਸਨ ਤੇ ਬਾਕੀ ਸਭ ਕੁਝ ਜ਼ਬਾਨੀ ਯਾਦ ਰਖਦੇ ਸਨ। ਇਉਂ ਇਤਿਹਾਸਿਕ ਮਸਾਲੇ ਦੀ ਖੋਜ ਸੰਬੰਧੀ ਕੀਤੀ ਮਿਹਨਤ ਦਾ ਬਹੁਤਾ ਸਿੱਟਾ ਉਨ੍ਹਾਂ ਦੇ ਨਾਲ ਹੀ ਅਲੋਪ ਹੋ ਗਿਆ ਹੈ।

ਦੂਜਾ ਕਾਰਨ ਇਹ ਜਾਪਦਾ ਹੈ ਕਿ ਜੋ ਕੁਝ ਉਨ੍ਹਾਂ ਦੀਆਂ ਹੱਥ-ਲਿਖਤਾਂ ਦੇ ਰੂਪ ਵਿਚ ਬਚਿਆ, ਉਸ ਦੀ ਪੂਰੀ ਸਾਂਭ ਸੰਭਾਲ ਨਹੀਂ ਹੋ ਸਕੀ। ਸਰਗੋਧੇ 'ਸੰਨਿਆਸੀ ਆਸ਼ਰਮ' ਚਲਾਉਣ ਵੇਲੇ ਉਨ੍ਹਾਂ ਨੇ ਕਾਫ਼ੀ ਕੰਮ ਕੀਤਾ ਸੀ, ਪਰ ਇਉਂ ਪ੍ਰਤੀਤ ਹੁੰਦਾ ਹੈ ਕਿ ਉਸ ਦਾ ਕਾਫ਼ੀ ਹਿੱਸਾ ਜ਼ਾਇਆ ਹੋ ਗਿਆ ਹੈ ਜਾਂ ਗੁੰਮ ਹੋ ਗਿਆ ਹੈ।

ਤੀਜਾ ਕਾਰਨ, ਉਨ੍ਹਾਂ ਦੀ ਬੇਵਕਤ, ਅਚਾਨਕ ਮੌਤ ਹੋ ਜਾਣਾ ਹੈ। ਉਹ ਖੇਤੀ ਬਾੜੀ ਦੇ ਕੰਮ ਵਿਚ ਰੁੱਝੇ ਰਹੇ ਤੇ ਵਿਹਲੇ ਸਮੇਂ ਦੀ ਉਡੀਕ ਵਿਚ ਸਾਂਭ ਕੇ ਰੱਖੇ ਨੋਟਸ ਤੇ ਖਰੜੇ ਪੁਸਤਕਾਂ ਦਾ ਰੂਪ ਨਹੀਂ ਧਾਰ ਸਕੇ। ਉਨ੍ਹਾਂ ਦੇ ਅਕਾਲ ਚਲਾਣੇ ਮਗਰੋਂ ਉਨ੍ਹਾਂ ਦੇ ਪਰਿਵਾਰ ਨੇ ਬਹੁਤ ਸਾਰਾ ਇਤਿਹਾਸਕ ਮਸਾਲਾ (ਹੱਥ ਲਿਖਤਾਂ ਤੇ ਖਰੜੇ) ਰਣਬੀਰ ਸਿੰਘ ਸਪੁੱਤਰ ਸ. ਕਤਮ ਸਿੰਘ ਅਨੁਸਾਰ ਇਕ ਹੋਰ ਸਿੱਖ ਇਤਿਹਾਸਕਾਰ ਦੇ ਹਵਾਲੇ ਕਰ ਦਿੱਤਾ। ਸੋ, ਉਸ ਦੇ ਲਿਖਤੀ/ਪ੍ਰਕਾਸ਼ਿਤ ਰੂਪ ਬਾਰੇ ਕੋਈ ਨਿਰਣੇਜਨਕ ਗੱਲ ਨਹੀਂ ਆਖੀ ਜਾ ਸਕਦੀ।

ਫਿਰ ਵੀ ਜੋ ਕੁਝ ਪ੍ਰਕਾਸ਼ਿਤ ਪੁਸਤਕਾਂ ਦੇ ਰੂਪ ਵਿਚ ਸੁਲੱਭ ਹੋ ਸਕਿਆ ਹੈ, ਉਸ ਦੀ ਸੂਚੀ ਇਸ ਪ੍ਰਕਾਰ ਹੈ :

(1) 'ਬੰਦਾ ਬਹਾਦਰ' ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, 1907 ਈ.

(2) 'ਜੀਵਨ ਸ੍ਰੀਮਤੀ ਹਰਨਾਮ ਕੌਰ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ 1907 ਈ.

(3) 'ਜੀਵਨ ਸ੍ਰੀਮਤੀ ਸਦਾ ਕੌਰ, ਸ. ਲਖਮੀ ਸਿੰਘ, ਛਾਪਕ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ-1908 ਈ.

(4) 'ਕੱਤਕ ਕਿ ਵਿਸਾਖ'[14] ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ 1908 ਈ. (ਪਹਿਲੀ ਵਾਰ) ਸ. ਰਣਬੀਰ ਸਿੰਘ ਨੈਨੀਤਾਲ, 1932 ਈ. (ਦੂਜਾ ਵਾਰ)

(5) 'ਗੁਰਪੁਰਬ ਨਿਰਣੈ',[15] ਭਾਈ ਬਹਾਦਰ ਸਿੰਘ, ਮੈਨੇਜਰ ਵਜ਼ੀਰ ਹਿੰਦ ਪ੍ਰੈਸ। ਅੰਮ੍ਰਿਤਸਰ, ਨਵੰਬਰ 1912

(6) 'ਬਾਬਾ ਆਲਾ ਸਿੰਘ'[16] ਖਾਲਸਾ ਪ੍ਰਚਾਰਕ ਵਿਦਿਆਲਾ, ਤਰਨਤਾਰਨ

---

[14]ਇਸ ਪੁਸਤਕ ਦੀ ਪ੍ਰਕਾਸ਼ਨ ਮਿਤੀ ਸੰਬੰਧੀ ਹੋਰ ਸੂਚਨਾ ਪੁਸਤਕ ਦੀ ਚਰਚਾ ਕਰਨ ਸਮੇਂ ਅਗਲੇ ਪੰਨਿਆਂ ਵਿਚ ਕੀਤੀ ਗਈ ਹੈ। ਮੈਂ ਜਿਹੜੀ ਐਡੀਸ਼ਨ ਦੇ ਹਵਾਲੇ ਦਿੱਤੇ ਹਨ, ਉਹ 1932 ਈ. ਵਿਚ ਛਪੀ ਸੀ।

[15]ਇਸ ਪੁਸਤਕ ਦਾ ਖਰੜਾ 1906 ਈ. ਵਿਚ ਤਿਆਰ ਹੋ ਗਿਆ ਸੀ।

[16]ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਲੋਂ ਪ੍ਰਕਾਸ਼ਿਤ ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ 1971 ਈ. ਦੂਜੀ ਵਾਰ ਪੰਨਾ 253-54 ਉਤੇ ਇਹ ਪੁਸਤਕ ਪ੍ਰਕਾਸ਼ ਪੁਸਤਕਮਾਲਾ, ਪਟਿਆਲਾ, ਵੱਲੋਂ 1918 ਈ. ਵਿਚ ਪ੍ਰਕਾਸ਼ਿਤ ਹੋਈ ਦੱਸੀ ਗਈ ਹੈ।

Digitized by Panjab Digital Library | www.panjabdigilib.org

-1918 ਈ. ਮੁਤਾਬਕ 16 ਮਾਘ ਸੰਮਤ 1975 ਬਿਕਰਮੀ

(7) ਕੇਸ ਤੇ ਸਿੱਖੀ, ਗਿਆਨੀ ਗੁਰਦਿੱਤ ਸਿੰਘ, ਫੁਲਵਾੜੀ ਪ੍ਰੈਸ, ਅੰਮ੍ਰਿਤਸਰ, 1929 ਈ.

(8) 'ਫੁਲਵਾੜੀ ਸਿੱਖ ਇਤਿਹਾਸ ਨੰਬਰ[17] ਸਿੰਘ ਬ੍ਰਦਰਸ, ਅੰਮ੍ਰਿਤਸਰ, 1963 ਈ.

(9) ਅਮਰ ਖਾਲਸਾ, [18] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1932 ਈ.

(10) 'ਬੰਦਾ ਬਹਾਦਰ ਕੌਣ ਸੀ ? ਭਾਈ ਜੈਦੇਵ ਸਿੰਘ, ਜੁਗਿੰਦਰ ਸਿੰਘ ਅੰਮ੍ਰਿਤਸਰ 1934 ਈ.[19]

(11) 'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ[20] ਸੰਪਾ ਹੀਰਾ ਸਿੰਘ ਦਰਦ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1960 ਈ.

ਉਕਤ ਸੂਚੀ ਵਿਚ ਕੇਵਲ ਪ੍ਰਕਾਸ਼ਿਤ ਪੁਸਤਕਾਂ ਬਾਰੇ ਹੀ ਸੂਚਨਾ ਦਰਜ ਕੀਤੀ ਗਈ ਹੈ। ਇਨ੍ਹਾਂ ਤੋਂ ਛੁੱਟ 'ਗੁਰ ਗਾਥਾ ਗ੍ਰੰਥ ਨਿਰਣਯ' ਅਤੇ 'ਲਾਹੌਰ ਦਰਬਾਰ ਦੇ ਆਖਰੀ ਦਿਨ' ਆਦਿ ਪੁਸਤਕਾਂ ਬਾਰੇ ਵੀ ਸੂਚਨਾ ਮਿਲਦੀ ਹੈ ਪਰ ਇਹ ਖਰੜੇ ਪ੍ਰਕਾਸ਼ਿਤ ਨਹੀਂ ਹੋ ਸਕੇ 'ਗੁਰ ਗਾਥਾ ਗ੍ਰੰਥ ਨਿਰਣਯ' 1903-4 ਈ. ਦੀ ਰਚਨਾ ਹੈ।[21] ਉਦੋਂ ਸ. ਕਰਮ ਸਿੰਘ ਖਾਲਸਾ ਕਾਲਿਜ ਅੰਮ੍ਰਿਤਸਰ ਵਿਚ ਪੜ੍ਹਦੇ ਸਨ। ਪਰ ਇਹ ਪੁਸਤਕ ਪ੍ਰਕਾਸ਼ਿਤ ਨਹੀਂ ਹੋ

---

[17]ਇਹ ਅੰਕ 'ਬਹੁਮੁੱਲੇ' 'ਇਤਿਹਾਸਕ ਲੇਖ' ਨਾਂ ਹੇਠ ਪੁਸਤਕ ਰੂਪ ਵਿਚ ਵੀ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਲੋਂ ਹੀ 1963 ਈ. ਵਿਚ ਪ੍ਰਕਾਸ਼ਿਤ ਹੋ ਚੁੱਕਾ ਹੈ।

[18]ਡਾ. ਜੀਂਡਾ ਸਿੰਘ ਦੀ ਪੁਸਤਕ 'ਏ ਬਿਬਲਿਓਗ੍ਰਾਫੀ ਆਫ਼ ਦੀ ਪੰਜਾਬ', ਪੰਜਾਬੀ ਯੂਨੀਵਰਸਿਟੀ, ਪਟਿਆਲਾ 1966 ਦੇ ਪੰਨਾ 201 ਉਤੇ ਇਹ ਪੁਸਤਕ ਫੁਲਵਾੜੀ ਬੁਕ ਡੀਪੋ ਲਾਹੌਰ ਵਲੋਂ 1932 ਈ. ਵਿਚ ਪ੍ਰਕਾਸ਼ਿਤ ਹੋਈ ਦੱਸੀ ਗਈ ਹੈ।

[19]ਇਸ ਪੁਸਤਕ ਦੀ ਪ੍ਰਕਾਸ਼ਨ ਮਿਤੀ ਬਾਰੇ ਚਰਚਾ, ਇਸੇ ਕਾਂਡ ਵਿਚ ਅੱਗੇ ਜਾ ਕੇ ਕੀਤੀ ਗਈ ਹੈ।

[20]ਇਸ ਪੁਸਤਕ ਵਿਚ ਰਸਾਲਾ ਫੁਲਵਾੜੀ ਵਿਚ 1928 ਈ. ਤੋਂ 1934 ਈ. ਤਕ ਛਪੇ ਲੇਖਾਂ ਤੋਂ ਛੁੱਟ ਬਿਰਧਾਂ ਦੇ ਬਿਆਨ, ਲਾਹੌਰ ਦਰਬਾਰ ਦੇ ਰੋਜ਼ਨਾਮਚੇ ਤੇ ਕਾਜ਼ੀ ਨੂਰ ਮੁਹੰਮਦ ਦੇ ਜੰਗਨਾਮੇ ਸੰਬੰਧੀ ਲੇਖ ਸ਼ਾਮਲ ਹਨ। ਪ੍ਰਕਾਸ਼ਨ ਕ੍ਰਮ ਅਨੁਸਾਰ ਉਪਰੋਕਤ ਸੂਚੀ ਵਿਚ ਇਸ ਪੁਸਤਕ ਦੀ ਇਹੀ ਥਾਂ ਉਚਿਤ ਜਾਪਦੀ ਹੈ।

[21]"1903-4 ਈ. ਦੀ ਗੱਲ ਹੈ ਕਿ 'ਗੁਰ ਗਾਥਾ ਗ੍ਰੰਥ ਨਿਰਣੈ', ਲਿਖਣਾ ਅਰੰਭਿਆ। ਮੈਂ ਆਪਣੇ ਇਤਿਹਾਸਾਂ ਨੂੰ ਪੜ੍ਹ ਚੁੱਕਾ ਸਾਂ ਪਰ ਵਾਚਿਆ ਕਿਸੇ ਨੂੰ ਵੀ ਨਹੀਂ ਸੀ। ਮੈਂ ਆਪਣੇ ਇਤਿਹਾਸਕ ਗ੍ਰੰਥਾਂ ਵਿਚ ਮੋਟੀਆਂ ਮੋਟੀਆਂ ਭੁੱਲਾਂ ਵੇਖੀਆਂ। ਜਿਨ੍ਹਾਂ ਨੂੰ ਮੈਂ ਸੋਧਨ ਦਾ ਜਤਨ ਕਰਨ ਲੱਗਾ। ਮੈਂ ਆਪਣੇ ਜੋਸ਼ ਵਿਚ ਭਾਰਾ ਪੋਥਾ ਲਿਖ ਮਾਰਿਆ—ਇਸ ਤੋਂ ਦੋ ਤਿੰਨ ਸਾਲ ਮਗਰੋਂ ਹੀ ਮੈਨੂੰ ਸਮਝ ਆ ਗਈ ਕਿ ਮੈਂ ਐਵੇਂ ਵਿਅਰਥ ਹੀ ਮਿਹਨਤ ਕੀਤੀ ਸੀ, ਭੁੱਲਾ ਦੂਰ ਕਰਨ ਦੀ ਥਾਂ ਸਗੋਂ ਮੈਂ ਭੁੱਲਾਂ ਵਧਾ ਦਿੱਤੀਆਂ ਸਨ। ਇਤਿਹਾਸ ਦਾ ਨਵਾਂ ਖੋਜੀ ਹੁਣ ਵੀ ਮੇਰੀ ਮਿਹਨਤ ਦੀ ਸ਼ਲਾਘਾ ਜ਼ਰੂਰ ਕਰੇਗਾ ਪਰ ਮੈਂ ਜਾਣਦਾ ਹਾਂ ਕਿ ਉਹ ਲਿਖਤ ਮੇਰੀ ਮੂਰਖਤਾ ਦਾ ਸਰੀਹਣ ਸਬੂਤ ਹੈ।"

ਵੇਖੋ : ਇਤਿਹਾਸਕ ਖੋਜ, ਪੰਨਾ 12-13

Digitized by Panjab Digital Library | www.panjabdigilib.org

ਸਕੀ। ਦੂਜੀ ਰਚਨਾ ਬਾਰੇ ਉਨ੍ਹਾਂ ਨੇ ਮਸਾਲਾ ਇਕੱਤਰ ਕਰ ਲਿਆ ਸੀ।[22] ਪਰ ਖਰੜਾ ਤਿਆਰ ਕਰਨ ਦੀ ਵਿਹਲ ਨਹੀਂ ਕੱਢ ਸਕੇ ਤੇ ਫਿਰ ਉਨ੍ਹਾਂ ਦੇ ਗੁਜ਼ਰ ਜਾਣ ਕਰਕੇ ਇਹ ਰਚਨਾ ਸਿੱਖ ਜਗਤ ਦੇ ਸਾਹਮਣੇ ਨਹੀਂ ਆ ਸਕੀ। ਹੋ ਸਕਦਾ ਹੈ ਕਿ ਇਸ ਪੁਸਤਕ ਬਾਰੇ ਇਕੱਤਰ ਕੀਤੀ ਹੋਈ ਸਮਗਰੀ ਵੀ ਉਪਰੋਕਤ ਸਿੱਖ ਇਤਿਹਾਸਕਾਰ ਕੋਲ ਹੀ ਪੁੱਜ ਗਈ ਹੋਵੇ। ਪਰ ਇਸ ਬਾਰੇ ਪੂਰੇ ਨਿਸਚੇ ਨਾਲ ਕੁਝ ਕਹਿਣਾ ਸੰਭਵ ਨਹੀਂ।

ਇਸ ਤੋਂ ਛੁੱਟ ਕਈ ਹੋਰ ਸੋਮਿਆਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਉਨ੍ਹਾਂ ਦੀਆਂ ਕੁਝ ਹੋਰ ਵੀ ਅਪ੍ਰਕਾਸ਼ਿਤ ਰਚਨਾਵਾਂ ਹਨ। ਜਿਵੇਂ ਹੀਰਾ ਸਿੰਘ ਦਰਦ ਦੇ ਹਵਾਲੇ ਅਨੁਸਾਰ[23] ਪਟਿਆਲੇ ਸਟੇਟ ਹਿਸਟੋਰੀਅਨ ਹੋਣ ਸਮੇਂ ਸ. ਕਰਮ ਸਿੰਘ ਨੇ ਕੁਝ ਪੰਜਾਬੀ ਰੀਡਰ ਵੀ ਤਿਆਰ ਕੀਤੇ ਸਨ ਅਤੇ ਪਟਿਆਲੇ ਦਾ ਇਤਿਹਾਸ ਵੀ ਲਿਖਿਆ ਸੀ। ਇਸੇ ਤਰ੍ਹਾਂ ਸ. ਪਾਲ ਸਿੰਘ ਢਿੱਲੋਂ ਰੀਟਾਇਰਡ ਚੀਫ਼ ਐਨਜੀਨੀਅਰ, ਚੰਡੀਗੜ੍ਹ ਤੋਂ ਪ੍ਰਾਪਤ ਸੂਚਨਾ ਅਨੁਸਾਰ[24] ਉਨ੍ਹਾਂ ਨੇ ਸੈਕਸ ਬਾਰੇ ਵੀ ਕੁਝ ਪੁਸਤਕਾਂ ਲਿਖੀਆਂ ਸਨ।

ਭਾਵੇਂ ਉਪਰੋਕਤ ਸੂਚੀ ਸੰਖੇਪ ਜਾਪਦੀ ਹੈ, ਪਰ ਇਸ ਦਾ ਮਹੱਤਵ ਇਸ ਤੋਂ ਕਿਤੇ ਵਧੇਰੇ ਹੈ, ਕਿਉਂਕਿ ਜਿਥੇ ਇਹ ਸਾਰੀ ਖੋਜ ਨਿਰਣੇਜਨਕ ਹੈ; ਉਥੇ ਆਉਣ ਵਾਲੇ ਖੋਜੀਆਂ ਦੀ ਅਗਵਾਈ ਲਈ ਬਹੁਤ ਲਾਭਦਾਇਕ ਸਿੱਧ ਹੋ ਸਕਦੀ ਹੈ। ਇਸ ਕਾਂਡ ਵਿਚ ਕੇਵਲ 'ਕੱਤਕ ਕਿ ਵਸਾਖ', 'ਗੁਰਪੁਰਬ ਨਿਰਣਯ' 'ਕੇਸ ਤੇ ਸਿੱਖੀ' 'ਬਹੁਮੁੱਲੇ ਇਤਿਹਾਸਕ ਲੇਖ' ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ ਅਤੇ ਬੰਦਾ ਬਹਾਦਰ ਕੌਣ ਸੀ ? ਆਦਿ ਪੁਸਤਕਾਂ ਬਾਰੇ ਹੀ ਚਰਚਾ ਕੀਤੀ ਗਈ ਹੈ ਕਿਉਂਕਿ ਜਿਥੇ ਬੰਦਾ ਬਹਾਦਰ, ਜੀਵਨ ਸ੍ਰੀਮਤੀ ਹਰਨਾਮ ਕੌਰ, ਜੀਵਨ ਸ੍ਰੀਮਤੀ ਸਦਾ ਕੌਰ, ਬਾਬਾ ਆਲਾ ਸਿੰਘ ਆਦਿ ਨੂੰ ਜੀਵਨੀ ਸਿਰਲੇਖ ਹੇਠ ਵੱਖਰੇ ਕਾਂਡ ਵਿਚ ਵਿਚਾਰ ਵਟਾਂਦਰੇ ਦਾ ਵਿਸ਼ਾ ਬਣਾਇਆ ਹੈ, ਉਥੇ 'ਅਮਰ ਖਾਲਸਾ' ਨੂੰ ਸਾਹਿਤਕ ਨਿਬੰਧਾਂ ਦਾ ਸੰਗ੍ਰਹਿ ਹੋਣ ਕਾਰਨ ਨਿਬੰਧਾਤਮਕ ਰਚਨਾਵਾਂ ਵਾਲੇ ਕਾਂਡ ਵਿਚ

---

[22]"ਗੱਲ ਕੀ, ਇਸ ਤਰ੍ਹਾਂ ਪੁੱਛ ਪੁਛਾ ਕੇ ਤੇ ਪੁਰਾਣੇ ਕਾਗਜ਼, ਰੋਜ਼ ਨਾਮਚੇ ਇਕੱਠੇ ਕਰਕੇ ਮੈਂ ਲਾਹੌਰ ਦਰਬਾਰ ਸੰਬੰਧੀ ਇਤਨਾ ਮਸਾਲਾ ਇਕੱਠਾ ਕਰ ਲਿਆ ਕਿ ਮੇਰਾ ਮਨ ਰੱਜ ਗਿਆ। ਇਹ ਸਾਰਾ ਮਸਾਲਾ, ਰਣਜੀਤ ਸਿੰਘ ਤੋਂ ਪਿਛੋਂ ਦੇ ਸਮੇਂ ਦਾ ਸੀ ਅਤੇ ਮੇਰੀ ਇਹੋ ਚਾਹ ਸੀ ਕਿ 'ਲਾਹੌਰ ਦਰਬਾਰ ਦੇ ਆਖਰੀ ਦਿਨ ਨਾਮੇ ਪੁਸਤਕ ਪੂਰੀ ਕਰ ਕੇ ਫੇਰ ਕਿਸੇ ਹੋਰ ਕੰਮ ਨੂੰ ਹੱਥ ਲਾਵਾਂਗਾ। ਉਦੋਂ ਹੀ ਮੈਂ ਵੇਖਿਆ ਕਿ ਸਾਡੇ ਇਤਿਹਾਸ ਦਾ ਗੱਭਲਾ ਸਮਾਂਬੜੀ ਹੀ ਔਝੜ ਦਸ਼ਾ ਵਿਚ ਪਿਆ ਹੈ। ਸ੍ਰੀ ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਲੈ ਕੇ ਅੰਗਰੇਜ਼ਾਂ ਦੇ ਦਿੱਲੀ ਆਉਣ ਤੀਕ ਇਕ ਸੌ ਸਾਲ ਦਾ ਸਮਾਂ ਅਜਿਹਾ ਸਮਾਂ ਹੈ, ਜਿਸ ਨੂੰ ਸਾਡੇ ਇਤਿਹਾਸਾਂ ਵਿਚ ਚੰਗੀ ਤਰ੍ਹਾਂ ਵਰਣਨ ਨਹੀਂ ਕੀਤਾ ਹੋਇਆ ਤੇ ਜਿਸ ਨੂੰ ਸੁਲਝਾਉਣ ਲਈ ਬੜੀ ਮਿਹਨਤ, ਧੀਰਜ ਤੇ ਸਮਕਾਲੀ ਇਤਿਹਾਸਾਂ ਦੇ ਵਾਚਣ ਦੀ ਲੋੜ ਹੈ। ਮੇਰੇ ਮਨ ਨੇ ਕਹਿਆ ਕਿ ਲਾਹੌਰ ਦਰਬਾਰ ਸਬੰਧੀ ਤਾਂ ਸਭ ਕੁਝ ਤਿਆਰ ਹੀ ਤਿਆਰ ਹੈ, ਜਦ ਦਿਲ ਕੀਤਾ ਇਹ ਹਾਲ ਲਿਖ ਲਵਾਂਗਾ ਜਾਂ ਜੇ ਮੈਂ ਆਪ ਨਾ ਲਿਖ ਸਕਿਆ ਤਾਂ ਕੋਈ ਹੋਰ ਹੀ ਲਿਖ ਲਵੇਗਾ ਪਰ ਸਿੱਖ ਇਤਿਹਾਸ ਦੇ ਜਿਸ ਸਮੇਂ ਵਲ ਬਹੁਤ ਥੋੜੇ ਆਦਮੀਆਂ ਨੇ ਧਿਆਨ ਦਿੱਤਾ ਹੈ ਅਤੇ ਅੱਗੇ ਨੂੰ ਵੀ ਜਿਸ ਸਮੇਂ ਵਲ ਬਹੁਤ ਥੋੜੇ ਦਿਵਵਾਨਾਂ ਨੇ ਧਿਆਨ ਦੇਣਾ ਹੈ, ਉਸ ਨੂੰ ਸਿਰੇ ਚੜ੍ਹਾਉਣ ਦਾ ਜਤਨ ਕੀਤਾ ਜਾਵੇ।"

ਵੇਖੋ : 'ਇਤਿਹਾਸਕ ਖੋਜ', ਪੰਨਾ 272

[23]'ਫੁਲਵਾੜੀ', (ਮਾਸਕ) ਕਰਮ ਸਿੰਘ ਨੰਬਰ, ਪੰਨਾ 1069

[24]ਸਰਦਾਰ ਸਾਹਿਬ ਨਾਲ ਹੋਈ ਇਕ ਨਿੱਜੀ ਮੁਲਾਕਾਤ ਸਮੇਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ।

Digitized by Panjab Digital Library | www.panjabdigilib.org

ਵਿਚਾਰਿਆ ਗਿਆ ਹੈ ।

ਕੱਤਕ ਕਿ ਵਿਸਾਖ

ਇਹ ਪੁਸਤਕ ਸ. ਕਰਮ ਸਿੰਘ ਦੀ ਬਹੁਚਰਚਿਤ ਪੁਸਤਕ ਹੈ । ਆਮ ਸਿੱਖਾਂ ਵਿਚ ਉਨ੍ਹਾਂ ਦੀ ਜਾਣ ਪਛਾਣ ਤੇ ਪ੍ਰਸਿੱਧੀ ਦਾ ਕਾਰਨ ਵੀ ਇਹੀ ਰਚਨਾ ਹੈ । ਲੇਖਕ ਅਨੁਸਾਰ ਇਸ ਦਾ ਖਰੜਾ ਤਾਂ 1908 ਈ.[25] ਵਿਚ ਹੀ ਤਿਆਰ ਹੋ ਗਿਆ ਸੀ ਤੇ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਵੀ ਕੀਤਾ ਗਿਆ ਸੀ, ਪਰ ਇਸ ਦੀ ਵਿਕਰੀ ਛੇਤੀ ਹੀ ਰੋਕ ਦਿੱਤੀ ਗਈ ਕਿਉਂਕਿ ਲੇਖਕ ਨੇ ਜਿਸ ਦਲੇਰੀ ਅਤੇ ਨਿਰਭੈਤਾ ਨਾਲ ਗੁਰੂ ਨਾਨਕ ਦੇਵ ਜੀ ਦੇ ਜਨਮ ਸੰਬੰਧੀ ਪਏ ਭੁਲੇਖੇ ਨੂੰ ਦੂਰ ਕਰਨ ਦਾ ਯਤਨ ਕੀਤਾ ਸੀ, ਪੁਸਤਕ ਦੇ ਪ੍ਰਕਾਸ਼ਕ ਉਸ ਦਲੇਰੀ ਨਾਲ ਇਸ ਦਾ ਪਰਚਾਰ ਨਹੀਂ ਕਰ ਸਕੇ । ਸੋ ਇਸ ਦੀ ਦੂਜੀ ਛਾਪ 1932 ਈ. ਵਿਚ ਸ. ਰਣਬੀਰ ਸਿੰਘ (ਸਪੁੱਤਰ ਸ. ਕਰਮ ਸਿੰਘ) ਨੇ ਨੈਨੀਤਾਲ ਤੋਂ ਪ੍ਰਕਾਸ਼ਿਤ ਕਰਵਾਈ ।

ਗੁਰੂ ਨਾਨਕ ਦੇਵ ਜੀ ਵਿਸਾਖ ਵਿਚ ਨਹੀਂ, ਕੱਤਕ ਦੀ ਪੂਰਨਮਾਸ਼ੀ ਨੂੰ ਪ੍ਰਗਟ ਹੋਏ, ਇਸ ਭੁਲੇਖੇ ਦਾ ਕਾਰਨ ਭਾਈ ਬਾਲੇ ਵਾਲੀ ਜਨਮ ਸਾਖੀ ਹੈ । ਸੋ ਲੇਖਕ ਨੇ ਇਤਿਹਾਸਿਕ ਖੋਜ ਦੀ ਕਸਵੱਟੀ ਅਨੁਸਾਰ ਇਸ ਸਾਖੀ ਦੀ ਪ੍ਰਮਾਣਿਕਤਾ ਬਾਰੇ ਪਰਖ ਪੜਚੋਲ ਕਰ ਕੇ ਇਸ ਨੂੰ ਰੱਦ ਕਰਦਿਆਂ ਲਿਖਿਆ ਹੈ :

> "ਜੇ ਕਰ ਗਹੁ ਨਾਲ ਇਸ ਜਨਮ ਸਾਖੀ ਨੂੰ ਪੜ੍ਹਿਆ ਜਾਵੇ ਤਾਂ ਸਹਿਜੇ ਹੀ ਪਤਾ ਲਗ ਜਾਂਦਾ ਹੈ ਕਿ ਇਹ ਜਨਮ ਸਾਖੀ ਕਦੋਂ ਕੁ ਲਿਖੀ ਗਈ ਹੋਵੇਗੀ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂ ਦੀ ਜੋ ਤਰਤੀਬ ਹੈ, ਉਹ ਪੰਚਮ ਪਾਤਸ਼ਾਹ ਜੀ ਦੀ ਬਣਾਈ ਹੋਈ ਹੈ, ਪਰ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਕਈ ਥਾਈਂ ਉਸੇ ਤਰਤੀਬ ਵਿਚ ਸ਼ਬਦ ਦਿੱਤੇ ਹਨ, ਜਿਸ ਤਰਤੀਬ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਨ; ਅਤੇ ਪਹਿਲੀ ਪਾਤਸ਼ਾਹੀ ਤੋਂ ਬਿਨਾਂ

---

[25]ਫੁਲਵਾੜੀ (ਮਾਸਕ) ਦੇ ਅਪ੍ਰੈਲ, 1926 ਈ. ਅੰਕ ਵਿਚ ਛਪੇ ਇਕ ਲੇਖ ਅਨੁਸਾਰ "ਅਠਾਰਾਂ ਵਰ੍ਹੇ ਹੋਏ ਹਨ ਕਿ ਮੈਂ ਕੱਤਕ ਕਿ ਵਸਾਖ" ਨਾਮੇ ਇਕ ਪੁਸਤਕ ਲਿਖੀ ਸੀ...।" ਇਸ ਹਿਸਾਬ ਨਾਲ ਪ੍ਰਕਾਸ਼ਨ ਮਿਤੀ 1908 ਈ. ਹੀ ਬਣਦੀ ਹੈ, ਹਵਾਲੇ ਲਈ ਵੇਖੋ : 'ਇਤਿਹਾਸਕ ਪੋਜ', ਪੰਨਾ 51
ਹੋਰ ਵੇਖੋ : "ਇਸ ਤੋਂ ਮਗਰੋਂ ਮੈਂ ਕੱਤਕ ਕਿ ਵਿਸਾਖ ਨਾਮੇ ਕਿਤਾਬ ਲਿਖੀ ।" ਇਸ ਤੋਂ ਪਹਿਲਾਂ 1903-4 ਵਿਚ ਗੁਰਗਾਥਾ ਨਿਹਣੇ ਅਤੇ 1906-7 ਵਿਚ ਬੰਦਾ ਬਹਾਦਰ ਲਿਖੇ ਜਾਣ ਦਾ ਜ਼ਿਕਰ ਕੀਤਾ ਹੈ । ਇਸ ਪੱਖੋਂ ਵੀ ਪ੍ਰਕਾਸ਼ਨ ਦਾ ਸਮਾਂ 1908 ਈ. ਹੀ ਸਿੱਧ ਹੁੰਦਾ ਹੈ । ਹੋਰ ਵੇਖੋ : ਉਕਤ ਪੁਸਤਕ ਦੇ ਹੀ ਪੰਨਾ 16 ਤੇ ਹੀਰਾ ਸਿੰਘ ਦਰਦ ਨੇ ਲਿਖਿਆ ਹੈ ।
"ਬਗਦਾਦ ਤੋਂ ਵਾਪਸ ਮੁੜ ਕੇ ਆਪ ਨੇ ਪਹਿਲਾਂ ਬੰਦਾ ਬਹਾਦਰ ਲਿਖਿਆ ਫਿਰ 'ਕਤੱਕ ਕਿ ਵਸਾਖ' ਲਿਖਿਆ" ਇਸ ਤਰ੍ਹਾਂ ਵੇਖਿਆ ਵੀ 1908 ਈ. ਹੀ ਸੰਭਵ ਮਿਤੀ ਜਾਪਦੀ ਹੈ । ਪਰ ਇਹ ਸਮਝ ਨਹੀਂ ਆਈ ਕਿ ਡਾ. ਗੰਡਾ ਸਿੰਘ ਨੇ ਆਪਣੀ ਪੁਸਤਕ 'ਏ ਬਿਬਲਿਓਗ੍ਰਾਫੀ ਆਫ਼ ਦੀ ਪੰਜਾਬ' ਦੇ ਪੰਨਾ 253-54 ਤੇ ਇਸ ਦੀ ਪਹਿਲੀ ਐਡੀਸ਼ਨ 1912 ਵਿਚ ਛਪੀ ਹੋਈ ਕਿਉਂ ਦੱਸੀ ਹੈ ? ਇਸ ਤਰ੍ਹਾਂ ਭਾਸ਼ਾ ਵਿਭਾਗ, ਪੰਜਾਬ ਵਲੋਂ ਪ੍ਰਕਾਸ਼ਿਤ ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ (1971 ਦੂਜੀ ਵਾਰ) ਭਾਗ ਪਹਿਲਾ/ ਲੇਖਕ ਕ੍ਰਮ/ ਵਿਚ ਪੰਨਾ 253-54 ਉਤੇ ਇਸ ਬਾਰੇ ਇਹ ਸੂਚਨਾ ਦਰਜ ਹੈ, "ਫੁਲਵਾਵੀ ਪੁਸਤਕ ਭੰਡਾਰ', ਲਾਹੌਰ 1930

Digitized by Panjab Digital Library | www.panjabdigilib.org

ਦੂਜੀਆਂ ਪਾਤਸ਼ਾਹੀਆਂ ਦੇ ਸ਼ਬਦ ਵੀ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਹਨ। ਮਸੰਦ ਸ਼ਬਦ ਸਿੱਖਾਂ ਵਿਚ ਪੰਚਮ ਪਾਤਸ਼ਾਹੀ ਜੀ ਦੇ ਸਮੇਂ ਤੋਂ ਪ੍ਰਚਲਿਤ ਹੋਇਆ ਹੈ, ਪਰ ਇਹ ਸ਼ਬਦ ਵੀ ਜਨਮ ਸਾਖੀ ਵਿਚ ਮਿਲਦਾ ਹੈ। ਕਸ਼ਮੀਰ ਵਾਲੀ ਸਾਖੀ ਅੱਖਰੋ ਅੱਖਰ ਪੁਰਾਤਨ ਜਨਮ ਸਾਖੀ ਦੀ ਨਕਲ ਹੈ। ਅਤੇ ਹੋਰ ਵੀ ਕਈ ਗੱਲਾਂ ਐਸੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਭਾਈ ਬਾਲੇ ਵਾਲੀ ਸਾਖੀ ਸ੍ਰੀ ਦਸਮੇਸ਼ ਜੀ ਦੇ ਸਮੇਂ ਵਿਚ ਹੀ ਲਿਖੀ ਗਈ ਹੋਵੇਗੀ।''[26]

ਇਸ ਜਨਮ ਸਾਖੀ ਦੇ ਪਾਏ ਭੁਲੇਖਿਆਂ ਨੂੰ ਪਾਠਕਾਂ ਸਾਹਮਣੇ ਪੇਸ਼ ਕਰਨ ਲਈ ਪੁਸਤਕ ਨੂੰ ਹੇਠ ਲਿਖੇ 10 ਹਿੱਸਿਆਂ ਵਿਚ ਜਾਂ ਕਾਂਡਾਂ ਵਿਚ ਵੰਡਿਆ ਗਿਆ ਹੈ।

(1) ਅਸੰਭਵ ਗੱਲਾਂ (2) ਅਯੋਗ ਗੱਲਾਂ (3) ਗੁਰਆਸ਼ੇ ਵਿਰੁਧ ਗੱਲਾਂ (4) ਸ਼ਬਦ ਵਿਦਿਆ ਸੰਬੰਧੀ (5) ਗੁਰੂ ਸ਼ਬਦ ਸਬੰਧੀ (6) ਪ੍ਰਸਪਰ ਵਿਰੋਧੀ ਗੱਲਾਂ (7) ਭੂਗੋਲ ਸਬੰਧੀ (8) ਜਯੋਤਸ਼ ਸਬੰਧੀ (9) ਗੁਰਦੁਆਰਿਆਂ ਸਬੰਧੀ (10) ਇਤਿਹਾਸ ਸਬੰਧੀ।

ਜਨਮ ਸਾਖੀ ਦੇ ਅਪ੍ਰਮਾਣਿਕ ਹੋਣ ਸੰਬੰਧੀ ਦਲੀਲਾਂ ਵਿਚੋਂ ਪ੍ਰਮੁੱਖ ਇਹ ਹੈ ਕਿ ਭਾਈ ਬਾਲੇ ਦਾ ਨਾਂ ਭਾਈ ਗੁਰਦਾਸ ਦੀ ਪਹਿਲੀ ਤੇ ਗਿਆਰ੍ਹਵੀਂ ਵਾਰ ਵਿਚ ਕਿਤੇ ਨਹੀਂ ਆਉਂਦਾ। ਜਦ ਕਿ ਉਸ ਸਮੇਂ ਦੇ ਦੂਜੇ ਪ੍ਰਸਿੱਧ ਸਿੱਖਾਂ ਦਾ ਨਾਂ ਆਉਂਦਾ ਹੈ। ਦੂਜੀ ਗੱਲ ਇਹ ਹੈ ਕਿ ਜਦ ਕਿਸੇ ਹੋਰ ਗੁਰੂ ਵਿਅਕਤੀ ਨੇ ਆਪਣੇ ਤੋਂ ਪਹਿਲਾਂ ਹੋਏ ਗੁਰੂ ਸਾਹਿਬ ਦੀ ਜਨਮ ਸਾਖੀ ਨਹੀਂ ਲਿਖਵਾਈ ਤਾਂ ਗੁਰੂ ਅੰਗਦ ਦੇਵ ਜੀ ਨੂੰ ਹੀ ਇਹ ਖਿਆਲ ਕਿਵੇਂ ਆ ਗਿਆ? ਇਸੇ ਪੁਸਤਕ (ਭਾਵ ਜਨਮ ਸਾਖੀ) ਦੇ ਹਵਾਲੇ ਅਨੁਸਾਰ ਇਹ ਸਾਖੀ ਪੈੜੇ ਮੋਖੇ ਨੇ ਲਿਖੀ। ਭਾਈ ਬਾਲੇ ਨੇ ਲਿਖਵਾਈ ਤੇ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਲਿਖੀ ਗਈ। ਕਿਉਂਕਿ ਇਸ ਵਿਚ ਗੁਰੂ ਨਾਨਕ ਦੇਵ ਜੀ ਸੰਬੰਧੀ ਕਈ ਅਯੋਗ ਤੇ ਬੇਅਦਬੀ ਭਰੀਆਂ ਗੱਲਾਂ ਆਖੀਆਂ ਗਈਆਂ ਹਨ, ਇਸ ਲਈ ਗੁਰੂ ਅੰਗਦ ਦੇਵ ਜੀ ਦੇ ਸਮੇਂ ਅਤੇ ਹਜ਼ੂਰੀ ਵਿਚ ਇਸ ਸਾਖੀ ਦੇ ਲਿਖੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮਿਸਾਲ ਵਜੋਂ ਇਸ ਸਾਖੀ ਵਿਚੋਂ ਲਈ ਗਈ ਇਕ ਟੂਕ ਅਤੇ ਇਸ ਬਾਰੇ ਸ. ਕਰਮ ਸਿੰਘ ਦਾ ਪ੍ਰਤੀਕਰਮ ਵੇਖੋ:

> ''ਤਾਂ ਨਾਨਕ ਕਹਿਆ, ਦੁਆਪਰ ਜੁਗ ਕੇ ਬਿਖੇ ਹਮ ਨਿਰੰਕਾਰ ਕੀ ਭਗਤ ਕਰੀ, ਭਗਤ ਤੋਂ ਪੂਰੀ ਹੋਈ ਥੀ, ਪਰ ਬਾਛਨਾ ਹਮ ਕੋ ਬਿਆਪੀ ਥੀ ਹਮਾਰਾ ਤੇਲੀ ਕੇ ਘਰ ਜਨਮ ਨੀਚ ਘਰ ਜਨਮ ਥਾ, ਉਸ ਬਾਛਨਾ ਕੇ ਵਾਸਤੇ ਹਮ ਕੋ ਫਿਰ ਜਨਮਹੂਆ ਖਤਰੀ ਕੇ ਘਰ' (ਸਾਖੀ ਸੱਚੇ ਸੌਦੇ ਜੀ ਕੀ)[27]

ਇਸ ਬਾਰੇ ਕਰਮ ਸਿੰਘ ਨੇ ਲਿਖਿਆ ਹੈ:

> ''ਏਸ ਲੇਖ ਤੋਂ ਸਾਫ਼ ਸਿੱਧ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਜਗ ਵਿਚ ਅਕਾਲ ਪੁਰਖ ਵਲੋਂ ਸੰਸਾਰ ਦੇ ਉਧਾਰ ਲਈ ਨਹੀਂ ਘੱਲੇ ਗਏ ਸਨ, ਸਗੋਂ

---

[26]ਕੱਤਕ ਕਿ ਵਿਸਾਖ ਪੰਨਾ 27

[27]ਉਹੀ, ਪੰਨਾ 27

Digitized by Panjab Digital Library | www.panjabdigilib.org

ਆਪਣੇ ਕਰਮਾਂ ਦੇ ਬੱਧੇ ਆਏ ਸਨ।''[28]

ਇਕ ਹੋਰ ਪੱਖੋਂ ਵੀ ਇਹ ਸਾਖੀ ਬਣਾਉਟੀ ਸਿੱਧ ਹੁੰਦੀ ਹੈ। ਇਸ ਦਾ ਰਚਨਾ ਕਾਲ 1582 ਸੰਮਤ ਦਿੱਤਾ ਗਿਆ ਹੈ। ਇਹ ਮਿਤੀ ਮੂਲੋਂ ਹੀ ਗ਼ਲਤ ਹੈ ਕਿਉਂਕਿ ਇਹ ਕਰਮ ਸਿੰਘ ਅਨੁਸਾਰ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ 14 ਸਾਲ ਪਹਿਲਾਂ ਦੀ ਗੱਲ ਬਣਦੀ ਹੈ। ਉਦੋਂ ਗੁਰੂ ਸਾਹਿਬ, ਗੁਰੂ ਅੰਗਦ ਦੇਵ ਜੀ ਨੂੰ ਮਿਲੇ ਵੀ ਨਹੀਂ ਸਨ।

ਇਸ ਤੋਂ ਛੁੱਟ ਸਾਖੀਕਾਰ ਨੇ ਬਾਬਾ ਕਾਲੂ ਜੀ ਨੂੰ ਚੰਡਾਲ, ਰਾਕਸ਼ ਅਤੇ ਬੜਬੋਲਾ ਕਹਿਣ ਦੀ ਗੁਸਤਾਖੀ ਵੀ ਕੀਤੀ ਹੈ। ਕੀ ਗੁਰੂ ਅੰਗਦ ਦੇਵ ਜੀ ਇਹੋ ਜਿਹੇ ਬੇ-ਅਦਬੀ ਭਰੇ ਬੋਲ ਸੁਣ ਸਕਦੇ ਸਨ? ਭਾਈ ਬਾਲਾ ਆਪ ਮੰਨਦਾ ਹੈ ਕਿ ਗੁਰੂ ਨਾਨਕ ਦੇਵ ਜੀ ਉਸ ਤੋਂ ਤਿੰਨ ਸਾਲ ਵੱਡੇ ਸਨ, ਫਿਰ ਇਹ ਸਾਰੀਆਂ ਗੱਲਾਂ ਉਸ ਨੂੰ ਕਿਥੋਂ ਪਤਾ ਲੱਗੀਆਂ?

ਗੁਰਬਾਣੀ ਦੇ ਜਿਹੜੇ ਸ਼ਬਦ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਵਰਤੇ ਗਏ ਹਨ, ਉਨ੍ਹਾਂ ਸਬੰਧੀ ਉਪਰ ਕਿਹਾ ਜਾ ਚੁੱਕਾ ਹੈ। ਇਨ੍ਹਾਂ ਸ਼ਬਦਾਂ ਦੇ ਅਰਥਾਂ ਦੀ ਪਰੰਪਰਾ ਕਰਮ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਸ਼ੁਰੂ ਹੋਈ ਜਦੋਂ ਭਾਸ਼ਾਈ ਪੱਖ ਤੋਂ ਸ਼ਬਦਾਂ ਦੀ ਵਿਆਖਿਆ ਦੀ ਲੋੜ ਪੈਦਾ ਹੋ ਗਈ ਸੀ। ਜੇ ਇਹ ਸਾਖੀ ਗੁਰੂ ਅੰਗਦ ਦੇਵ ਜੀ ਦੇ ਵੇਲੇ ਲਿਖੀ ਗਈ ਹੁੰਦੀ ਤਾਂ ਇਸ ਲਈ ਸ਼ਬਦਾਂ ਦੇ ਅਰਥ ਨਾਲੋ ਨਾਲ ਨਾ ਦਿੱਤੇ ਹੋਏ ਹੁੰਦੇ।[29]

ਇਸ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੀ ਰਚਨਾ ਦਾ ਸਰੂਪ ਵਿਗਾੜਨ ਦੀ ਗੁਸਤਾਖੀ ਵੀ ਕੀਤੀ ਗਈ ਹੈ। ਮਿਸਾਲ ਵਜੋਂ 'ਜਪੁਜੀ ਸਾਹਿਬ' ਵਿਚ ਅੰਕਿਤ ਪਉੜੀ 'ਜਤ ਪਹਾਰਾ ਧੀਰਜ ਸੁਨਿਆਰ...'' ਨੂੰ ਇਸ ਸਾਖੀ ਵਿਚ ਇਉਂ ਲਿਖਿਆ ਹੈ:

> ''ਜਤ ਪਹਾਰਾ ਧੀਰਜ ਸੁਨਿਆਰ, ਆਹਰਨ ਮਤ ਵੇਦ ਹਥਿਆਰ। ਗੁਰ ਸ਼ਬਦ ਸਚ ਸਚੀ ਧਰਮਸਾਲ, ਸਚ ਕਰ ਭਾਂਡਾ ਤੱਤ ਲੈ ਢਾਲ ਘੜੀਐ ਸ਼ਬਦ ਸਚੀ ਟਕਸਾਲ, ਅੰਮ੍ਰਿਤ ਦ੍ਰਿਸ਼ਟ ਸਦਾ ਦਿਆਲ। ਨਾਨਕ ਨਦਰੀ ਨਦਰਿ ਨਿਹਾਲ।''[30]

ਕੁਦਰਤੀ ਤੌਰ ਤੇ ਕਰਮ ਸਿੰਘ ਦਾ ਪ੍ਰਤੀਕਰਮ ਹੈ:

> ''ਪਾਠਕ ਜੀ! ਇਹ ਹੈ ਜਨਮ ਸਾਖੀ ਜਿਸ ਦੇ ਲਿਖਣ ਵਾਲਾ ਬਾਣੀ ਵਿਚੋਂ ਤੁਕਾਂ ਦੀਆਂ ਤੁਕਾਂ ਬਦਲਾ ਰਿਹਾ ਹੈ। ਸ਼ੋਕ ਹੈ ਸਾਡੇ ਉਤੋਂ, ਮਹਾਂ ਸ਼ੋਕ ਹੈ ਸਾਡੀ ਸਿੱਖੀ ਉਤੇ ਜੇ ਅਸੀਂ ਅਜਿਹੀਆਂ ਪੋਥੀਆਂ ਨੂੰ ਅੱਖਾਂ ਮੀਟ ਕੇ ਮੰਨੀ ਜਾਵੀਏ।''[31]

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਇਹ ਜਨਮ ਸਾਖੀ ਕਦੋਂ ਲਿਖੀ ਗਈ ਤੇ ਕਿਸ

---

[28]ਕੱਤਕ ਕਿ ਵਿਸਾਖ ਪੰਨਾ 27

[29]''ਸਾਫ ਸਿੱਧ ਹੁੰਦਾ ਹੈ ਕਿ ਇਹ ਜਨਮ ਸਾਖੀ ਗੁਰੂ ਅੰਗਦ ਦੇਵ ਦੇ ਵੇਲੇ ਨਹੀਂ ਲਿਖੀ ਗਈ ਬਲਕਿ ਉਦੋਂ ਲਿਖੀ ਗਈ ਜਦੋਂ ਕਿ ਸ਼ਬਦਾਂ ਦੀ ਟੀਕਾ ਕਰਨ ਦੀ ਲੋੜ ਪ੍ਰਤੀਤ ਹੋ ਗਈ ਸੀ।'' ਵੇਖੋ: 'ਕੱਤਕ ਕਿ ਵਿਸਾਖ', ਪੰਨਾ 196

[30]ਉਹੀ, ਪੰਨਾ 247-48

[31]ਉਹੀ

Digitized by Panjab Digital Library | www.panjabdigilib.org

ਮੰਤਵ ਅਧੀਨ, ਕਿਸ ਨੇ ਲਿਖਵਾਈ। ਜਿਥੋਂ ਤਕ ਇਸ ਰਚਨਾ ਦੀ ਰਚਨਾ-ਮਿਤੀ ਦਾ ਸੁਆਲ ਹੈ, ਇਸ ਦੇ ਅੰਦਰਲੇ ਹਵਾਲਿਆਂ ਤੋਂ ਇਹ ਗੱਲ ਭਲੀ ਭਾਂਤ ਸਿੱਧ ਹੋ ਜਾਂਦੀ ਹੈ। ਮਿਸਾਲ ਵਜੋਂ ਸੈਦਪੁਰ ਤੇ ਏਮਨਾਬਾਦ ਇਕੋ ਹੀ ਸ਼ਹਿਰ ਦੇ ਦੋ ਨਾਂ ਹਨ। 1691 ਬਿਕਰਮੀ ਵਿਚ ਲਿਖੀ ਗਈ 'ਪੁਰਾਤਨ ਜਨਮ ਸਾਖੀ' ਵਿਚ ਇਸ ਨੂੰ ਸੈਦਪੁਰ ਹੀ ਲਿਖਿਆ ਹੈ। ਭਾਵੇਂ ਏਮਨਾਬਾਦ ਨਾਂ ਗੁਰੂ ਜੀ ਵੇਲੇ ਹੀ ਰਖਿਆ ਗਿਆ ਸੀ, ਪਰ ਪ੍ਰਚਲਿਤ ਨਹੀਂ ਹੋਇਆ। ਹੈਰਾਨੀ ਦੀ ਗੱਲ ਹੈ ਕਿ ਇਸ ਰਚਨਾ ਵਿਚ ਹਰ ਥਾਂ ਏਮਨਾਬਾਦ ਹੀ ਲਿਖਿਆ ਹੋਇਆ ਹੈ। ਇਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਇਹ ਸਾਖੀ ਅਕਬਰ ਬਾਦਸ਼ਾਹ ਤੋਂ ਮਗਰੋਂ ਲਿਖੀ ਗਈ ਕਿਉਂਕਿ ਅਕਬਰ ਵੇਲੇ ਹੋਇਆ ਇਤਿਹਾਸਕਾਰ ਮੁਹੰਮਦ ਕਾਸਮ ਫਰਿਸ਼ਤਾ ਵੀ ਇਸ ਸ਼ਹਿਰ ਨੂੰ ਸੈਦਪੁਰ ਹੀ ਲਿਖਦਾ ਹੈ। ਲੇਖਕ ਦੇ ਵਿਚਾਰ ਅਨੁਸਾਰ, "ਇਸ ਦਾ ਲੇਖਕ ਕੋਈ ਹੰਦਾਲੀਆ ਹੈ ਤੇ ਜੇਕਰ ਬਾਬਾ ਹੰਦਾਲ ਜੀ ਦੇ ਪੁੱਤਰ ਦੀਆਂ ਪਰਚੀਆਂ ਤੇ ਇਸ ਜਨਮ ਸਾਖੀ ਨੂੰ ਰਲਾ ਕੇ ਪੜ੍ਹਿਆ ਜਾਵੇ ਤਾਂ ਸਾਫ਼ ਸਿੱਧ ਹੋ ਜਾਂਦਾ ਹੈ ਕਿ ਇਹ ਦੋਵੇਂ ਸਾਖੀਆਂ ਇਕ ਹੀ ਕਲਮ ਦੀਆਂ ਲਿਖੀਆਂ ਹੋਈਆਂ ਹਨ, ਜਿਸ ਦਾ ਅੰਤ੍ਰੀਵ ਭਾਵ ਸਤਿਗੁਰੂ ਜੀ ਨੂੰ ਛੋਟਾ ਤੇ ਬਾਬਾ ਹੰਦਾਲ ਜੀ ਨੂੰ ਵੱਡਾ ਸਿੱਧ ਕਰਨਾ ਸੀ। ਇਸ ਨੂੰ ਸੌਖ ਨਾਲ ਪ੍ਰਚਲਿਤ ਕਰਨ ਲਈ ਭਾਈ ਬਾਲੇ ਦਾ ਨਾਂ ਵਿਚ ਪਾਇਆ ਗਿਆ ਹੈ ਤੇ ਉਸ ਨੂੰ ਗੁਰੂ ਜੀ ਦਾ ਸਾਥੀ ਬਣਾ ਕੇ ਵਧੀਕ ਪ੍ਰਮਾਣਿਕ ਬਣਾਉਣ ਦਾ ਜਤਨ ਕੀਤਾ ਗਿਆ। ਪਰ ਅਸਲ ਗੱਲ ਇਹ ਹੈ ਕਿ ਭਾਈ ਬਾਲਾ ਕੋਈ ਹੋਇਆ ਹੀ ਨਹੀਂ।"[32] ਹਿੰਦੂਆਂ ਵਿਚ ਕੱਤਕ ਦਾ ਮਹੀਨਾ ਨਹਿਸ਼ ਮੰਨਿਆ ਗਿਆ ਹੈ, ਇਸ ਮਹੀਨੇ ਵਿਚ ਬੱਚੇ ਨੂੰ ਜਨਮ ਦੇਣ ਵਾਲੀ ਤ੍ਰੀਮਤ ਨੂੰ ਘਰੋਂ ਕੱਢ ਦੇਣ ਦਾ ਹੁਕਮ ਹੈ। ਇਸ ਤੋਂ ਜਨਮ ਸਾਖੀ ਦੇ ਲੇਖਕ ਦਾ ਭਾਵ ਹੈ ਕਿ ਸਤਿਗੁਰ ਜੀ ਅਵਤਾਰ ਹੋਣਾ ਤਾਂ ਕਿਤੇ ਰਿਹਾ, ਪੈਦਾਇਸ਼ ਦੇ ਲਿਹਾਜ਼ ਨਾਲ ਇਕ ਮਾਮੂਲੀ ਆਦਮੀ ਵੀ ਨਹੀਂ ਸਨ।

ਇਹ ਜਨਮ ਸਾਖੀ ਇਤਨੀ ਪ੍ਰਸਿੱਧ ਕਿਉਂ ਹੋ ਗਈ ? ਇਸ ਪ੍ਰਸ਼ਨ ਬਾਰੇ ਕਰਮ ਸਿੰਘ ਦਾ ਵਿਚਾਰ ਹੈ ਕਿ ਸੰਮਤ 1862 ਤਕ ਇਸ ਦਾ ਕੋਈ ਪ੍ਰਚਾਰ ਨਹੀਂ ਸੀ। ਇਸ ਤੋਂ ਮਗਰੋਂ ਮਿਲੀ ਵਿਹਲ ਵਿਚ ਸਿੱਖਾਂ ਨੇ ਇਸ ਦੀਆਂ ਹੱਥ ਲਿਖਤ ਨਕਲਾਂ ਕੀਤੀਆਂ ਤੇ ਹਰ ਗੁਰਦੁਆਰੇ ਵਿਚ ਇਸ ਦੀ ਨਕਲ ਪੁੱਜ ਗਈ। ਸੰਮਤ 1880 ਵਿਚ ਸ. ਸੰਤੋਖ ਸਿੰਘ ਨੇ 'ਨਾਨਕ ਪ੍ਰਕਾਸ਼' ਦੀ ਰਚਨਾ ਕੀਤੀ। ਜੋ ਇਸ ਨਾਲ ਅਖਰ ਅੱਖਰ ਮਿਲਦਾ ਹੈ।

ਗੁਰੂ ਜੀ ਦਾ ਪ੍ਰਕਾਸ਼ ਦਿਵਸ ਵਿਸਾਖ ਦੀ ਥਾਂ ਕੱਤਕ ਵਿਚ ਮਨਾਉਣ ਦਾ ਰਿਵਾਜ ਸੰਮਤ 1925 ਵਿਚ ਨਨਕਾਣਾ ਸਾਹਿਬ ਵਿਚ ਪਿਆ। ਲੇਖਕ ਅਨੁਸਾਰ :

> "ਕੱਤਕ ਪੂਰਨਮਾਸ਼ੀ ਦਾ ਰਿਵਾਜ ਸੰਤ ਸਿੰਘ ਦੇ ਕਹਿਣ ਤੇ ਪਿਆ। ਮੈਕਾਲਿਫ਼ ਸਾਹਿਬ ਕਾਰਨ ਇਹ ਦਸਦੇ ਹਨ ਕਿ ਉਸੇ ਦਿਨ ਅੰਮ੍ਰਿਤਸਰ ਦੇ ਨਜ਼ਦੀਕੀ ਰਾਮ ਤੀਰਥ ਵਿਖੇ ਬਹੁਤ ਭਾਰੀ ਮੇਲਾ ਲਗਦਾ ਹੈ ਤੇ ਸਿੱਖਾਂ ਨੂੰ ਉਸ ਮੇਲੇ ਵਿਚ ਜਾਣੋਂ ਵਰਜਣ ਲਈ ਕੱਤਕ ਪੂਰਨਮਾਸ਼ੀ ਨੂੰ ਗੁਰੂ ਜੀ ਦਾ ਗੁਰਪੁਰਬ ਮਨਾਉਣਾ ਆਰੰਭ ਹੋ ਗਿਆ।"[33]

---

[32] 'ਇਤਿਹਾਸਕ ਖੋਜ', ਪੰਨਾ 4-5

[33] 'ਕੱਤਕ ਕਿ ਵਸਾਖ', ਪੰਨਾ 257

Digitized by Panjab Digital Library | www.panjabdigilib.org

ਅੰਤ ਵਿਚ ਇਸ ਸਾਖੀ ਨੂੰ ਰੱਦ ਕਰਦਿਆਂ ਕਰਮ ਸਿੰਘ ਨੇ ਲਿਖਿਆ ਹੈ :

"ਪਾਠਕ ਜੀ ! ਮੈਂ ਭਾਈ ਗੁਰਮੁਖ ਸਿੰਘ ਜੀ ਸਵਰਗਵਾਸੀ ਨਾਲ ਇਕ ਸੁਰ ਹੋ ਕੇ ਦੁਹਾਈ ਦੇ ਕੇ ਆਖਦਾ ਹਾਂ ਕਿ ਇਹ ਸਾਖੀ ਸ਼ੁਰੂ ਤੋਂ ਲੈ ਕੇ ਅਖੀਰ ਤਕ ਜਾਲ੍ਹੀ ਹੈ, ਝੂਠੀ ਹੈ ਬਣਾਉਟੀ ਹੈ। ਨਿੰਦਿਆ ਨਾਲ ਭਰੀ ਪਈ ਹੈ, ਸੁਣਨ ਦੇ ਯੋਗ ਨਹੀਂ, ਦੇਖਣ ਦੇ ਕੰਮ ਨਹੀਂ, ਮੰਨਣ ਦੇ ਲੈਕ ਨਹੀਂ ਏਸ ਨੂੰ ਬੰਨ੍ਹ ਕੇ ਅਜਿਹੇ ਥਾਂ ਪੁਚਾਉਣਾ ਚਾਹੀਏ ਜਿਥੋਂ ਇਸ ਦਾ ਖੁਰਾ ਖੋਜ ਨਾ ਮਿਲੇ।"[34]

ਸਾਰਾਂਸ਼ ਇਹ ਕਿ ਲੇਖਕ ਨੇ ਇਹ ਪੁਸਤਕ ਲਿਖ ਕੇ ਜਿਥੇ ਭਾਈ ਬਾਲੇ ਵਾਲੀ ਜਨਮਸਾਖੀ ਦੀਆਂ ਨਿਰਾਧਾਰ ਗੱਲਾਂ ਦਾ ਦਲੀਲ ਯੁਕਤ ਖੰਡਨ ਕੀਤਾ ਹੈ, ਉਥੇ ਸਿੱਖਾਂ ਵਿਚ ਪ੍ਰਸਿੱਧੀ ਪ੍ਰਾਪਤ ਕਰ ਚੁਕੇ ਇਸ ਵਿਅਕਤੀ ਦੀ ਹੋਂਦ ਬਾਰੇ ਸ਼ੰਕਾ ਕਰ ਕੇ ਸਿੱਖਾਂ ਨੂੰ ਆਪਣੇ ਇਤਿਹਾਸ ਬਾਰੇ ਮੁੱਢੋਂ ਸੁੱਢੋਂ ਸੋਚਣ ਦਾ ਸੁਝਾ ਵੀ ਦਿੱਤਾ ਹੈ। ਦੂਜੇ, ਲੇਖਕ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿੰਵਸ ਬਾਰੇ ਭੁਲੇਖਾ ਪਾਉਣ ਵਾਲੇ ਸਾਰੇ ਕਾਰਨਾਂ ਦਾ ਵਿਸ਼ਲੇਸ਼ਣ ਕਰਕੇ, ਸਹੀ ਤਰੀਕ ਨਿਸਚਿਤ ਕਰਕੇ, ਅਤੇ ਪ੍ਰਚੱਲਿਤ ਤੋਂ ਉਲਟ ਗੱਲ ਕਹਿਣ ਦੀ ਹਿੰਮਤ ਕਰਕੇ ਨਿਡਰ ਤੇ ਨਿਝਕ ਇਤਿਹਾਸਕਾਰੀ ਦੀ ਮਿਸਾਲ ਵੀ ਪੇਸ਼ ਕੀਤੀ ਹੈ।

2. ਗੁਰਪੁਰਬ ਨਿਰਣੈ

ਗੁਰਪੁਰਬ ਨਿਰਣੈ ਵਿਚ ਸ. ਕਰਮ ਸਿੰਘ ਨੇ ਗੁਰੂ ਸਾਹਿਬਾਨ ਦੇ ਜਨਮ ਦਿਵਸ, ਗੱਦੀ ਨਸ਼ੀਨ ਹੋਣ ਦੇ ਸਮੇਂ ਅਤੇ ਜੋਤੀ ਜੋਤ ਸਮਾਉਣ ਦੀਆਂ ਤਰੀਕਾਂ ਦਾ ਵੇਰਵਾ, ਡੂੰਘੀ ਖੋਜ ਅਤੇ ਸਾਰੇ ਇਤਿਹਾਸਿਕ ਮਸਾਲੇ ਦੀ ਪੁਣਛਾਣ ਕਰਨ ਮਗਰੋਂ ਵਿਗਿਆਨਕ ਖੋਜ ਵਿਧੀ ਅਨੁਸਾਰ ਦਿੱਤਾ ਹੈ। ਲੇਖਕ ਦੀਆਂ ਹੋਰ ਪੁਸਤਕਾਂ ਵਾਂਗ ਹੀ ਇਹ ਪੁਸਤਕ ਵੀ ਉਸ ਦੀ ਕਰੜੀ ਮਿਹਨਤ ਦਾ ਸਿੱਟਾ ਹੈ।[35]

ਇਹ ਪੁਸਤਕ ਰਚਣ ਦੀ ਲੋੜ ਇਸ ਕਰਕੇ ਪਈ ਕਿ ਪ੍ਰਾਚੀਨ ਇਤਿਹਾਸਿਕ ਲਿਖਤਾਂ ਵਿਚ ਉਪਰੋਕਤ ਸਾਰੀਆਂ ਹੀ ਮਿਤੀਆਂ ਸੁਦੀ, ਵਦੀ ਅਨੁਸਾਰ ਦਿੱਤੀਆਂ ਹੋਈਆਂ ਹਨ ਤੇ ਇਨ੍ਹਾਂ ਨੂੰ ਅੰਗਰੇਜ਼ੀ, ਹਿਜਰੀ ਜਾਂ ਪਰਵਿਸ਼ਟਾ ਤਰੀਕਾਂ ਵਿਚ ਬਦਲਣਾ ਔਖਾ ਹੈ। ਜਦ ਲੇਖਕ 'ਕੱਤਕ ਕਿ ਵਿਸਾਖ' ਪੁਸਤਕ ਸੰਬੰਧੀ ਇਤਿਹਾਸਕ ਤੱਥਾਂ ਦੀ ਖੋਜ-ਭਾਲ ਤੇ

---

[34]'ਕੱਤਕ ਕਿ ਵਸਾਖ', ਪੰਨਾ 248

ਨੋਟ : ਕੁਝ ਵਿਦਵਾਨਾਂ ਦੀ ਜ਼ਬਾਨੀ ਇਹ ਪਤਾ ਲਗਾ ਹੈ ਕਿ ਇਸ ਮਸਲੇ ਦਾਰੇ ਸ. ਕਰਮ ਸਿੰਘ ਨੇ ਅੰਤ ਵਿਚ ਆਪਣੀ ਰਾਇ ਬਦਲ ਲਈ ਸੀ। ਇਸ ਦੇ ਉਲਟ ਜਸਬੀਰ ਸਿੰਘ ਨੇ ਆਪਣੇ ਖੋਜ ਨਿਬੰਧ (ਕਰਮ ਸਿੰਘ ਦੀ ਇਤਿਹਾਸਕ ਵਾਰਤਕ) ਵਿਚ ਗਿਆਨੀ ਮਹਾਂ ਸਿੰਘ ਨਾਲ ਹੋਈ ਇਕ ਨਿਜੀ ਗਲਬਾਤ ਦਾ ਹਵਾਲਾ ਦਿੱਤਾ ਹੈ, ਜਿਸ ਅਨੁਸਾਰ ਇਹ ਧਾਰਣਾ ਬਿਲਕੁਲ ਨਿਰਮੂਲ ਸਿੱਧ ਹੁੰਦੀ ਹੈ।

ਸੱਚਾਈ ਇਹ ਹੈ ਕਿ ਕਰਮ ਸਿੰਘ ਅੰਤ ਸਮੇਂ ਤਕ ਇਸੇ ਥੀਸਿਸ ਤੇ ਕਾਇਮ ਰਹੇ। ਸ. ਰਣਬੀਰ ਸਿੰਘ (ਸਪੁੱਤਰ ਸ. ਕਰਮ ਸਿੰਘ) ਦੀ ਵੀ ਇਹੀ ਰਾਇ ਹੈ ਕਿ ਉਨ੍ਹਾਂ ਨੇ ਆਪਣਾ ਵਿਚਾਰ ਬਦਲਿਆ ਨਹੀਂ ਸੀ।

[35]ਵੇਖੋ : 'ਇਤਿਹਾਸਕ ਖੋਜ', ਪੰਨਾ 13

Digitized by Panjab Digital Library | www.panjabdigilib.org

ਪਰਖ-ਪੜਚੋਲ ਵਿਚ ਰੁੱਝਿਆ ਹੋਇਆ ਸੀ ਤਾਂ ਭਾਈ ਬਾਲੇ ਵਾਲੀ ਜਨਮ ਸਾਖੀ ਦੀਆਂ ਕੁਝ ਤਰੀਕਾਂ ਦੀ ਪੜਤਾਲ ਕਰਨ ਦੀ ਲੋੜ ਪਈ। ਤੀਜਾ ਕਾਰਨ ਇਹ ਸੀ ਕਿ ਜਦ ਕਦੇ ਵੀ ਸਿੱਖਾਂ ਨੂੰ ਆਪਣਾ ਇਤਿਹਾਸ ਅੰਗਰੇਜ਼ੀ ਵਿਚ ਲਿਖਣਾ ਪਿਆ, ਉਦੋਂ ਇਨ੍ਹਾਂ ਤਰੀਕਾਂ ਨਾਲ ਕਾਫ਼ੀ ਭੁਲੇਖੇ ਪੈ ਜਾਣ ਦੀ ਸੰਭਾਵਨਾ ਹੋਵੇਗੀ ਤੇ ਇਤਿਹਾਸਿਕ ਮਸਾਲੇ ਨੂੰ ਸਿਲਸਿਲੇ-ਵਾਰ ਪੇਸ਼ ਨਹੀਂ ਕੀਤਾ ਜਾ ਸਕੇਗਾ।

ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਜੋਤਿਸ਼ ਵਿਦਿਆ ਦੇ ਮਾਹਰ ਕਿਸੇ ਵਿਦਵਾਨ ਦੀ ਸਹਾਇਤਾ ਲੋੜੀਂਦੀ ਸੀ। ਲੇਖਕ ਨੂੰ ਉਦੋਂ ਅਜਿਹਾ ਕੋਈ ਸੱਜਣ ਨਜ਼ਰ ਨਾ ਆਇਆ ਤੇ ਨਾ ਹੀ ਚਾਰ ਸੌ ਸਾਲ ਪੁਰਾਣੀਆਂ ਜੰਤਰੀਆਂ ਕਿਤੋਂ ਲੱਭ ਸਕੀਆਂ। ਜੇ ਇਹ ਜੰਤਰੀਆਂ ਮਿਲ ਵੀ ਜਾਂਦੀਆਂ ਤਾਂ ਕੋਈ ਪੰਥਕ ਜੱਥਾ ਉਸ ਸਮੇਂ ਭਾਰੀ ਰਕਮ ਖਰਚ ਕੇ ਇਹ ਜੰਤਰੀਆਂ ਖਰੀਦ ਕੇ ਦੇਣ ਲਈ ਤਿਆਰ ਨਹੀਂ ਸੀ।

ਫਿਰ ਵੀ ਲੇਖਕ ਨੇ ਢੂੰਡ ਭਾਲ ਜਾਰੀ ਰਖੀ। ਸਬੱਬ ਨਾਲ ਰਾਜਪੂਤਾਨੇ ਦੇ ਪ੍ਰਸਿੱਧ ਰਾਜ ਇਤਿਹਾਸ ਖੋਜੀ ਲਾਲਾ ਦੇਵੀ ਪ੍ਰਸ਼ਾਦ ਦੀ ਰਚੀ ਹੋਈ ਜੰਤਰੀ 'ਕਾਰਨਾਮਾ-ਏ-ਨੌਆਈਨ' ਲੇਖਕ ਨੂੰ ਲੱਭ ਪਈ। ਇਸ ਦੀ ਸਹਾਇਤਾ ਨਾਲ ਮੋਟਾ ਕੰਮ ਤਾਂ ਸਰ ਸਕਦਾ ਸੀ ਪਰ ਜਿਸ ਤਰ੍ਹਾਂ ਦੀ ਬਰੀਕੀ ਲੇਖਕ ਚਾਹੁੰਦਾ ਸੀ, ਉਹ ਨਹੀਂ ਸੀ ਆ ਸਕਦੀ। ਕਰਮ ਸਿੰਘ ਨੂੰ ਇਸ ਸੰਬੰਧੀ ਲੋੜੀਂਦੀ ਲਿਖਤ ਦੀ ਪ੍ਰਾਪਤੀ ਉਦੋਂ ਹੋਈ ਜਦ ਉਹ 1906 ਈ. ਦੇ ਆਰੰਭ ਵਿਚ ਕਰਾਚੀ ਤੋਂ ਪਰੇ, ਮਕਰਾਨ ਦੇ ਪਹਾੜਾਂ ਵਿਚ, ਹਿੰਗਲਾਜ ਦੇਵੀ ਦੇ ਮੰਦਰ ਕੋਲ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ ਦੇ ਦਰਸ਼ਨ ਕਰਕੇ ਸਿੰਧ ਆਇਆ। ਉਦੋਂ ਉਸ ਨੂੰ ਪਤਾ ਲੱਗਿਆ ਕਿ ਅੰਗਰੇਜ਼ ਸਰਕਾਰ ਵੱਲੋਂ ਇਕ ਜੰਤਰੀ ਪ੍ਰਕਾਸ਼ਿਤ ਕਰਵਾਈ ਗਈ ਹੈ ਜਿਸ ਤੋਂ ਸਭ ਕੁਝ ਮਾਲੂਮ ਹੋ ਸਕਦਾ ਹੈ। ਉਦੋਂ ਉਸ ਛੋਟੀ ਜਿਹੀ ਪੁਸਤਕ ਦੀ ਕੀਮਤ ਸਾਢੇ ਇਕੱਤੀ ਰੁਪਏ ਸੀ। ਲੇਖਕ ਨੇ ਭਾਈ ਤਖਤ ਸਿੰਘ ਜੀ ਦੀ ਸਹਾਇਤਾ ਨਾਲ ਇਹ ਜੰਤਰੀ ਖਰੀਦ ਲਈ ਤੇ ਹੱਥਲੀ ਪੁਸਤਕ ਸੰਬੰਧੀ ਸਭ ਔਕੜਾਂ ਹਲ ਕਰ ਲਈਆਂ। ਇਕ ਦੋ ਵਾਰ ਤਾਂ ਤਰੀਕਾਂ ਦੀ ਪੜਤਾਲ ਕਰਦਿਆਂ ਅਜਿਹੀ ਗਲਤੀ ਵੀ ਲੱਗੀ ਕਿ ਸਾਰੀ ਮਿਹਨਤ ਬੇਕਾਰ ਜਾਪਣ ਲਗ ਪਈ, ਪਰ ਹੌਲੀ ਹੌਲੀ ਅਭਿਆਸ ਨਾਲ ਸਾਰੀਆਂ ਤਰੀਕਾਂ ਸਹੀ ਰੂਪ ਵਿਚ ਨਿਸ਼ਚਿਤ ਹੋ ਗਈਆਂ।

'ਕੱਤਕ ਕਿ ਵਿਸਾਖ' ਵਾਂਗ ਹੀ ਇਸ ਪੁਸਤਕ ਨੂੰ ਵੀ ਹੇਠ ਲਿਖੇ ਕੁਝ ਹਿੱਸਿਆਂ ਵਿਚ ਵੰਡਿਆ ਗਿਆ ਹੈ :

(ੳ) ਗੁਰਪੁਰਬ (ਅ) ਅਸਰ (ੲ) ਆਗਮਨ (ਸ) ਜੋਤੀ ਜੋਤ (ਹ) ਗੱਦੀ ਨਸ਼ੀਨੀ ਆਦਿ।

'ਗੁਰਪੁਰਬ' ਸਿਰਲੇਖ ਹੇਠ ਗੁਰਪੁਰਬ ਮਨਾਉਣ ਦਾ ਮਹੱਤਵ ਦੱਸਿਆ ਗਿਆ ਹੈ। ਕਰਮ ਸਿੰਘ ਦੇ ਵਿਚਾਰ ਅਨੁਸਾਰ ਗੁਰਪੂਰਬ ਦਾ ਦਿਨ, ਚੰਦ ਦੀ ਥਾਂ ਸੂਰਜ ਅਨੁਸਾਰ ਨਿਸ਼ਚਿਤ ਕਰਨਾ ਚਾਹੀਦਾ ਹੈ। ਜਿਥੋਂ ਤਕ ਆਗਮਨ ਦੀਆਂ ਤਰੀਕਾਂ ਦਾ ਸੁਆਲ ਹੈ, ਲੋਕਾਂ ਵਿਚ ਬੜੇ ਭੁਲੇਖੇ ਹਨ ਕਿਉਂਕਿ ਗੁਰੂ ਵਿਅਕਤੀ ਦੇ ਜਨਮ ਸਮੇਂ (ਸਿਵਾਏ ਗੁਰੂ ਨਾਨਕ ਦੇਵ ਜੀ ਤੋਂ) ਇਹ ਪਤਾ ਨਹੀਂ ਸੀ ਹੁੰਦਾ ਕਿ ਗੁਰਗੱਦੀ ਕਿਸ ਨੂੰ ਮਿਲੇਗੀ। ਇਸ ਲਈ ਕਈ ਭੁਲੇਖੇ ਵਾਪਰਦੇ ਸਨ ਤੇ ਹਾਸੋਹੀਣੀਆਂ ਗੱਲਾਂ ਲਿਖੀਆਂ ਜਾਂਦੀਆਂ ਸਨ। ਮਿਸਾਲ ਵਜੋਂ

Digitized by Panjab Digital Library | www.panjabdigilib.org

ਇਕ ਖੋਜ ਭਰੀ ਗੁਰਪ੍ਰਣਾਲੀ ਵਿਚ (ਲੇਖਕ ਨੇ ਨਾਂ ਦਸਣਾ ਸ਼ਾਇਦ ਉਚਿਤ ਨਹੀਂ ਸਮਝਿਆ ਲਿਖਿਆ ਹੈ, "ਸ੍ਰੀ ਗੁਰੂ ਅਮਰਦਾਸ ਜੀ ਸੰਮਤ 1536 ਵਿਚ ਪ੍ਰਗਟ ਹੋਏ, 53 ਸਾਲ ਦੀ ਉਮਰ ਵਿਚ 11 ਮਾਘ ਸੰਮਤ 1589 ਨੂੰ ਵਿਆਹ ਹੋਇਆ ਤੇ ਐਤਵਾਰ 5 ਜੇਠ ਸੰਮਤ, 1590 ਨੂੰ ਬੀਬੀਭਾਨੀ ਜੀ ਪੈਦਾ ਹੋਏ"[36] ਅਰਥਾਤ ਵਿਆਹ ਹੋਣ ਤੋਂ ਪੌਣੇ ਚਾਰ ਮਹੀਨੇ ਮਗਰੋਂ।

ਪਰ ਇਹ ਭੁਲੇਖਾ ਜੋਤੀ ਜੋਤ ਸਮਾਉਣ ਦੀ ਤਰੀਕ ਸਬੰਧੀ ਨਹੀਂ ਵਾਪਰਦਾ ਕਿਉਂਕਿ ਉਦੋਂ ਤਕ ਕਈ ਪੱਖਾਂ ਤੋਂ ਅਤੇ ਕਈ ਥਾਵਾਂ ਤੇ ਇਹ ਮਿਤੀ ਰਿਕਾਰਡ ਹੋ ਜਾਣ ਦੀ ਸੰਭਾਵਨਾ ਹੋ ਜਾਂਦੀ ਸੀ। ਗੁਰੂ ਗਰੰਥ ਸਾਹਿਬ ਦੀਆਂ ਪੁਰਾਣੀਆਂ ਬੀੜਾਂ ਤੇ ਵੀ ਇਹ ਤਰੀਕਾਂ ਮਿਲ ਜਾਂਦੀਆਂ ਹਨ।

ਜਿਥੋਂ ਤਕ ਗੱਦੀ ਨਸ਼ੀਨੀ ਦਾ ਸੁਆਲ ਹੈ, ਲੇਖਕ ਅਨੁਸਾਰ ਮੋਟੇ ਤੌਰ ਤੇ ਇਹੀ ਗੱਲ ਠੀਕ ਹੈ ਕਿ ਪਹਿਲੇ ਗੁਰੂ ਦੇ ਜੋਤੀ ਜੋਤ ਸਮਾਉਣ ਦੀ ਮਿਤੀ ਹੀ ਅਗਲੇ ਗੁਰੂ ਵਿਅਕਤੀ ਦੇ ਗੱਦੀ ਤੇ ਬੈਠਣ ਦੀ ਤਰੀਕ ਹੈ। ਪਰ ਇਸ ਸਿਧਾਂਤ ਦੇ ਅਪਵਾਦ ਵੀ ਮਿਲਦੇ ਹਨ। ਕਰਮ ਸਿੰਘ ਨੇ ਲਿਖਿਆ ਹੈ :

> "ਪਰ ਦੂਜੀ ਤੇ ਛੇਵੀਂ ਪਾਤਸ਼ਾਹੀ ਦੀਆਂ ਤਰੀਕਾਂ ਪਹਿਲੀ ਤੇ ਪੰਜਵੀਂ ਪਾਤਸ਼ਾਹੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਦੀਆਂ ਹਨ। ਕਾਰਨ ਇਹ ਜਾਪਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦਾ ਟਿੱਕਾ ਦੇ ਕੇ ਆਪਣੇ ਹੁੰਦਿਆਂ ਹੀ ਖਡੂਰ ਸਾਹਿਬ ਘੱਲ ਦਿਤਾ ਸੀ ਅਤੇ ਗੁਰੂ ਅਰਜਨ ਜੀ ਨੂੰ ਜਦ ਲਾਹੌਰੋਂ ਜਹਾਂਗੀਰ ਦਾ ਸੱਦਾ ਆਇਆ ਤਾਂ ਆਪਨੇ ਸਭ ਕੁਝ ਸਮਝ ਲਿਆ ਸੀ। ਇਸ ਲਈ ਅੰਮ੍ਰਿਤਸਰ ਜੀ ਤੋਂ ਤੁਰਨ ਲਗਿਆਂ ਹੀ ਆਪਨੇ ਛੇਵੀਂ ਪਾਤਸ਼ਾਹੀ ਨੂੰ ਤਿਲਕ ਦੇ ਦਿੱਤਾ ਸੀ।"[37]

ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਗੱਦੀ ਨਸ਼ੀਨੀ ਬਾਰੇ ਪਏ ਭੁਲੇਖਿਆਂ ਦਾ ਹਲ ਵੀ ਲੱਭਿਆ ਗਿਆ ਹੈ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਚੇਤ ਸੁਦੀ 14, ਸੰਮਤ 1721 ਨੂੰ ਦਿੱਲੀ ਵਿਚ ਜੋਤੀ ਜੋਤ ਸਮਾਏ ਪਰ ਗੁਰੂ ਤੇਗ ਬਹਾਦਰ ਜੀ ਚੇਤ ਸੁਦੀ 14 ਸੰਮਤ 1722 ਨੂੰ ਗੱਦੀ ਤੇ ਬੈਠੇ। ਓਪਰੀ ਨਜ਼ਰੇ ਵੇਖਿਆ, ਗੱਦੀ ਇਕ ਸਾਲ ਲਈ ਖਾਲੀ ਪਈ ਰਹੀ ਹੀ ਜਾਪਦੀ ਹੈ, ਪਰ ਇਉਂ ਨਹੀਂ ਹੋਇਆ। ਲੇਖਕ ਅਨੁਸਾਰ ਜਿਸ ਦਿਨ ਅੱਠਵੇਂ ਪਾਤਸ਼ਾਹ ਨੇ ਦਿੱਲੀ ਵਿਚ ਪੰਜ ਪੈਸੇ ਰੱਖ ਕੇ, ਬਾਬਾ ਬਕਾਲੇ ਆਖ ਕੇ ਮੱਥਾ ਟੇਕ ਦਿੱਤਾ, ਉਸੇ ਦਿਨ ਗੁਰੂ ਤੇਗ ਬਹਾਦਰ ਜੀ ਦੀ ਗੁਰਿਆਈ ਦਾ ਆਰੰਭ ਹੋਇਆ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਮੱਘਰ ਸੁਦੀ ਪੰਜ, ਸੰਮਤ 1732 ਨੂੰ ਗੱਦੀ ਤੇ ਬੈਠੇ। ਇਸੇ ਹੀ ਦਿਨ ਸਬੱਬ ਨਾਲ ਨੌਵੇਂ ਗੁਰੂ ਦਿੱਲੀ ਵਿਚ ਸ਼ਹੀਦ ਹੋਏ। ਇਹ ਤਰੀਕ ਵੀ ਅਸੰਭਵ ਜਾਪਦੀ ਹੈ। ਪਰ ਕਰਮ ਸਿੰਘ ਅਨੁਸਾਰ ਹੋਇਆ ਇਹ ਹੋਵੇਗਾ ਕਿ ਜਦ ਸਿੱਖ ਗੁਰੂ ਤੇਗ

---

36 'ਕੱਤਕ' ਕ ਵਿਸਾਖ', ਪੰਨਾ 11

37 'ਗੁਰਪੁਰਬ ਨਿਰਣੈ', ਪੰਨਾ 18

Digitized by Panjab Digital Library | www.panjabdigilib.org

ਬਹਾਦਰ ਜੀ ਦੀ ਪਤ੍ਰਿਕਾ ਲੈ ਕੇ ਆਇਆ, ਉਸੇ ਦੇ ਹੁਕਮ ਅਨੁਸਾਰ ਹੀ ਗੁਰੂ ਗੋਬਿੰਦ ਸਿੰਘ ਜੀ ਗੱਦੀ ਨਸ਼ੀਨ ਹੋਏ ਤੇ ਸਬੱਬ ਨਾਲ ਉਹੀ ਦਿਨ, ਸ਼ਹੀਦੀ ਦਾ ਦਿਨ ਹੈ।

ਉਪਰੋਕਤ ਤਰੀਕਾਂ ਨਿਸਚਿਤ ਕਰਨ ਅਤੇ ਭਰਮਾਂ, ਭੁਲੇਖਿਆਂ ਦੇ ਨਿਵਾਰਣ ਤੋਂ ਛੁੱਟ ਇਸ ਪੁਸਤਕ ਦਾ ਮਹੱਤਵਯੋਗ ਪੱਖ ਇਹ ਵੀ ਹੈ ਕਿ ਇਸ ਵਿਚ ਕਈ ਅਜਿਹੀਆਂ ਸਾਖੀਆਂ ਦਾ ਖੰਡਨ ਵੀ ਕੀਤਾ ਗਿਆ ਹੈ ਜਿਹੜੀਆ ਇਤਿਹਾਸਕਾਰਾਂ ਦੀਆਂ ਭੁੱਲਾਂ ਕਰਕੇ, ਅਣਗਹਿਲੀ ਜਾਂ ਜਾਣ ਬੁੱਝ ਕੇ ਰਲਾ ਪਾਉਣ ਦੀ ਨੀਤ ਕਰਕੇ ਪ੍ਰਚਲਿਤ ਹੋ ਗਈਆਂ ਹਨ। ਮਿਸਾਲ ਵਜੋਂ ਗੁਰੂ ਤੇਗ ਬਹਾਦਰ ਜੀ ਦੇ ਗੱਦੀ ਨਸ਼ੀਨ ਹੋਣ ਸਮੇਂ ਗੱਦੀ ਦਾ ਰੋਲਾ ਪੈ ਗਿਆ ਸੀ ਕਿਉਂਕਿ ਦਿੱਲੀ ਵਿਚ ਅੱਠਵੇਂ ਪਾਤਸ਼ਾਹ ਦੇ ਆਖੇ ਸ਼ਬਦ, "ਬਾਬਾ ਬਕਾਲੇ" ਦਾ ਅਰਥ ਸੰਬੰਧਿਤ ਘਰਾਣਿਆਂ ਦੇ ਲੋਕਾਂ ਨੇ ਆਪਣੀ ਮਨ ਮਰਜ਼ੀ ਅਨੁਸਾਰ ਹੀ ਕੱਢ ਲਿਆ ਸੀ। ਉਦੋਂ ਤੋਂ ਹੀ ਇਹ ਗੱਲ ਪ੍ਰਚਲਿਤ ਹੋਈ ਹੈ ਕਿ ਬਕਾਲੇ 22 ਮੰਜੀਆਂ ਸਥਾਪਿਤ ਹੋ ਗਈਆਂ ਸਨ। ਸੇਵਾਦਾਸ ਦੀਆਂ ਪਰਚੀਆਂ ਅਨੁਸਾਰ 16 ਮੰਜੀਆਂ ਦਾ ਜ਼ਿਕਰ ਆਉਂਦਾ ਹੈ, ਪਰ ਕਰਮ ਸਿੰਘ ਦੀ ਖੋਜ ਦਾ ਸਿੱਟਾ ਹੈ ਕਿ :

> "ਪ੍ਰਿਥੀ ਚੰਦ ਜੀ ਦੀ ਉਲਾਦ ਵਿਚੋਂ ਇਸ ਵੇਲੇ ਕੇਵਲ ਹਰਿ ਜੀ ਸਨ ਜੋ ਛੇਵੀਂ ਪਾਤਸ਼ਾਹੀ ਦੇ ਸਮੇਂ ਤੋਂ ਹੀ ਅੱਡ ਗੁਰੂ ਬਣੇ ਬੈਠੇ ਸਨ ਅਤੇ ਆਪ ਦਾ ਵੱਡਾ ਭਰਾ ਮੁੱਲੋਂ ਹੀ ਅਚਾਹ ਸੀ। ਬਾਬਾ ਅਟਲ ਜੀ ਤੇ ਅਣੀਰਾਇ ਜੀ ਤੋਂ ਸੰਤਾਨ ਨਹੀਂ ਹੋਈ। ਸੂਰਜ ਮੱਲ ਜੀ ਦੇ ਦੋ ਪੁਤ੍ਰ ਦੀਪ ਚੰਦ ਜੀ ਤੇ ਨਾਨਕ ਚੰਦ ਜੀ ਸਨ, ਪਰ ਇਨ੍ਹਾਂ ਅਰੰਭ ਤੋਂ ਅੰਤ ਤੀਕ ਗੱਦੀ ਦੀ ਲਾਲਸਾ ਨਹੀਂ ਕੀਤੀ, ਹੁਣ ਰਹੇ ਗੁਰੂ ਤੇਗ ਬਹਾਦਰ ਜੀ ਅਤੇ ਬਾਬਾ ਗੁਰਦਿੱਤਾ ਜੀ ਦੀ ਸੰਤਾਨ ਵਿਚੋਂ ਧੀਰ ਮੱਲ ਜੀ। ਸੋ ਇਨ੍ਹਾਂ ਦਾ ਹੀ ਮੁਕਾਬਲਾ ਸੀ ਅਤੇ ਇਨ੍ਹਾਂ ਨਾਲ ਹੀ ਝਗੜੇ ਫਸਾਦ ਹੋਏ। ਰਾਮ ਰਾਇ ਜੀ ਵੀ ਗੱਦੀ ਉਤੇ ਨਜ਼ਰ ਰੱਖਦੇ ਸਨ, ਪਰ ਉਨ੍ਹਾਂ ਦਾ ਬਕਾਲੇ ਆਉਣਾ ਸੁਣਿਆ ਨਹੀਂ ਗਿਆ। ਸਭ ਮੰਨਦੇ ਹਨ ਕਿ ਧੀਰ ਮਲ ਜੀ ਨਾਲ ਹੀ ਸਿੱਖਾਂ ਦੀ ਲੜਾਈ ਹੋਈ। ਜਦ ਸਭ ਸੰਗਤ ਨੇ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਮੰਨ ਲਿਆ, ਜੇ ਕੋਈ ਹੋਰ ਮੰਜੀ ਹੁੰਦੀ ਤਦ ਉਸ ਨਾਲ ਵੀ ਜ਼ਰੂਰ ਹੀ ਟਾਕਰਾ ਹੁੰਦਾ। ਇਸ ਲਈ ਇਕ ਹੀ ਮੰਜੀ ਮੰਨਣੀ ਉਚਿਤ ਹੈ।"[38]

22 ਮੰਜੀਆਂ ਵਾਲੀ ਗੱਲ ਦੇ ਨਾਲ ਹੀ ਕਰਮ ਸਿੰਘ ਨੇ ਮੱਖਣ ਸ਼ਾਹ ਲੁਬਾਣੇ ਦੇ ਜਹਾਜ਼ ਚਲਾਉਣ ਵਾਲੀ ਘਟਨਾ ਦਾ ਜ਼ਿਕਰ ਵੀ ਕੀਤਾ ਹੈ। ਉਹ ਇਸ ਸਾਖੀ ਨਾਲ ਸਹਿਮਤ ਨਹੀਂ ਹਨ। ਉਹ ਨਹੀਂ ਮੰਨਦੇ ਕਿ ਕਦੇ ਕਿਸੇ ਲੁਬਾਣੇ ਨੇ ਜਹਾਜ਼ ਵੀ ਚਲਾਇਆ ਹੋਵੇ।[39]

ਉਪਰੋਕਤ ਪੱਖਾਂ ਨੂੰ ਮੁੱਖ ਰੱਖ ਕੇ ਇਹ ਗੱਲ ਸਹਿਜੇ ਹੀ ਆਖੀ ਜਾ ਸਕਦੀ ਹੈ ਕਿ ਇਹ ਪੁਸਤਕ ਸਿੱਖ ਇਤਿਹਾਸ ਸੰਬੰਧੀ ਇਕ ਅਮੋਲਕ ਹਵਾਲਾ ਪੁਸਤਕ ਹੈ। ਇਸ ਦੇ

---

[38]'ਗੁਰਪੁਰਬ ਨਿਰਣੈ', ਪੰਨਾ 163-64.
[39]ਉਹੀ।

Digitized by Panjab Digital Library | www.panjabdigilib.org

ਨਾਲ ਹੀ ਇਕ ਖੋਜੀ ਵਜੋਂ ਸ. ਕਰਮ ਸਿੰਘ ਦੀ ਨਿਮਰਤਾ ਤੇ ਸੁਹਿਰਦਤਾ ਦੀ ਦਾਦ ਦੇਣੀ ਪੈਂਦੀ ਹੈ ਜਦੋਂ ਉਹ ਇਤਨੀ ਬਰੀਕੀ ਨਾਲ, ਮਿਹਨਤ ਕਰ ਕੇ ਤਰੀਕਾਂ, ਘਟਨਾਵਾਂ ਤੇ ਹੋਰ ਗੱਲਾਂ ਨਿਸ਼ਚਿਤ ਕਰਨ ਮਗਰੋਂ ਵੀ 'ਬੇਨਤੀ' ਸਿਰਲੇਖ ਹੇਠ, ਪੁਸਤਕ ਦੇ ਆਰੰਭ ਵਿਚ ਹੀ ਖਿਮਾ ਮੰਗਦਿਆਂ ਲਿਖਦੇ ਹਨ :

> "ਕ੍ਰਿਪਾਲੂ ਸੱਜਣਾਂ ਦੀ ਸੇਵਾ ਵਿਚ ਇਹ ਬੇਨਤੀ ਹੈ ਕਿ ਇਹ ਸੈਂਚੀ ਖੋਜ ਸੰਬੰਧੀ ਹੋਣ ਕਰਕੇ ਕਿਸੇ ਬਿਧ ਪੂਰੀ ਨਹੀਂ ਕਹੀ ਜਾ ਸਕਦੀ। ਇਹ ਉਤਨਾ ਚਿਰ ਹੀ ਪੂਰੀ ਹੈ ਜਦ ਤਕ ਇਸ ਨੂੰ ਅਧੂਰੀ ਨਾ ਸਿੱਧ ਕੀਤਾ ਜਾ ਸਕੇ...ਮੈਂ ਬੜਾ ਹੀ ਰਾਜ਼ੀ ਹੋਵਾਂਗਾ ਜੇ ਕਰ ਸੱਜਣ ਜਨ ਪੂਰਾ ਪੂਰਾ ਗੌਹ ਕਰ ਕੇ ਮੇਰੀਆਂ ਭੁੱਲਾਂ ਪ੍ਰਗਟ ਕਰਨਗੇ ਕਿਉਂਕਿ ਐਸਾ ਕਰਨ ਨਾਲ ਹੀ ਇਹ ਕੰਮ ਸਿਰੇ ਚੜ੍ਹ ਸਕਦਾ ਹੈ।"[40]

ਇਸ ਪੁਸਤਕ ਦੇ ਪਾਠ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਹੀ ਤੇ ਵਿਗਿਆਨਿਕ ਇਤਿਹਾਸਕਾਰੀ ਵਿਚ ਮਿਤੀਆਂ ਅਤੇ ਤੱਥਾਂ ਦੇ ਬਰੀਕ ਤੋਂ ਬਰੀਕ ਵੇਰਵਿਆਂ ਦਾ ਵੀ ਕਿੰਨਾ ਮਹੱਤਵ ਹੁੰਦਾ ਹੈ। ਸਿੱਖ ਗੁਰੂ ਸਾਹਿਬਾਨ ਦੇ ਗੁਰਪੁਰਬਾਂ, ਜੋਤੀ ਜੋਤ ਸਮਾਉਣ ਦੇ ਸਮੇਂ ਅਤੇ ਗੱਦੀ ਨਸ਼ੀਨ ਹੋਣ ਦੀਆਂ ਮਿਤੀਆਂ ਬਾਰੇ ਕਿੰਨੇ ਹੀ ਭੁਲੇਖੇ ਲੇਖਕ ਨੇ ਕੱਢੇ ਹਨ ਤੇ ਸਿੱਖ ਇਤਿਹਾਸਕਾਰੀ ਨੂੰ ਵਿਗਿਆਨਕ ਲੀਹਾਂ ਤੇ ਤੋਰਨ ਦਾ ਉਪਰਾਲਾ ਕੀਤਾ ਹੈ।

3. ਕੇਸ ਤੇ ਸਿੱਖੀ

34 ਪੰਨਿਆਂ ਦੀ ਇਸ ਪੁਸਤਿਕਾ ਦੇ ਰਚੇ ਜਾਣ ਦਾ ਮਨੋਰਥ ਕੇਸ ਰੱਖਣ ਦੀ ਹਦਾਇਤ ਸੰਬੰਧੀ ਇਤਿਹਾਸਕ ਹਵਾਲੇ ਦੇਣ ਤੋਂ ਛੁਟ ਨੌਜੁਆਨ ਸਿੱਖਾਂ ਦੇ ਪਤਿਤ ਹੋਣ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਨਾ ਵੀ ਹੈ। ਸ. ਗੁਰਪਾਲ ਸਿੰਘ ਜੀ ਨੇ ਲੰਡਨ ਤੋਂ, 24 ਜਨਵਰੀ, 1929 ਨੂੰ ਸ. ਕਰਮ ਸਿੰਘ ਵੱਲ ਇਕ ਚਿੱਠੀ ਲਿਖੀ, ਜਿਸ ਵਿਚ ਉਨ੍ਹਾਂ ਨੇ ਨੌਜੁਆਨ ਸਿੱਖਾਂ ਦੇ ਪਤਿਤ ਹੋਣ ਤੋਂ ਚਿੰਤਤ ਹੋ ਕੇ ਕੇਸ ਧਾਰਣ ਕਰਨ ਦੀ ਹਿਦਾਇਤ ਸੰਬੰਧੀ ਕਿਸੇ ਪੱਕੇ ਇਤਿਹਾਸਕ ਸਬੂਤ ਦੀ ਮੰਗ ਕੀਤੀ ਸੀ। ਇਕ ਸ਼ਰਧਾਲੂ ਸਿੱਖ ਤੇ ਵਿਗਿਆਨਕ ਅਰਥਾਂ ਵਿਚ ਇਤਿਹਾਸਕਾਰ ਹੋਣ ਦੇ ਨਾਤੇ ਸ. ਕਰਮ ਸਿੰਘ ਨੇ ਆਪਣੀ ਜਿੰਮੇਂਵਾਰੀ ਮਹਿਸੂਸ ਕੀਤੀ ਅਤੇ ਉਪਰੋਕਤ ਚਿੱਠੀ ਦਾ ਜੁਆਬ 18 ਫਰਵਰੀ, 1929 ਨੂੰ ਦੇ ਦਿੱਤਾ। ਇਹੀ ਉੱਤਰ ਫੁਲਵਾੜੀ ਵਿਚ ਵੀ ਛਾਪਿਆ ਗਿਆ ਤੇ ਮਗਰੋਂ ਉਸੇ ਸਾਲ, ਵਿਸਾਖੀ ਵਾਲੇ ਦਿਨ ਟ੍ਰੈਕਟ ਰੂਪ ਵਿਚ ਵੀ ਸੰਗਤਾਂ ਵਿਚ ਵੰਡਿਆ ਗਿਆ।

ਲੇਖਕ ਨੇ ਸ. ਗੁਰਪਾਲ ਸਿੰਘ ਦੇ ਤਿੰਨ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਪੁਸਤਕ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਪਹਿਲਾ ਇਹ ਕਿ ਕੇਸ ਰੱਖਣ ਸੰਬੰਧੀ ਕੋਈ ਮੌਕੇ ਦੀ ਸ਼ਹਾਦਤ ਮਿਲਦੀ ਹੈ ਜਾਂ ਨਹੀਂ ? ਦੂਜਾ, ਲੋਕੀ ਕੇਸ ਕਤਲ ਕਿਉਂ ਕਰਵਾਉਂਦੇ ਹਨ ? ਕਾਰਨ ਤੇ ਉਪਾ। ਤੀਜਾ-ਗੁਰਪਾਲ ਸਿੰਘ, ਲੰਡਨ ਵਿਚ ਬੈਠਿਆਂ, ਇਤਿਹਾਸਕ ਖੋਜ ਦੇ ਪੱਖੋਂ ਜਾਂ ਕੌਮੀ ਸੇਵਾ ਦੇ ਦ੍ਰਿਸ਼ਟੀਕੋਣ ਤੋਂ ਕੀ ਕਰ ਸਕਦੇ ਹਨ ?

ਜਿਥੋਂ ਤਕ ਪਹਿਲੇ ਸਵਾਲ ਦਾ ਸੰਬੰਧ ਹੈ, ਲੇਖਕ ਨੇ ਬੜੇ ਨਿਜੀ ਵਿਸ਼ਵਾਸ ਨਾਲ

---

[40] 'ਗੁਰਪੁਰਬ ਨਿਰਣੈ', ਪੰਨਾ 165

Digitized by Panjab Digital Library | www.panjabdigilib.org

ਦੋ ਹੁਕਮਨਾਮਿਆਂ ਦਾ ਹਵਾਲਾ ਦਿੱਤਾ ਹੈ ਜਿਨ੍ਹਾਂ ਵਿਚ ਪੰਜ ਕਕਾਰਾਂ ਤੇ ਚਾਰ ਕੁਰਹਿਤਾਂ ਦਾ ਸਪਸ਼ਟ ਜ਼ਿਕਰ ਮਿਲਦਾ ਸੀ। ਕਰਮ ਸਿੰਘ ਨੇ ਉਨ੍ਹਾਂ ਦੀ ਭਾਲ, ਖੋਜ-ਦੌਰਿਆਂ ਸਮੇਂ ਕੀਤੀ ਸੀ ਤੇ ਇਹਤਿਆਤ ਵਜੋਂ ਨਕਲ ਵੀ ਰੱਖ ਲਈ ਸੀ। ਮਗਰੋਂ ਸਾਰੇ ਕਾਗਜ਼ਾਂ ਨੂੰ ਪਾਰਸਲ ਦੇ ਰੂਪ ਵਿਚ ਕਿਤੇ ਭੇਜੇ ਜਾਣ ਸਮੇਂ ਪਾਰਸਲ ਰਾਹ ਵਿਚ ਹੀ ਗੁੰਮ ਹੋ ਗਿਆ। ਇਸ ਲਈ ਚਿੱਠੀ ਦਾ ਜੁਆਬ ਲਿਖਣ ਦੇ ਸਮੇਂ ਤਕ ਲੇਖਕ ਕੋਲ ਉਹ ਨਕਲ ਨਹੀਂ ਸੀ। ਫਿਰ ਵੀ ਉਸ ਨੇ ਨਿਜੀ ਜਿੰਮੇਂਵਾਰੀ ਦੇ ਆਧਾਰ ਤੇ ਇਹ ਗੱਲ ਮੰਨ ਲੈਣ ਦੀ ਸਿਫਾਰਿਸ਼ ਕੀਤੀ ਹੈ। ਇਸ ਸੰਬੰਧੀ ਮੌਕੇ ਦੀ ਦੂਜੀ ਗਵਾਹੀ ਹੈ, ਗੁਰੂ ਜੀ ਦੇ ਹਜ਼ੂਰੀ ਕਵੀ ਸੈਨਾਪਤੀ ਦੀ ਪ੍ਰਸਿੱਧ ਰਚਨਾ 'ਸ੍ਰੀ ਗੁਰ ਸੋਭਾ'। ਇਸ ਦਾ ਰਚਨਾ ਕਾਲ ਖਾਲਸੇ ਦੀ ਸਾਜਣਾ ਤੋਂ ਦੋ ਕੁ ਸਾਲ ਮਗਰੋਂ ਦਾ ਹੈ। ਇਹ ਰਚਨਾ ਅਕਾਲੀ ਕੌਰ ਸਿੰਘ ਦੇ ਉੱਦਮ ਨਾਲ ਛਪੀ ਸੀ। ਇਸ ਵਿਚ ਕੇਸ ਨਾ ਕਟਾਉਣ ਸੰਬੰਧੀ ਹਿਦਾਇਤ, ਸਾਫ਼ ਲਫ਼ਜ਼ਾਂ ਵਿਚ, ਪੰਜਵੇਂ ਅਧਿਆਇ ਵਿਚ ਇਉਂ ਦਰਜ ਹੈ :

"ਗੁਰ ਸਿੱਖਨ ਕੋ ਬਚਨ ਸੁਨਾਯੋ।
ਜੋ ਸਿੱਖਨ ਜਗ ਮੈਂ ਪ੍ਰਗਟਾਯੋ।
ਸਿਰ ਗੁੰਮਨ ਕੇ ਮੁਖ ਨਹੀਂ ਲਾਗੋ
ਪਾਂਚਨ ਕੋ ਸਭ ਸੰਗ ਤਿਆਗੋ।
.....
ਸੰਗਤ ਭਦਰ ਮਤ ਕਰੋ,
ਖੁਰ ਨਾ ਲਾਵਹੁ ਸੀਸ
ਮਾਤ ਪਿਤਾ ਕੋਈ ਮਰੈ
ਸਤਿਗੁਰ ਕਹੀ ਹਦੀਸ।"[41]

ਇਸੇ ਤਰ੍ਹਾਂ ਛੇਵੇਂ ਅਧਿਆਇ ਵਿਚ ਦਿੱਲੀ ਵਿਚ ਵਾਪਰੀਆਂ ਘਟਨਾਵਾਂ ਦਾ ਵੇਰਵਾ ਦਿੱਤਾ ਹੈ। ਇਸ ਗੱਲ ਤੇ ਕਾਫ਼ੀ ਝਗੜਾ ਹੋਇਆ ਕਿ ਕੇਸ ਰੱਖਣੇ ਹਨ ਜਾਂ ਨਹੀਂ। ਅੰਤ ਵਿਚ ਸਿਰ ਮੁੰਨਣ ਵਾਲੇ ਦੀ ਕੋਈ ਇੱਜ਼ਤ ਨਾ ਰਹੀ।[42]

ਦੂਜੇ ਸਵਾਲ ਦੇ ਜਵਾਬ ਵਿਚ ਲੇਖਕ ਦੀ ਇਹ ਧਾਰਣਾ ਹੈ ਕਿ ਨੌਜੁਆਨ ਸਿੱਖ ਆਪਣੇ ਅਨੁਪਮ, ਸ਼ਾਨਦਾਰ ਇਤਿਹਾਸਕ ਵਿਰਸੇ ਤੋਂ ਅਣਜਾਣ ਹੋਣ ਕਾਰਨ ਪਤਿਤ ਹੋ ਰਹੇ ਹਨ। ਸਿੱਖੀ ਵਿਚ ਉਨ੍ਹਾਂ ਨੂੰ ਫਖਰ ਕਰਨ ਵਾਲੀ ਕੋਈ ਗੱਲ ਨਜ਼ਰ ਨਹੀਂ ਆਉਂਦੀ। ਆਪਣੇ ਵੱਡੇ ਵਡੇਰਿਆਂ ਦੇ ਕਾਰਨਾਮਿਆਂ ਦਾ ਉਨ੍ਹਾਂ ਨੂੰ ਪਤਾ ਨਹੀਂ। ਲੇਖਕ ਦਾ ਵਿਚਾਰ ਹੈ ਕਿ ਸਿੱਖ ਕੌਮ ਵਿਚ ਅਜੇ ਵੀ ਇਤਿਹਾਸ ਦੇ ਮਹੱਤਵ ਨੂੰ ਸਮਝ ਕੇ, ਇਸ ਨੂੰ ਮੁਕੰਮਲ ਕਰਨ ਬਾਰੇਲੋੜੀਂਦੀ ਚੇਤੰਨਤਾ ਨਹੀਂ ਆਈ। ਸਿੱਖਾਂ ਦੇ ਕਿਸੇ ਜੱਥੇ, ਕਮੇਟੀ, ਸਭਾ, ਸੁਸਾਇਟੀ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ। ਲੇਖਕ ਨੇ ਆਪਣੇ ਨਿਜੀ ਤਜਰਬੇ ਬਿਆਨ ਕਰ ਕੇ ਇਹ ਗੱਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਬੰਧੀ ਹਵਾਲਾ

---

[41]'ਕੇਸ ਤੇ ਸਿੱਖੀ', ਭਾਗ ਪਹਿਲਾ।
[42]ਉਹੀ।

Digitized by Panjab Digital Library | www.panjabdigilib.org

ਪਹਿਲਾਂ ਦਿੱਤਾ ਜਾ ਚੁਕਾ ਹੈ।

ਕੇਸ ਧਾਰਣ ਕਰਨ ਸੰਬੰਧੀ ਉਨ੍ਹਾਂ ਨੇ ਆਪਣੀ ਸ਼ਰਧਾ ਤੇ ਵਿਸ਼ਵਾਸ ਦਾ ਪ੍ਰਗਟਾਵਾ ਹੇਠ ਲਿਖੇ ਸ਼ਬਦਾਂ ਰਾਹੀਂ ਕੀਤਾ ਹੈ :

> "ਸ੍ਰੀ ਦਸਮੇਸ਼ ਜੀ ਨੇ ਕੇਸ਼ਾਂ ਯਾ ਕਛਹਿਰੇ ਬਾਬਤ ਜੇ ਕੋਈ ਵੀ ਹੁਕਮ ਨਾ ਦਿੱਤਾ ਹੁੰਦਾ ਮੈਂ ਫੇਰ ਵੀ ਇਨ੍ਹਾਂ ਨੂੰ ਰਖਦਾ ਕਿਉਂ ਜੁ ਮੈਂ ਜਾਣਦਾ ਹਾਂ ਕਿ ਕੇਸਾਂ ਤੇ ਕਛਹਿਰਿਆਂ ਵਾਲਿਆਂ ਨੇ ਆਹ ਆਹ ਕਾਰਨਾਮੇ ਕੀਤੇ ਹਨ।"[43]

ਤੀਜੇ ਸਵਾਲ, ਭਾਵ 'ਲੰਡਨ ਵਿਚ ਬੈਠਿਆਂ ਕੀ ਸੇਵਾ ਹੋ ਸਕਦੀ ਹੈ, ਦੇ ਜਵਾਬ ਵਿਚ ਲੇਖਕ ਨੇ ਹੇਠ ਲਿਖੀਆਂ ਪੁਸਤਕਾਂ, ਜਿਨ੍ਹਾਂ ਵਿਚ ਬੰਦਾ ਬਹਾਦਰ ਸੰਬੰਧੀ ਕਾਫ਼ੀ ਭਰੋਸੇ ਯੋਗ ਸੂਚਨਾ ਦਰਜ ਹੈ, ਦੀ ਨਕਲ ਭੇਜਣ ਲਈ ਕਿਹਾ ਹੈ। ਪੁਸਤਕਾਂ ਦੇ ਨਾਂ ਹਨ :

(1) ਫਰਖਸੀਅਰ ਨਾਮਾ ਯਾ ਸ਼ਾਹਨਾਮਾ, ਲੇਖਕ ਮੁਹੰਮਦ ਐਹਸਨ ਈਜਾਦ, ਸਮਾਨੇਵਾਲਾ

(2) ਤਜਕਰਾ ਯਾ ਇਬਰਤਨਾਮਾ, ਮਿਰਜ਼ਾ ਮੁਹੰਮਦ ਹਰੀਸੀ (ਇੰਡੀਆ ਆਫ਼ਿਸ ਲਾਇਬਰੇਰੀ ਨੰ: 50)

(3) ਅਹਿਵਾਲ ਅਦੀਨਾਬੇਗ ਖਾਂ

ਇਉਂ ਇਹ ਪੁਸਤਕ ਇਕੋ ਸਮੇਂ ਸ. ਕਰਮ ਸਿੰਘ ਦੇ ਸਿੱਖੀ ਜਜ਼ਬੇ ਸਿੱਖ, ਇਤਿਹਾਸ ਦੀ ਖੋਜ ਪ੍ਰਤੀ ਤਤਪਰਤਾ, ਸਿੱਖਾਂ ਦੀ ਇਸ ਪਾਸੇ ਉਦਾਸੀਨਤਾ, ਉਸ ਦੇ ਨਿਕਲ ਰਹੇ ਭਿਆਨਕ ਸਿੱਟੇ ਅਤੇ ਇਤਿਹਾਸਿਕ ਖੋਜ ਵਿਧੀ ਸੰਬੰਧੀ ਵਿਸ਼ਵਾਸਾਂ ਨੂੰ ਪ੍ਰਗਟਾਉਣ ਦਾ ਯਤਨ ਹੋ ਨਿਬੜਦੀ ਹੈ।

4. ਬਹੁਮੁੱਲੇ ਇਤਿਹਾਸਿਕ ਲੇਖ

ਇਹ ਪੁਸਤਕ ਸ. ਕਰਮ ਸਿੰਘ ਦੇ ਉਸ ਸ਼ਲਾਘਾ ਯੋਗ ਉੱਦਮ ਦਾ ਸਿੱਟਾ ਹੈ ਜਿਹੜਾ ਉਨ੍ਹਾਂ ਨੇ ਆਪਣੇ ਜੀਵਨ ਦੇ ਅੰਤਮ ਵਰ੍ਹੇ ਵਿਚ ਦਿਸੰਬਰ, 1929 ਅਤੇ ਜਨਵਰੀ, 1930 ਦੇ ਫੁਲਵਾੜੀ ਰਸਾਲੇ ਰਾਹੀਂ ਕੀਤਾ। ਇਸ ਰਸਾਲੇ ਦੇ ਉਕਤ ਦੋਵੇਂ ਅੰਕ 'ਇਤਿਹਾਸ ਨੰਬਰ' ਦੇ ਰੂਪ ਵਿਚ ਲੇਖਕ ਨੇ ਸੰਪਾਦਿਤ ਕੀਤੇ ਸਨ। ਲਗਭਗ ਚਾਰ ਸੌ ਸਫ਼ੇ ਦੇ ਇਸ ਗ੍ਰੰਥ ਵਿਚ ਕਰਮ ਸਿੰਘ ਨੇ ਸਿੱਖ ਇਤਿਹਾਸ ਦੇ ਕਈ ਪੱਖਾਂ, ਸ਼ਖਸੀਅਤਾਂ, ਘਟਨਾਵਾਂ, ਕੌਮੀ ਚੇਤਨਾ ਪੈਦਾ ਕਰਨ ਵਾਲੀਆ ਲਿਖਤਾਂ, ਇਤਿਹਾਸਕ ਭੁੱਲਾਂ ਆਦਿ ਬਾਰੇ ਉਸ ਸਮੇਂ ਦੇ ਪ੍ਰਸਿੱਧ ਖੋਜੀ, ਮਿਹਨਤੀ ਤੇ ਲਗਨ ਵਾਲੇ ਹਿੰਦੂ, ਸਿੱਖ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਸਨ। ਇਸ ਪੁਸਤਕ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਇਤਿਹਾਸ ਕੀ ਹੁੰਦਾ ਹੈ ? ਕਿਵੇਂ ਲਿਖਿਆ ਜਾਂਦਾ ਹੈ ? ਇਤਿਹਾਸਕ ਖੋਜ ਤੇ ਪੜਚੋਲ ਦਾ ਕੀ ਭਾਵ ਹੈ ? ਇਤਿਹਾਸ ਲਿਖਣ ਤੇ ਮੁਕੰਮਲ ਕਰਨ ਵਿਚ ਕੀ ਫ਼ਰਕ ਹੈ ? ਇਤਿਹਾਸ ਵਿਚ ਮਿਲਾਵਟ ਕੌਣ ਤੇ ਕਿਵੇਂ ਕਰਦਾ ਹੈ ? ਜਾਂ ਕਰਵਾਉਂਦਾ ਹੈ ? ਅਜਿਹੇ ਅਨੇਕ ਮਹੱਤਵਪੂਰਨ ਪ੍ਰਸ਼ਨਾਂ ਦੇ ਉੱਤਰ ਦੇਣ ਕਰਕੇ ਇਹ ਪੁਸਤਕ ਨਾ ਕੇਵਲ ਆਮ ਸਿੱਖਾਂ ਲਈ, ਸਿੱਖ ਇਤਿਹਾਸਕਾਰਾਂ ਲਈ, ਸਗੋਂ ਇਤਿਹਾਸਕ ਖੋਜ ਵਿਚ ਦਿਲਚਸਪੀ ਰੱਖਣ ਵਾਲੇ ਹਰ ਸੱਜਣ ਲਈ ਪੜ੍ਹਨੀ ਉਚਿਤ ਹੈ।

---

[43] 'ਕੇਸ ਤੇ ਸਿੱਖੀ', ਪੰਨਾ 34

Digitized by Panjab Digital Library | www.panjabdigilib.org

ਹੀਰਾ ਸਿੰਘ ਦਰਦ, ਸੰਪਾਦਕ, 'ਫੁਲਵਾੜੀ' ਵੱਲੋਂ ਇਸ ਅੰਕ ਦੇ ਪ੍ਰਕਾਸ਼ਨ ਦਾ ਮੰਤਵ ਸਪਸ਼ਟ ਕੀਤੇ ਜਾਣ ਮਗਰੋਂ ਸ. ਕਰਮ ਸਿੰਘ ਦਾ ਪ੍ਰਸਿੱਧ ਲੇਖ, ਇਤਿਹਾਸ ਦੀ ਖੋਜ ਤੇ ਪੜਚੋਲ ਪ੍ਰਕਾਸ਼ਿਤ ਕੀਤਾ ਗਿਆ ਹੈ। ਕਰਮ ਸਿੰਘ ਦਾ ਵਿਚਾਰ ਹੈ ਕਿ ਦੁਨੀਆ ਦਾ ਹਰ ਇਤਿਹਾਸ ਖੋਜ ਤੇ ਪੜਚੋਲ ਨਾਲ ਵਧੇਰੇ ਚੰਗਾ ਬਣਾਇਆ ਜਾ ਸਕਦਾ ਹੈ। ਖੋਜ ਨਾਲ ਨਵੀਆਂ ਨਵੀਆਂ ਗੱਲਾਂ ਦਾ ਪਤਾ ਲਗਦਾ ਰਹਿੰਦਾ ਹੈ ਜਿਥੇ ਖੋਜ ਛੱਡ ਦਿੱਤੀ ਜਾਂਦੀ ਹੈ, ਉਥੇ ਹੀ ਕੌਮ ਮੁਰਦਾ ਹੋ ਜਾਂਦੀ ਹੈ। ਖੋਜ ਦਾ ਭਾਵ ਜਿਥੇ ਨਵਾਂ ਮਸਾਲਾ ਲੱਭਣਾ ਹੁੰਦਾ ਹੈ, ਉਥੇ ਪੁਰਾਣੇ ਤੋਂ ਨਵੇਂ ਸਿੱਟੇ ਕੱਢਣਾ ਵੀ ਹੈ। ਪਰ ਇਹ ਕੰਮ ਸਾਧਾਰਣ ਆਦਮੀ ਦਾ ਨਹੀਂ ਲਗਨ ਵਾਲੇ ਬੰਦਿਆਂ ਦਾ ਹੈ। ਇਕ ਖੋਜੀ ਲਈ ਅਤਿਅੰਤ ਮਹੱਤਵਪੂਰਨ ਗੱਲ ਆਮ ਆਦਮੀ ਲਈ ਮਾਮੂਲੀ ਹੋ ਸਕਦੀ ਹੈ। ਪੜਚੋਲ ਦਾ ਕੰਮ ਖੋਜ ਨਾਲੋਂ ਵੀ ਔਖਾ ਹੁੰਦਾ ਹੈ। ਲੇਖਕ ਦੇ ਆਪਣੇ ਸ਼ਬਦਾਂ ਵਿਚ :

> "ਪੜਚੋਲੀਏ ਲਈ ਜ਼ਰੂਰੀ ਹੈ ਕਿ ਉਹ ਖੋਜੀ ਹੋਵੇ, ਦਿਲ ਦਾ ਖੁੱਲਾ ਹੋਵੇ, ਤੰਗਦਿਲ ਨਾ ਹੋਵੇ ਅਤੇ ਹਰ ਪਰਕਾਰ ਦੇ ਪੱਖਪਾਤ ਤੋਂ ਰਹਿਤ ਹੋਵੇ। ਹਰ ਪਰਕਾਰ ਦਾ ਪੱਖਪਾਤ ਪੜਚੋਲ ਦੇ ਰਾਹ ਵਿਚ ਰੁਕਾਵਟ ਹੈ। ਉਹ ਪੱਖਪਾਤ ਭਾਵੇਂ ਧਾਰਮਿਕ ਹੋਵੇ, ਭਾਵੇਂ ਭਾਈਚਾਰਕ ਹੋਵੇ। ਪੜਚੋਲ ਠੰਡੇ ਦਿਮਾਗਾਂ ਦਾ ਕੰਮ ਹੈ। ਆਪ ਤੋਂ ਉਲਟੀ ਸੰਮਤੀ ਨੂੰ ਸੁਣ ਕੇ ਜਰ ਨਾ ਸਕਣਾ ਅਤੇ ਆਪਣੀ ਗੱਲ ਨੂੰ ਸਿੱਧ ਕਰਨ ਲਈ ਸਧਾਰਨ ਪੁਰਸ਼ਾਂ ਦਾ ਧਾਰਮਕ ਪੰਥਕ ਜਾਂ ਭਾਈਚਾਰਕ ਖਿਆਲਾਂ ਦੀ ਓਟ ਲੈਣਾ ਇਹ ਪੜਚੋਲ ਨਹੀਂ ਪਾਲਿਸੀ ਹੈ। ਇਤਿਹਾਸ ਲਿਖਣ ਵਿਚ ਤਾਂ ਪਾਲਿਸੀ ਵਰਤੀ ਜਾ ਸਕਦੀ ਹੈ, ਪਰ ਇਤਿਹਾਸ ਮੁਕੰਮਲ ਕਰਨ ਵਿਚ ਕੇਵਲ ਪੜਚੋਲ ਦੀ ਲੋੜ ਹੈ।[44]

ਸ. ਕਰਮ ਸਿੰਘ ਤੋਂ ਛੁੱਟ ਜਿਨ੍ਹਾਂ ਪ੍ਰਸਿੱਧ ਵਿਦਵਾਨਾਂ ਦੇ ਲੇਖ ਪੁਸਤਕ ਦਾ ਸ਼ਿੰਗਾਰ ਹਨ ਉਨ੍ਹਾਂ ਦੇ ਨਾਂ ਹਨ : ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ ਨਾਭਾ, ਲਾਲਾ ਕਿਰਪਾ ਸਾਗਰ, ਸ. ਸ਼ੇਰ ਸਿੰਘ ਜੀ ਕਸ਼ਮੀਰ, ਅਕਾਲੀ ਕੌਰ ਸਿੰਘ, ਬਾਵਾ ਬੁੱਧ ਸਿੰਘ, ਲਾਲਾ ਕਰਮ ਚੰਦ ਮਨਚੰਦਾ ਐਡਵੋਕੇਟ, ਪ੍ਰੋਫੈਸਰ ਤੇਜਾ ਸਿੰਘ, ਸ. ਸਰਦੂਲ ਸਿੰਘ ਕਵੀਸ਼ਰ, ਬਾਵਾ ਪ੍ਰੇਮ ਸਿੰਘ ਹੋਤੀ ਮਰਦਾਨ, ਮਾਸਟਰ ਬੀਰ ਸਿੰਘ ਡਾ. ਗੰਡਾ ਸਿੰਘ, ਸ. ਮਾਨ ਸਿੰਘ ਵਕੀਲ ਲਾਲਾ ਧਨੀ ਰਾਮ ਚਾਤ੍ਰਿਕ, ਸ. ਬੁੱਧ ਸਿੰਘ, ਸ. ਮਹਿਤਾਬ ਸਿੰਘ ਜਿਹਲਮ ਅਤੇ ਸ. ਵਿਧਾਤਾ ਸਿੰਘ ਤੀਰ ਆਦਿ।

ਇਤਿਹਾਸਿਕ ਮਸਾਲੇ ਦੀ ਸੁਚੱਜੀ ਪੇਸ਼ਕਾਰੀ ਲਈ ਪੁਸਤਕ ਨੂੰ ਚਾਰ ਹਿੱਸਿਆਂ (ਕਿਆਰੀਆਂ) ਵਿਚ ਵੰਡਿਆ ਗਿਆ ਹੈ। (1) ਸਿੱਖ ਇਤਿਹਾਸ ਬਾਰੇ (2) ਬਿਤਧਾਂ ਦੇ ਬਿਆਨ ਤੇ ਹੋਰ ਲੇਖ (3) ਸਿੱਖ ਸੁਧਾਰਕ ਲਹਿਰਾਂ (4) ਬੀਰਤਾ ਦੇ ਪੁੰਜ ਸਿੱਖਾਂ ਦਾ ਜੀਵਨ।

ਇਸ ਕਾਂਡ ਵਿਚ ਸੰਖੇਪ ਅਧਿਕੈਨ ਕਰਦਿਆਂ, ਉਕਤ ਚੋਹਾਂ ਭਾਗਾਂ ਤੇ ਉਪਰੋਕਤ ਸਰੇ ਲੇਖਕਾਂ ਦੀਆਂ ਮਹੱਤਵਪੂਰਨ ਕਿਰਤਾਂ ਵਿਚੋਂ ਹਵਾਲੇ ਦੇਣ ਜਾਂ ਸੰਖੇਪ ਸਾਰ ਪੇਸ਼ ਕਰਨ ਦੀ

---

[44]'ਬਹੁਮੁੱਲੇ ਇਤਿਹਾਸਕ ਲੇਖ,' ਪੰਨਾ 15.

Digitized by Panjab Digital Library | www.panjabdigilib.org

ਥਾਂ ਨਹੀਂ ਹੈ, ਤਾਂ ਵੀ ਹੇਠ ਲਿਖੀਆ ਕੁਝ ਮਿਸਾਲਾਂ ਸਿੱਖ ਇਤਿਹਾਸ ਦੇ ਵਿਦਿਆਰਥੀਆਂ ਲਈ ਦਿਲਚਸਪ ਹੋਣਗੀਆਂ।

ਭਾਈ ਵੀਰ ਸਿੰਘ ਜੀ ਨੇ ਆਪਣੇ ਲੇਖ 'ਸਾਡਾ ਇਤਿਹਾਸ' ਵਿਚ ਪੰਜਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਤੇ ਸੱਤਵੇਂ ਪਾਤਸ਼ਾਹ ਦੀਆਂ ਸ਼ਾਦੀਆਂ ਬਾਰੇ ਬਹਿਸ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸੰਬੰਧੀ ਉਨ੍ਹਾਂ ਦਾ ਵਿਚਾਰ ਹੈ ਕਿ ਇਸ ਮਸਲੇ ਬਾਰੇ ਬਾਦਸ਼ਾਹ ਦੀ ਆਪਣੀ ਲਿਖਤ ਨੂੰ ਵਿਚਾਰੇ ਬਿਨਾਂ ਹੀ ਬਹੁਤੇ ਇਤਿਹਾਸਕਾਰਾਂ ਨੇ ਨਿਰਣਾ ਦੇਣ ਦੀ ਕਾਹਲ ਕੀਤੀ ਹੈ। ਇਸ ਕੇਸ ਵਿਚ ਬਾਦਸ਼ਾਹ ਬਰੀ ਨਹੀਂ ਹੁੰਦਾ ਸਗੋਂ ਉਸ ਨੇ ਆਪ ਲਿਖਿਆ ਹੈ ਕਿ ਮਾਰ ਦੇਣ ਦਾ ਹੁਕਮ ਮੈਂ ਆਪ ਦਿੱਤਾ ਹੈ।"

ਸੱਤਵੇਂ ਗੁਰੂ ਸਾਹਿਬ ਦੇ ਵਿਆਹ ਸੰਬੰਧੀ ਸਿੱਖ ਇਤਿਹਾਸ ਵਿਚ ਬੜੀ ਹਾਸੋਹੀਣੀ ਕਥਾ ਪ੍ਰਚਲਿਤ ਕੀਤੀ ਗਈ ਹੈ। ਸੂਰਜ ਪ੍ਰਕਾਸ਼ ਤੇ ਦੋਵੇਂ 'ਮਹਿਮਾ ਪ੍ਰਕਾਸ਼' ਇਸ ਗੱਲ ਦਾ ਜ਼ਿਕਰ ਨਹੀਂ ਕਰਦੇ। ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ :

> "ਇਕ ਲਹਿੰਦੇ ਦੇ ਨੁਸਖੇ ਵਿਚ ਸਾਨੂੰ ਇਹ ਪਰਸੰਗ ਮਿਲਿਆ ਹੈ। ਪਰ ਉਸ ਵਿਚ 557 ਸਫ਼ੇ ਤੇ ਅੱਗੇ 4 ਸਫਿਆਂ ਦੇ ਅੰਗ ਨਹੀਂ ਲੱਗੇ ਹੋਏ ਤੇ ਬਿਨਾਂ ਸ਼ੱਕ ਪਿਆ ਦਿਸਦਾ ਹੈ ਕਿ ਇਹ ਚਾਰ ਸਫ਼ੇ ਮਗਰੋਂ ਪਾਏ ਗਏ ਹਨ ਚਾਰ ਸਫ਼ੇਦੇ ਮਗਰੋਂ ਹੀ ਫ਼ਿਰ 558 ਸਫ਼ਾ ਸ਼ੁਰੂ ਹੋ ਜਾਂਦਾ ਹੈ। ਜਿਸ ਤੇ ਆਖੇਪ ਕਰਨ ਵਾਲਾ ਸਫਿਆਂ ਦੇ ਅੰਗ ਵੀ ਬਦਲਾ ਕੇ ਲੁਕਾ ਨਹੀਂ ਸਕਿਆ। ਇਸ ਅਧਿਆਇ ਦੀ ਕਵਿਤਾ ਕਵੀ ਸੰਤੋਖ ਸਿੰਘ ਦੀ ਕਵਿਤਾ ਨਾਲੋਂ ਸਿਥਲ ਹੈ। ਗੁਰੂ ਹਰ ਰਾਇ ਜੀ ਦੀ ਉਮਰਦਸ ਸਾਲ ਦੀ ਸੀ। ਇਕ ਆਦਮੀ ਦੀਆਂ ਸੱਤ ਲੜਕੀਆਂ ਜੋ ਅਤਿ ਛੇਤੀ ਵੀ ਜੰਮੀਆਂ ਹੋਣ ਤਾਂ ਸਵਾ ਸਾਲ ਦਾ ਫ਼ਰਕ ਹਰ ਇਕ ਵਿਚ ਲੋੜੀਏ। ਇਸ ਹਿਸਾਬ ਜੇ ਵੱਡੀ ਲੜਕੀ 10 ਸਾਲ ਦੀ ਹੀ ਮਿੱਥ ਲਈਏ ਤਾਂ ਸਭ ਤੋਂ ਛੋਟੀ ਸਵਾ ਵਰ੍ਹੇ ਦੀ ਬੈਠਦੀ ਹੈ। ਇਸ ਲੜਕੀ ਤੇ ਸਭ ਤੋਂ ਵੱਡੀ ਦਸ ਸਾਲ ਦੀ ਨੇ ਕੀਕੂੰ ਗੁਰੂ ਜੀ ਨਾਲ ਵਿਆਹ ਦਾ ਪ੍ਰਣ ਵਿਚਾਰਿਆ ਤੇ ਕੀਤਾ ਤੇ ਜਾਂ ਮਾਪਿਆਂ ਨੇ ਪ੍ਰਣ ਕੀਤਾ ਤਾਂ ਸਵਾ ਵਰ੍ਹੇ ਦੀ ਬਾਲਕੀ ਲਈ ਦਸ ਵਰ੍ਹੇ ਦਾ ਵਰ ਲੋੜਨਾ ਕੋਈ ਦਿਮਾਗ ਵਾਲੇ ਦਾ ਕੰਮ ਨਹੀਂ ਹੋ ਸਕਦਾ।"[45]

ਗੁਰਬਾਣੀ ਦੇ ਕਿਸੇ ਸ਼ਬਦ ਦਾ ਮਨਭਾਉਂਦਾ ਅਰਥ ਕਰ ਕੇ ਉਸ ਤੋਂ ਇਤਿਹਾਸ ਸਿਰਜਣ ਦੀ ਮਿਸਾਲ, ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਲੇਖ' ਇਤਿਹਾਸ ਵਿਚੋਂ ਵਿਚ ਦਿਤੀ ਹੈ। ਮਾਝ ਦੀ ਵਾਰ ਵਿਚ, ਜੋ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ, ਇਕ ਤੁਕ ਇਉਂ ਹੈ : 'ਕੀੜਾ ਥਾਪਿ ਦੇਵੇ ਪਾਤਸਾਹੀ ਲਸਕਰ ਕਰੇ ਸੁਆਹ।' ਇਸ ਤੁਕ ਦਾ ਅੰਤਰੀਵ ਭਾਵ ਸਮਝੇ ਬਿਨਾਂ ਕਾਹਨ ਸਿੰਘ ਅਨੁਸਾਰ, ਕਿਸੇ ਇਤਿਹਾਸਕਾਰ ਨੇ ਲਿਖ ਦਿੱਤਾ ਹੈ ਕਿ ਗੁਰੂ ਨਾਨਕ ਦੇਵ ਜੀ ਕੀਟ ਨਗਰ ਗਏ ਅਤੇ ਉਨ੍ਹਾਂ ਦੀ ਕੀੜਿਆਂ ਦੇ ਬਾਦਸ਼ਾਹ ਨਾਲ

---

[45]'ਇਹੁਮੁੱਲੇ ਇਤਿਹਾਸਕ ਲੇਖ', ਪੰਨਾ 38-39.

Digitized by Panjab Digital Library | www.panjabdigilib.org

ਚਰਚਾ ਹੋਈ।[46]

ਇਸੇ ਤਰ੍ਹਾਂ ਦੀ ਇਕ ਹੋਰ ਦਿਲਚਸਪ ਮਿਸਾਲ ਅੰਮ੍ਰਿਤਸਰ ਸਰੋਵਰ ਵਿਚ ਪਿੰਗਲੇ ਦੇ ਠੀਕ ਹੋਣ ਦੀ ਸਾਖੀ ਬਾਰੇ ਹੈ। ਪ੍ਰੋ. ਤੇਜਾ ਸਿੰਘ ਨੇ ਆਪਣੇ ਲੇਖ 'ਬਣਾਉਟੀ ਇਤਿਹਾਸ'[47] ਵਿਚ ਨਾ ਕੇਵਲ ਇਸ ਸਾਖੀ ਦਾ ਖੰਡਨ ਹੀ ਕੀਤਾ ਹੈ ਸਗੋਂ ਗੁਰੂ ਰਾਮਦਾਸ ਜੀ ਦੇ ਵੇਲੇ ਕਿਸੇ ਹੋਰ ਰਾਜੇ ਦੇ ਹੋਣ ਬਾਰੇ ਵੀ ਸ਼ੱਕ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਚੌਹਾਂ ਸਾਹਿਬਜ਼ਾਦਿਆਂ ਦੇ ਜਨਮ ਦਿਵਸ ਤੇ ਸ਼ਹੀਦੀ ਬਾਰੇ ਵੀ ਸਾਨੂੰ ਠੀਕ ਠੀਕ ਪਤਾ ਨਹੀਂ। ਪ੍ਰਚਲਿਤ ਗੱਲ ਇਹੀ ਹੈ ਕਿ ਸ. ਅਜੀਤ ਸਿੰਘ ਤੇ ਸ. ਜੁਝਾਰ ਸਿੰਘ ਦੋਵੇਂ ਵੱਡੇ ਸਨ ਤੇ ਜੰਗ ਵਿਚ ਸ਼ਹੀਦ ਹੋਏ। ਸ. ਫਤਹਿ ਸਿੰਘ ਤੇ ਸ. ਜੋਰਾਵਰ ਸਿੰਘ ਜੀ ਦੋਵੇਂ ਛੋਟੇ ਸਨ ਤੇ ਕੰਧਾਂ ਵਿਚ ਚਿਣੇ ਗਏ। ਇਸ ਭੁਲੇਖੇ ਦਾ ਖੰਡਨ ਕਰਦਿਆਂ ਸ. ਸਰਦੂਲ ਸਿੰਘ ਕਵੀਸ਼ਰ ਨੇ 'ਇਕ ਪ੍ਰਸਿੱਧ ਇਤਿਹਾਸਕ ਭੁੱਲ' ਸਿਰਲੇਖ ਹੇਠ ਦੱਸਿਆ ਹੈ ਕਿ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੰਗ ਵਿਚ ਸ਼ਹੀਦ ਹੋਏ ਤੇ ਜੁਝਾਰ ਸਿੰਘ ਤੇ ਫਤਿਹ ਸਿੰਘ ਸਰਹੰਦ ਵਿਚ ਕੰਧਾਂ ਵਿਚ ਚਿਣੇ ਗਏ (ਜਾਂ ਕਤਲ ਕੀਤੇ ਗਏ)[48]। ਇਸ ਲੇਖਕ ਅਨੁਸਾਰ ਸ਼ਾਹਿਬਜ਼ਾਦਿਆਂ ਦੀਆਂ ਜਨਮ ਮਿਤੀਆਂ ਇਹ ਹਨ : ਸਾਹਿਬਜ਼ਾਦਾ ਅਜੀਤ ਸਿੰਘ 1688 ਈ. ਸਾਹਿਬਜ਼ਾਦਾ ਜ਼ੋਰਾਵਰ ਸਿੰਘ 1691 ਈ. ਸਾਹਿਬਜ਼ਾਦਾ ਜੁਝਾਰ ਸਿੰਘ 1696 ਈ. ਅਤੇ ਸਾਹਿਬਜ਼ਾਦਾ ਫਤਹਿ ਸਿੰਘ 1699 ਈ.

ਸਾਰ ਰੂਪ ਵਿਚ ਇਹ ਕਹਿ ਸਕਦੇ ਹਾਂ ਕਿ ਇਹੋ ਜਿਹੀਆਂ ਭੁੱਲਾਂ ਦੇ ਸੋਧਣ ਦਾ ਜਤਨ ਹੋਣ ਕਰਕੇ ਅਤੇ ਸਿੱਖ ਇਤਿਹਾਸ ਦੀਆਂ ਭਾਂਤ ਭਾਂਤ ਦੀ ਵੰਨਗੀਆਂ ਤੋਂ ਵਾਕਫ਼ ਹੋਣ ਲਈ ਇਹ ਪੁਸਤਕ ਬਹੁਤ ਮਹੱਤਵਪੂਰਨ ਹੈ। ਇਸ ਤੋਂ ਛੁਟ ਇਸ ਪੁਸਤਕ ਦਾ ਮਹੱਤਵ ਇਸ ਪੱਖ ਤੋਂ ਵੀ ਹੈ ਕਿ ਸੰਪਾਦਕ ਸ. ਕਰਮ ਸਿੰਘ ਨੇ ਜਿਥੇ ਇਤਿਹਾਸ ਲਿਖਣ ਲਈ ਸਮੁੱਚੀ ਕੌਮ ਦੇ ਵਿਦਵਾਨਾਂ ਨੂੰ ਉਤਸਾਹਿਤ ਕਰਨਾ ਜਰੂਰੀ ਸਮਝਿਆ ਨੇ ਉਥੇ ਅਮਲੀ ਰੂਪ ਵਿਚ ਇਹ ਗੱਲ ਸਿੱਧ ਕਰ ਦਿੱਤੀ ਹੈ ਕਿ ਇਤਿਹਾਸ ਲਿਖਣਾ ਇੱਕੇ ਦੁੱਕੇ ਬੰਦੇ ਦਾ ਕੰਮ ਨਹੀਂ। ਸਗੋਂ ਸਮੁੱਚੀ ਕੌਮ ਦੀ ਸਾਂਝੀ ਜਿੰਮੇਂਵਾਰੀ ਹੁੰਦਾ ਹੈ ਤੇ ਸਾਂਝੇ ਤੌਰ ਤੇ ਮਿਹਨਤ ਕੀਤਿਆ ਹੀ ਸਿਰੇ ਚੜ੍ਹਾਇਆ ਜਾ ਸਕਦਾ ਹੈ।

5. ਬੰਦਾ ਬਹਾਦਰ ਕੌਣ ਸੀ ?

ਇਹ ਪੁਸਤਕ ਮੂਲ ਰੂਪ ਵਿਚ ਲੇਖਕ ਦੀ 1928 ਈ.[49] ਵਿਚ ਲਿਖੀ ਉਰਦੂ

---

[46]'ਬਹੁਮੁੱਲੇ ਇਤਿਹਾਸਕ ਲੇਖ', ਪੰਨਾ 60.

[47]ਉਹੀ, ਪੰਨਾ 110.

[48]ਸਾਹਿਬਜ਼ਾਦੇ ਕੰਧਾਂ ਵਿਚ ਚਿਣੇ ਗਏ ਜਾਂ ਕਤਲ ਕੀਤੇ ਗਏ, ਇਸ ਸੰਬੰਧੀ ਵਿਸਤਾਰ ਸਹਿਤ ਚਰਚਾ ਲਈ ਕਰਮ ਸਿੰਘ ਦੀ 'ਇਤਿਹਾਸਕ ਖੋਜ' ਪੁਸਤਕ ਵਿਚ ਸ਼ਾਮਲ ਲੇਖ ਸਾਕਾ ਸਰਹੰਦ ਨੰ. 1 ਤੇ 2 ਪੜ੍ਹੋ

[49]ਇਸ ਪੁਸਤਕ ਦੇ ਟਾਈਟਲ ਉਤ ਇਸ ਦੀ ਪ੍ਰਕਾਸ਼ਨ ਮਿਤੀ ਦਰਜ ਨਹੀਂ ਹੈ, ਕੇਵਲ ਇਕ ਮੋਹਰ ਲੱਗੀ ਹੋਈ ਹੈ : 12-3-1934. ਪੁਸਤਕ ਦੇ ਅੰਤ ਵਿਚ 141 ਪੰਨੇ ਤੇ ਵੀ ਕਿਸੇ ਨੇ ਦਸਖ਼ਤ ਕਰਨ ਮਗਰੋਂ 13-3-1934 ਮਿਤੀ ਦਿੱਤੀ ਹੈ। ਭੂਮਿਕਾ ਵਿਚ ਇਸ ਸੰਬੰਧੀ ਹੇਠ ਲਿਖੀ ਸੂਚਨਾ ਦਰਜ ਹੈ।

(ਬਾਕੀ ਅਗਲੇ ਪੰਨੇ ਤੇ)

Digitized by Panjab Digital Library | www.panjabdigilib.org

ਰਚਨਾ 'ਬੰਦਾ ਕੌਨ ਥਾ, ਦਾ ਪੰਜਾਬੀ ਅਨੁਵਾਦ ਹੈ। ਭਾਈ ਪਰਮਾਨੰਦ ਜੀ ਐਮ. ਏ. ਨੇ ਜੋ ਭਾਈ ਮਤੀਦਾਸ ਜੀ ਦੇ ਖਾਨਦਾਨ ਵਿਚੋਂ ਸਨ ਤੇ ਮਗਰੋਂ ਆਰੀਆਂ ਸਮਾਜੀ ਬਣ ਗਏ ਸਨ, 'ਬੈਰਾਗੀ ਬੀਰ' ਪੁਸਤਕ ਲਿਖ ਕੇ ਇਹ ਸਿੱਧ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ ਸੀ ਕਿ ਬੰਦਾ ਸਿੱਖ ਨਹੀਂ, ਹਿੰਦੂ ਸੀ।[50] ਕਰਮ ਸਿੰਘ ਨੇ ਉਸੇ ਵੇਲੇ ਉਪਰੋਕਤ ਪੁਸਤਕ ਲਿਖ ਕੇ, ਅਕੱਟ ਇਤਿਹਾਸਿਕ ਦਲੀਲਾਂ ਦੇ ਕੇ ਨਾ ਕੇਵਲ ਇਹ ਸਿੱਧ ਕੀਤਾ ਕਿ ਬੰਦਾ ਗੁਰੂ ਜੀ ਦਾ ਸ਼ਰਧਾਲੂ ਸਿੱਖ ਸੀ ਸਗੋਂ ਗੈਰ ਸਿੱਖਾਂ ਦੇ ਸਿੱਖ ਇਤਿਹਾਸ ਪ੍ਰਤੀ ਰਵੱਈਏ, ਸਿੱਖ ਸ਼ਹੀਦਾਂ ਸੰਬੰਧੀ ਉਨ੍ਹਾਂ ਦੀ ਰਾਇ ਅਤੇ ਇਤਿਹਾਸਕਾਰ ਵਜੋਂ ਭਾਈ ਪਰਮਾਨੰਦ ਦੀਆਂ ਖੋਖਲੀਆਂ ਦਲੀਲਾਂ ਦਾ ਪਾਜ ਵੀ ਉਘੇੜਿਆ।

ਕਰਮ ਸਿੰਘ ਨੇ ਸਾਰੀ ਸਮੱਸਿਆ ਦੇ ਅਧਿਐਨ ਤੇ ਹਲ ਲਈ ਪੁਸਤਕ ਨੂੰ ਸੱਤ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਉਸ ਵੇਲੇ ਦੀ ਧਾਰਮਿਕ ਖਿੱਚੋਤਾਣ ਵਲ ਸੰਕੇਤ ਕੀਤਾ ਗਿਆ ਹੈ ਅਤੇ ਦੂਜੇ ਵਿਚ ਬਾਬਾ ਬੰਦਾ ਬਹਾਦਰ ਦੇ ਜਨਮ ਅਤੇ ਧਾਰਮਿਕ ਭਾਵਨਾ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਇਸ ਭਾਗ ਵਿਚ ਲੇਖਕ ਨੇ ਭਾਈ ਪਰਮਾਨੰਦ ਜੀ ਦੀ ਰਚਨਾ ਦੀਆਂ ਕੁਝ ਅਜਿਹੀ-ਆਂ ਊਣਤਾਈਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਰਾਹੀਂ ਭਾਈ ਸਾਹਿਬ ਨੇ ਇਕ ਜਾਣੇ ਪਛਾਣੇ ਪੰਜਾਬੀ ਹੀਰੋ ਬਾਰੇ ਲੋਕਰਾਇ ਬਦਲਣ ਦੀ ਕੋਸ਼ਿਸ਼ ਕੀਤੀ ਹੈ। ਕਰਮ ਸਿੰਘ ਨੇ ਇਸ ਸੰਬੰਧ ਵਿਚ ਅੱਖੀਂ ਡਿੱਠੀਆਂ ਗਵਾਹੀਆਂ ਦਾ ਜ਼ਿਕਰ ਕੀਤਾ ਹੈ। ਉਸ ਨੇ ਬੰਦੇ ਦੇ ਸਮਕਾਲੀ ਹਿੰਦੂ, ਮੁਸਲਮਾਨ ਅਤੇ ਅੰਗਰੇਜ਼ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚੋਂ ਉਦਾਹਰਣਾਂ ਦੇ ਕੇ, ਅਕੱਟ ਦਲੀਲਾਂ ਨਾਲ ਸਿੱਧ ਕੀਤਾ ਹੈ ਕਿ ਬੰਦਾ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਤੇ ਸਿੱਖ ਜਰਨੈਲ ਹੀ ਸੀ। ਉਸ ਨੂੰ ਹੋਰ ਕੁਝ ਵੀ ਕਹਿਣਾ ਇਤਿਹਾਸਿਕ ਸਚਾਈ ਤੋਂ ਮੂੰਹ ਮੋੜਨਾ ਹੀ ਹੈ। ਕਿਉਂਕਿ ਲੇਖਕ ਦਾ ਵਿਸ਼ਵਾਸ ਹੈ ਕਿ ਜਦ ਕਦੀ ਵੀ "ਸਿੱਖਾਂ ਦਾ ਸਹੀ ਤੇ ਮੁਕੰਮਲ ਇਤਿਹਾਸ ਲਿਖਿਆ ਜਾਵੇਗਾ ਤਾਂ ਸਾਰਾ ਜਹਾਨ ਇਸ ਗੱਲ ਨੂੰ ਮੰਨੇਗਾ ਕਿ ਹਿੰਦੁਸਤਾਨ ਨੂੰ ਮੁਸਲਮਾਨੀ ਰਾਜ ਤੋਂ ਛੁਟਕਾਰਾ ਦਿਲੌਣ ਵਾਲੇ ਕੇਵਲ ਸਿੱਖ ਹੀ ਸਨ।

ਪੁਸਤਕ ਦਾ ਤੀਜਾ ਭਾਗ 'ਅੰਦਰੂਨੀ ਗਵਾਹੀਆਂ' ਨਾਲ ਸੰਬੰਧਿਤ ਹੈ। ਜਿਥੇ ਪਹਿਲੇ

(ਪਿਛਲੇ ਪੰਨੇ ਦੀ ਬਾਕੀ)

"ਪ੍ਰਸਿੱਧ ਸਿੱਖ ਇਤਿਹਾਸਕਾਰ ਸ. ਕਰਮ ਸਿੰਘ ਜੀ ਹਿਸਟੋਰੀਅਨ ਨੇ 1928 ਈ. ਅੰਦਰ ਡਾ. ਪਰਮਾਨੰਦ ਜੀ ਦੀ ਕਿਤਾਬ 'ਬੈਰਾਗੀ ਬੀਰ' ਦੇ ਉੱਤਰ ਵਿਚ ਇਹ ਪੁਸਤਕ ਉਰਦੂ ਵਿਚ ਲਿਖੀ ਸੀ... ਉਰਦੂ ਵਿਚ ਇਹ ਪੁਸਤਕ ਅਕਾਲੀ ਏਜੰਸੀ ਨੇ ਛਪਵਾਈ ਸੀ। ਸੰਗਤਾਂ ਨੇ ਇਸ ਦੀ ਬਹੁਤ ਸ਼ਲਾਘਾ ਕੀਤੀ ਕਿ ਸ. ਕਰਮ ਸਿੰਘ ਜੀ ਨੇ ਕੁੱਜੇ ਵਿਚ ਸਮੁੰਦਰ ਬੰਦ ਕਰਕੇ ਰੱਖ ਦਿੱਤਾ ਹੈ। ਹੁਣ (ਭਾਵ 1934 ਈ. ਹੀ ਹੋਣਾ ਚਾਹੀਦਾ ਹੈ, ਪਰ ਇਹ ਸ਼ਬਦ ਭੂਮਿਕਾ ਵਿਚ ਦਰਜ ਨਹੀਂ ਹਨ) ਆਮ ਸੱਜਣਾਂ ਦੇ ਲਾਭ ਲਈ ਅਕਾਲੀ ਏਜੰਸੀ ਦੀ ਆਗਿਆ ਨਾਲ ਇਸ ਦਾ ਹੂਬਹੂ ਉਲਥਾ ਛਪਵਾਕੇ ਸੰਗਤਾਂ ਦੀ ਭੇਟ ਕੀਤਾ ਜਾਂਦਾ ਹੈ।"

[50]ਡਾ. ਗੰਡਾ ਸਿੰਘ ਨੇ ਵੀ 1964 ਈ. ਵਿਚ ਪ੍ਰਕਾਸ਼ਿਤ ਆਪਣੀ ਪੁਸਤਕ 'ਬੰਦਾ ਸਿੰਘ ਬਹਾਦਰ' ਦੇ ਪੰਨਾ 7 ਉਤੇ ਭਾਈ ਪਰਮਾਨੰਦ ਦੀ ਇਸ ਪੁਸਤਕ ਦਾ ਜ਼ਿਕਰ ਕਰਦਿਆਂ ਇਸ ਲਿਖਤ ਨੂੰ ਇਤਿਹਾਸਕ ਤੱਥਾਂ ਦੀ ਭਾਲ ਦੇ ਪਖੋਂ ਮਹੱਤਵਹੀਣ ਕਿਰਤ ਦੱਸਿਆ ਹੈ। ਡਾ. ਸਾਹਿਬ ਦੇ ਸ਼ਬਦਾਂ ਵਿਚ "ਭਾਈ ਪਰਮਾਨੰਦ ਦੀ ਪੁਸਤਕ ਬੀਰ ਬੈਰਾਗੀ ਨੂੰ ਇਤਿਹਾਸਕ ਪੁਸਤਕਾਂ ਦੀ ਲੜੀ ਵਿਚ ਗਿਣਨਾ ਇਤਿਹਾਸ ਨਾਲ ਅਨਿਆਇ ਹੋਵੇਗਾ। ਕਿਉਂਕਿ ਨਾ ਤਾਂ ਇਸ ਦਾ ਮੁੱਢਲਾ ਮੰਤਵ ਇਤਿਹਾਸਕ ਹੈ ਨਾ ਹੀ ਇਸ ਦਾ ਢੰਗ।"

Digitized by Panjab Digital Library | www.panjabdigilib.org

ਦੋ ਭਾਗ ਇਤਿਹਾਸ ਦੇ ਵਿਦਵਾਨਾਂ ਲਈ ਦਿਲਚਸਪੀ ਦਾ ਕਾਰਨ ਹੋ ਸਕਦੇ ਹਨ, ਉਥੇ ਇਸ ਭਾਗ ਵਿਚ ਲੇਖਕ ਨੇ ਭਾਈ ਪਰਮਾਨੰਦ ਜੀ ਦੀ ਇਤਿਹਾਸਕ ਸੂਝ ਦਾ ਲੇਖਾ ਜੋਖਾ ਪੇਸ਼ ਕੀਤਾ ਹੈ। ਆਪਣੇ ਗਲਤ ਥੀਸਿਸ ਨੂੰ ਸਹੀ ਸਿੱਧ ਕਰਨ ਦੇ ਚੱਕਰ ਵਿਚ ਭਾਈ ਸਾਹਿਬ ਤੋਂ ਅਨੇਕ ਭੁੱਲਾਂ ਹੋ ਗਈਆਂ ਹਨ। ਕਰਮ ਸਿੰਘ ਨੇ 'ਬੈਰਾਗੀ ਬੀਰ' ਵਿੱਚੋਂ ਅਨੇਕਾਂ ਹਵਾਲੇ ਨੋਟ ਕਰ ਕੇ ਉਨ੍ਹਾਂ ਦੇ ਜੁਆਬ ਦਿੱਤੇ ਹਨ, ਦੂਜੇ ਇਤਿਹਾਸਕਾਰਾਂ ਨਾਲ ਉਨ੍ਹਾਂ ਦੀਆਂ ਸਥਾਪਨਾਵਾਂ ਦਾ ਟਾਕਰਾ ਕੀਤਾ ਹੈ ਤੇ ਹਾਸੋਹੀਣੀਆਂ ਗੱਲਾਂ ਦਾ ਵਰਣਨ ਵੇਖ ਕੇ ਇਤਿਹਾਸਕ ਲਿਖਤ ਵਜੋਂ 'ਬੈਰਾਗੀ ਬੀਰ' ਦਾ ਮੁਲੰਕਣ ਕੀਤਾ ਹੈ। ਮਿਸਾਲ ਵਜੋਂ ਕਰਮ ਸਿੰਘ ਨੇ ਭਾਈ ਸਾਹਿਬ ਦੀ ਇਕ ਸਤਰ, "ਗੁਰੂ ਗੋਬਿੰਦ ਸਿੰਘ ਜੀ ਸੇ ਬੈਰਾਗੀ ਨੇ ਉਨ ਕੇ ਉਦੇਸ਼ ਕਾ ਚਾਰਜ ਲੇ ਲਿਆ" ਦਾ ਉੱਤਰ ਦਿੰਦਿਆਂ ਲਿਖਿਆ ਹੈ :

> "ਕੀ ਗੁਰੂ ਸਾਹਿਬ ਨੇ ਆਪਣਾ ਕੰਮ ਇਕ ਗੈਰ ਸਿੱਖ ਦੇ ਹਵਾਲੇ ਕਰ ਦਿੱਤਾ ? ਅਤੇ ਗੁਰੂ ਜੀ ਦੇ ਸਿੱਖਾਂ ਨੇ ਆਪਣੇ ਆਪ ਨੂੰ ਇਕ ਗੈਰ ਸਿੱਖ ਦੇ ਅਧੀਨ ਕਰ ਦਿੱਤਾ ? ਇਹ ਅਸੰਭਵ ਹੈ।"[51]

ਪਰਮਾਨੰਦ ਜੀ ਨੇ ਲਿਖਿਆ ਹੈ ਕਿ ਬੰਦੇ ਦੇ ਪੰਜਾਬ ਪਹੁੰਚਣ ਤੇ ਲੋਕਾਂ ਨੇ ਉਸ ਨੂੰ ਰੱਬ ਦਾ ਅਵਤਾਰ ਸਮਝਿਆ ਜਿਹੜਾ ਅਧਰਮ ਦੇ ਨਾਸ ਲਈ ਅਤੇ ਧਰਮ ਦੀ ਸਥਾਪਤੀ ਲਈ ਆਇਆ ਸੀ। ਇਸ ਲਈ ਦੂਰੋਂ ਦੂਰੋਂ ਆ ਕੇ ਹਿੰਦੂ ਨੌਜੁਆਨ ਉਸ ਦੇ ਮਿਸ਼ਨ ਵਿਚ ਸਹਾਇਕ ਹੋਣ ਲਈ ਪੁੱਜਣ ਲੱਗ ਪਏ। ਬੰਦੇ ਨੇ ਪਹਿਲੀ ਵਾਰ ਵੱਖ ਵੱਖ ਕੰਮਾਂ ਦੀ ਵੰਡ ਕੀਤੀ ਤੇ ਮੁਖੀ ਨਿਯੁਕਤ ਕੀਤੇ। ਪਰ ਇਨ੍ਹਾਂ ਮੁਖੀਆਂ ਵਿਚ ਇਕ ਵੀ ਹਿੰਦੂ ਦਾ ਨਾਂ ਨਹੀਂ ਹੈ। ਸਾਰੇ ਹੀ ਮੁਖੀਏ ਸਿੱਖ ਹਨ। ਪਰਮਾਨੰਦ ਕੋਲ ਬੈਰਾਗੀ ਦੀ ਇਸ ਭੇਦ ਭਾਵ ਭਰੀ ਨੀਤੀ ਦਾ ਕੋਈ ਜੁਆਬ ਨਹੀਂ ਪਰ ਕਰਮ ਸਿੰਘ ਕੋਲ ਹੈ। ਪਹਿਲਾ ਤਾਂ ਇਹ ਕਿ ਬੰਦਾ ਸਿੱਖ ਸੀ, ਦੂਜਾ ਇਹ ਕਿ ਭਾਈ ਸਾਹਿਬ ਇਤਿਹਾਸ ਨੂੰ ਤਬਦੀਲ ਕਰਨ ਦੀ ਕੋਸ਼ਿਸ਼ ਵਿਚ ਇਕ ਦੋ ਹਿੰਦੂ ਅਹੁਦੇਦਾਰਾਂ ਦੇ ਨਾਂ ਵੀ ਨਹੀਂ ਦਸ ਸਕੇ। ਨਹੀਂ ਤਾਂ ਕੋਈ ਕਾਰਨ ਨਹੀਂ ਕਿ ਮੁਖੀਆਂ ਵਿਚ ਇਕ ਵੀ ਹਿੰਦੂ ਦਾ ਨਾਂ ਹੋਵੇ।[52]

ਚੌਥਾ ਭਾਗ ਭਾਈ ਸਾਹਿਬ ਦੀਆਂ 'ਇਤਿਹਾਸਕ ਭੁੱਲਾਂ' ਬਾਰੇ ਹੈ। ਉਨ੍ਹਾਂ ਨੇ ਨਿਰਪੱਖ ਇਤਿਹਾਸਕਾਰੀ ਦੇ ਨਿਯਮਾਂ ਨੂੰ ਛਿੱਕੇ ਤੇ ਟੰਗ ਕੇ ਮਨ ਮੰਨੇ ਥੀਸਿਸ ਨੂੰ ਇਤਿਹਾਸਕ ਜਾਮਾ ਪੁਆਉਣ ਦੀ ਕੋਸ਼ਿਸ਼ ਕੀਤੀ ਹੈ। 'ਬੈਰਾਗੀ ਬੀਰ' ਵਿਚ ਕਿਸੇ ਭਰੋਸੇਯੋਗ ਤਵਾਰੀਖੀ ਲਿਖਤ ਦਾ ਹਵਾਲਾ ਨਹੀਂ ਦਿੱਤਾ ਗਿਆ ਸਗੋਂ ਘੱਟ ਸਮਝ ਵਾਲੇ ਇਤਿਹਾਸਕਾਰਾਂ ਦੇ ਬਿਆਨ ਹੀ ਸਮੱਗਰੀ ਵਜੋਂ ਵਰਤੇ ਗਏ ਹਨ। ਇਥੋਂ ਤਕ ਕਿ 'ਮਹਿਤਾਬ ਬੇਗਮ' ਨਾਂ ਦੇ ਇਕ ਨਾਵਲ ਦੇ ਫਰਜ਼ੀ ਵਾਕੇ ਨੂੰ ਹਵਾਲੇ ਵਜੋਂ ਚੁਣਿਆ ਹੈ। ਫਲ ਸਰੂਪ ਸ਼ਹਿਰਾਂ, ਘਟਨਾਵਾਂ, ਬੰਦਿਆਂ ਦੇ ਨਾਂ ਅਤੇ ਤਰੀਕਾਂ ਆਦਿ ਬਾਰੇ ਬਹੁਤੇ ਤੱਥ ਗਲਤ ਹਨ। ਪਰਮਾਨੰਦ ਅਨੁਸਾਰ ਵਜ਼ੀਰਖਾਨ ਨੂੰ ਜੁੱਤੀਆਂ ਵਿਚ ਬਿਠਾਇਆ ਗਿਆ, ਜਦ ਕਿ ਬੰਦੇ ਦਾ ਹਰ ਸਮਕਾਲੀ ਲੇਖਕ ਇਹ ਮੰਨਦਾ ਹੈ ਕਿ ਵਜ਼ੀਰ ਖਾਨ ਲੜਾਈ ਵਿਚ ਮਾਰਿਆ ਗਿਆ

---

[51] 'ਬੰਦਾ ਬਹਾਦਰ ਕੌਣ ਸੀ', ? ਪੰਨਾ 52.
[52] ਉਹੀ, ਪੰਨਾ 46.

Digitized by Panjab Digital Library | www.panjabdigilib.org

ਸੀ ਤੇ ਉਥੇ ਹੀ ਉਸ ਦੀ ਲਾਸ਼ ਦਾ ਸਸਕਾਰ ਕੀਤਾ ਗਿਆ ਸੀ।

ਪੁਸਤਕ ਦੇ ਪੰਜਵੇਂ ਭਾਗ ਵਿਚ ਲੇਖਕ ਨੇ ਬੰਦਾ ਬਹਾਦਰ ਦੇ ਸਮੇਂ ਦੇ ਵਾਕਿਆਤ ਦੀ ਇਤਿਹਾਸਕ ਤਰਤੀਬ ਪੇਸ਼ ਕੀਤੀ ਹੈ, ਜਿਸ ਤੋਂ ਦੂਜੇ ਖੋਜੀ ਆਪ ਅਨੁਮਾਨ ਲਾ ਸਕਣ ਕਿ ਭਾਈ ਪਰਮਾਨੰਦ ਜੀ ਦੀ ਉਪਰੋਕਤ ਧਾਰਣਾ ਕਿਥੋਂ ਤਕ ਤੇ ਕਿੰਨੀ ਕੁ ਠੀਕ ਹੈ। ਛੇਵੇਂ ਭਾਗ ਵਿਚ ਤੱਤ ਖਾਲਸਾ ਤੇ ਬੰਦਈ ਖਾਲਸਾ ਦੇ ਅੱਡ ਹੋਣ ਦੀ ਘਟਨਾ ਦਾ ਵਰਣਨ ਕਰਦਿਆਂ ਕਰਮ ਸਿੰਘ ਨੇ ਪਰਮਾਨੰਦ ਦੀ ਇਸ ਧਾਰਣਾ ਦਾ ਖੰਡਨ ਕੀਤਾ ਹੈ ਕਿ ਸਿੰਘਾਂ ਨੂੰ ਜਿੱਤ ਬੰਦੇ ਦੀ ਹੋਂਦ ਕਾਰਨ ਪ੍ਰਾਪਤ ਹੁੰਦੀ ਸੀ। ਸਗੋਂ ਅਸਲੀਅਤ ਇਹ ਹੈ ਕਿ ਬੰਦੇ ਨੂੰ ਸਿੰਘਾਂ ਦੇ ਸਾਥ ਕਾਰਨ ਜਿੱਤ ਪ੍ਰਾਪਤ ਹੁੰਦੀ ਸੀ।

ਸੱਤਵੇਂ ਭਾਗ ਵਿਚ ਕਰਮ ਸਿੰਘ ਨੇ ਇਹ ਨਿਰਣਾ ਦੇਣਾ ਜ਼ਰੂਰੀ ਸਮਝਿਆ ਹੈ ਕਿ ਬੰਦਾ ਅਸਲ ਵਿਚ ਕੌਣ ਸੀ? ਲੇਖਕ ਦਾ ਇਹ ਨਿਸਚਾ ਹੈ ਕਿ ਬੰਦਾ ਬਹਾਦਰ ਗੁਰੂ ਜੀ ਦਾ ਸ਼ਰਧਾਲੂ ਸਿੱਖ ਸੀ। ਪਰ ਨਾਲ ਹੀ ਇਕ ਭੁਲੇਖਾ ਵੀ ਪਾ ਦਿੱਤਾ ਹੈ ਜੋ ਉਨ੍ਹਾਂ ਦੀ ਆਪਣੀ ਪੁਸਤਕ 'ਬੰਦਾ ਬਹਾਦਰ' ਦੇ ਨਿਰਣੇ ਨਾਲ ਨਹੀਂ ਮਿਲਦਾ। ਜਿਥੇ 'ਬੰਦਾ ਬਹਾਦਰ' ਵਿਚ ਕਰਮ ਸਿੰਘ ਨੇ ਲਿਖਿਆ ਹੈ ਕਿ ਜਦੋਂ ਉਸ ਨੂੰ ਦਿੱਲੀ ਵਿਚ ਤਸੀਹੇ ਦੇ ਕੇ, ਹਾਥੀ ਦੇ ਪੈਰ ਨਾਲ ਬੰਨ ਕੇ ਮਾਰਿਆ ਗਿਆ ਤੇ ਮਰਿਆ ਹੋਇਆ ਸਮਝ ਕੇ ਜਮਨਾ ਦੇ ਕੰਢੇ ਸੁੱਟ ਦਿੱਤਾ ਤਾਂ ਉਹ ਕਿਸੇ ਫ਼ਕੀਰ ਦੇ ਇਲਾਜ ਨਾਲ ਸਿਹਤਮੰਦ ਹੋ ਗਿਆ। ਪਰ ਉਸ ਨੇ ਆਪਣੇ ਆਪ ਨੂੰ ਪ੍ਰਗਟ ਕਰਨਾ ਮੁਨਾਸਬ ਨਾ ਸਮਝਿਆ ਤੇ ਉਹ ਜੰਮੂ ਦੇ ਪਹਾੜਾਂ ਵਲ ਚਲਾ ਗਿਆ। ਕਰਮ ਸਿੰਘ ਅਨੁਸਾਰ ਉਸ ਦੀ ਉਲਾਦ ਅਜ ਕਲ ਉਥੇ ਵਸਦੀ ਹੈ ਤੇ ਉਦੋਂ (ਭਾਵ 1907 ਈ:) ਸ੍ਰ. ਤੇਜਾ ਸਿੰਘ, ਉਸ ਦੀ ਗੱਦੀ ਤੇ ਬਰਾਜਮਾਨ ਸਨ। ਉਥੇ ਇਸ ਪੁਸਤਕ ਵਿਚ ਲਿਖਿਆ ਹੈ ਕਿ ਦਿੱਲੀ ਵਿਚ ਬੰਦੇ ਦੀ ਸ਼ਹੀਦੀ ਤੋਂ ਮਗਰੋਂ ਕਿਸੇ ਨੇ ਆਪਣੇ ਆਪ ਨੂੰ ਬੰਦਾ ਪ੍ਰਸਿੱਧ ਕਰ ਲਿਆ ਤੇ ਜੰਮੂ ਦੇ ਪਹਾੜਾਂ ਵਿਚ ਡੇਰਾ ਸਥਾਪਤ ਕਰ ਲਿਆ। ਲੇਖਕ ਨੂੰ ਇਸ ਡੇਰੇ ਵਿਚ ਰਹਿਣ ਦਾ ਮੌਕਾ ਮਿਲਿਆ ਹੈ। ਉਥੇ ਪੂਰਾ ਸਿੱਖੀ ਵਾਤਾਵਰਣ ਹੈ। ਗੁਰੂ ਗਰੰਥ ਸਾਹਿਬ ਵਿਚ ਸ਼ਰਧਾ ਦ੍ਰਿਸ਼ਟੀਗੋਚਰ ਹੁੰਦੀ ਹੈ। ਉਹ ਲੋਕ ਅਰਦਾਸ ਵਿਚ ਦਸਾਂ ਪਾਤਸ਼ਾਹੀਆਂ ਦਾ ਨਾਂ ਲੈਂਦੇ ਹਨ। ਇਸ ਪੁਸਤਕ ਦਾ ਅੰਤਲਾ ਪ੍ਰਸ਼ਨ ਤੇ ਦਲੀਲ ਹੈ ਕਿ:

> "ਕੀ ਬੈਰਾਗੀ ਦਾ ਕੋਈ ਚੇਲਾ ਗੁਰਬਾਣੀ ਦਾ ਇਤਨਾ ਸ਼ਰਧਾਲੂ ਹੋ ਸਕਦਾ ਹੈ ਜਿਤਨਾ ਕਿ ਬੰਦਈ ਸਿੱਖ ਹਨ? ਕੀ ਬੈਰਾਗੀ ਦਾ ਮੰਨਣ ਵਾਲਾ ਕੋਈ ਇਤਨਾ ਅਜ਼ਾਦ ਖਿਆਲ ਹੋ ਸਕਦਾ ਹੈ ਕਿ ਉਹ ਆਪਣੇ ਮੁਰਦਿਆਂ ਦੀਆਂ ਹੱਡੀਆਂ ਹਰਿਦਵਾਰ ਦੀ ਥਾਂ ਕਿਸੇ ਹੋਰ ਦਰਯਾ ਵਿਚ ਰੁੜ੍ਹਾਏ ਜਾਂ ਇਨ੍ਹਾਂ ਗੱਲਾਂ ਦੀ ਮੌਜੂਦਗੀ ਵਿਚ ਕੌਣ ਆਦਮੀ ਹੈ ਜੋ ਬੰਦਾ ਬਾਹਦਰ ਨੂੰ ਬੈਰਾਗੀ ਸਾਬਤ ਕਰਨ ਦਾ ਹੌਸਲਾ ਕਰ ਸਕਦਾ ਹੈ?"[53]

ਸਾਰਾਂਸ਼ ਇਹ ਕਿ ਕਰਮ ਸਿੰਘ ਨੇ ਇਸ ਪੁਸਤਕ ਰਾਹੀਂ ਇਤਿਹਾਸਕਾਰਾਂ ਵੱਲੋਂ ਇਤਿਹਾਸਕ ਤੱਥਾਂ ਨੂੰ ਮਨਭਾਉਂਦੇ ਰੂਪ ਵਿਚ ਪੇਸ਼ ਕਰਨ ਦੀ ਇਕ ਵਧੀਆ ਮਿਸਾਲ

---

[53] 'ਬੰਦਾ ਬਹਾਦਰ ਕੌਣ ਸੀ?', ਪੰਨਾ 139.

Digitized by Panjab Digital Library | www.panjabdigilib.org

ਦਿੱਤੀ ਹੈ ਨਾਲ ਹੀ ਇਕ ਅਤਿਅੰਤ ਮਹੱਤਵਪੂਰਨ ਸਿੱਖ ਜਰਨੈਲ ਦੇ ਸੰਬੰਧ ਵਿਚ ਲਿਖੀ ਹੋਈ ਹੋਣ ਕਾਰਨ ਇਹ ਪੁਸਤਕ ਜਿਥੇ ਇਤਿਹਾਸਕਾਰਾਂ ਲਈ ਇਕ ਭਰੋਸੇਯੋਗ ਦਸਤਾਵੇਜ਼ ਹੈ, ਉਥੇ ਇਤਿਹਾਸਕ ਸਚਾਈ ਦੀ ਭਾਲ ਲਈ ਸਹੀ ਸੋਮਿਆਂ ਦੀ ਭਾਲ ਤੇ ਵਰਤੋਂ ਦਾ ਮਹੱਤਵ ਵੀ ਦਰਸਾਉਂਦੀ ਹੈ।

6. **'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ'**

(ਸੰਪਾਦਕ ਹੀਰਾ ਸਿੰਘ ਦਰਦ)

ਜਿਵੇਂ ਕਿ ਪਿੱਛੇ ਦੱਸਿਆ ਜਾ ਚੁਕਾ ਹੈ ਕਿ ਸ. ਕਰਮ ਸਿੰਘ 1905 ਈ. ਵਿਚ ਕਾਲਿਜ ਦੀ ਪੜ੍ਹਾਈ ਵਿਚਾਲੇ ਹੀ ਛੱਡ ਕੇ ਇਤਿਹਾਸਕ ਮਸਾਲੇ ਦੀ ਖੋਜ ਭਾਲ ਤੇ ਸੰਭਾਲ ਲਈ ਯਤਨ ਕਰਨ ਵਿਚ ਜੁਟ ਗਏ ਸਨ। ਉਸ ਸਮੇਂ ਦੇ ਕੀਤੇ ਸਾਰੇ ਖੋਜ ਕਾਰਜ ਵਿੱਚੋਂ ਕੁਝ ਤਾਂ ਉਨ੍ਹਾਂ ਨੇ ਪਿੱਛੇ ਦੱਸੀਆਂ ਪੁਸਤਕਾਂ ਵਿਚ ਕਲਮਬੰਦ ਕਰ ਦਿੱਤਾ ਅਤੇ ਕੁਝ ਫੁਟਕਲ ਲੇਖਾਂ ਦੇ ਰੂਪ ਵਿਚ ਸੰਭਾਲ ਦਿੱਤਾ। ਇਉਂ ਉਕਤ ਪੁਸਤਕ ਵਿਚ ਸ਼ਾਮਲ ਸਮੱਗਰੀ ਦੇ ਇਕੱਤਰ ਕਰਨ ਦਾ ਸਮਾਂ ਮੋਟੇ ਤੌਰ ਤੇ 1905 ਈ. ਤੋਂ 1907 ਈ. ਤਕ ਮਿਥਿਆ ਜਾ ਸਕਦਾ ਹੈ ਪਰ 'ਇਤਿਹਾਸਿਕ ਲੇਖਾਂ' ਦੇ ਸਿਰਲੇਖ ਹੇਠ ਜੋ ਰਚਨਾ ਮਿਲਦੀ ਹੈ, ਉਸ ਦੀ ਪ੍ਰਕਾਸ਼ਨ ਮਿਤੀ ਨਿਰਧਾਰਿਤ ਕਰਨੀ ਔਖੀ ਗੱਲ ਹੈ। ਹੀਰਾ ਸਿੰਘ ਦਰਦ, ਸੰਪਾ. ਫੁਲਵਾੜੀ ਨੇ ਇਨ੍ਹਾਂ ਲੇਖਾਂ ਦੇ ਇਸ ਪੱਤਰ ਵਿਚ ਪ੍ਰਕਾਸ਼ਿਤ ਹੋਣ ਦੀਆਂ ਜੋ ਮਿਤੀਆਂ ਦਿੱਤੀਆਂ ਹਨ ਉਹ 1926 ਈ. ਤੋਂ 1934 ਈ. ਤਕ ਬਣਦੀਆਂ ਹਨ। ਸਪਸ਼ਟ ਹੈ ਕਿ ਕੁਝ ਲੇਖ ਤਾਂ ਲੇਖਕ ਦੇ ਜੀਵਨ ਕਾਲ ਵਿਚ ਹੀ ਪ੍ਰਕਾਸ਼ਿਤ ਹੋ ਗਏ ਅਤੇ ਕੁਝ ਉਨ੍ਹਾਂ ਦੇ ਦੇਹਾਂਤ ਤੋਂ ਮਗਰੋਂ ਉਨ੍ਹਾਂ ਦੇ ਸਪੁੱਤਰ ਸ. ਰਣਬੀਰ ਸਿੰਘ ਤੋਂ ਪ੍ਰਾਪਤ ਕਰ ਕੇ ਛਾਪੇ ਗਏ ਸਨ।

ਇਸੇ ਪੁਸਤਕ ਵਿਚ ਹੀ ਬਿਰਧਾਂ ਦੇ ਬਿਆਨ ਵੀ ਸ਼ਾਮਲ ਹਨ। ਇਹ ਵੀ ਉਸੇ ਸਮੇਂ ਇਕੱਠੇ ਕੀਤੇ ਗਏ ਸਨ ਅਤੇ ਮਗਰੋਂ 'ਫੁਲਵਾੜੀ' ਦੇ ਪੰਨਿਆਂ ਵਿਚ ਹੀ ਪ੍ਰਕਾਸ਼ਿਤ ਹੁੰਦੇ ਰਹੇ ਸਨ। ਇਹੀ ਗੱਲ ਲਾਹੌਰ ਦਰਬਾਰ ਦੇ ਰੋਜ਼ਨਾਮਚਿਆਂ ਬਾਰੇ ਆਖੀ ਜਾ ਸਕਦੀ ਹੈ।

ਇਤਿਹਾਸਕ ਲੇਖ

ਇਤਿਹਾਸਕ ਲੇਖ ਗਿਣਤੀ ਵਿਚ ਤੇਤੀ ਹਨ। ਇਨ੍ਹਾਂ ਵਿਚ ਉਹ ਪੰਜ ਨਿਬੰਧ ਵੀ ਸ਼ਾਮਲ ਹਨ ਜੋ 'ਅਮਰ ਖਾਲਸਾ' ਪੁਸਤਕ ਦੇ ਰੂਪ ਵਿਚ ਵੱਖਰੇ ਛਾਪੇ ਜਾ ਚੁਕੇ ਹਨ। ਇਸ ਲਈ ਇਨ੍ਹਾਂ ਬਾਰੇ ਚਰਚਾ ਕਿੱਸੇ ਹੋਰ ਥਾਂ ਕੀਤੀ ਗਈ ਹੈ। ਬਾਕੀ ਬਚਦੇ 28 ਲੇਖਾਂ ਵਿਚੋਂ ਕੁਝ ਕੁ ਮਹੱਤਵਪੂਰਨ ਸਿਰਲੇਖ ਹਨ : ਸਾਡਾ ਇਤਿਹਾਸ ਨੰ: 1,2 ਅਤੇ 3 ਸਾਕਾ ਸਰਹੰਦ, 1,2, ਪਹਿਲਾ ਘੱਲੂਘਾਰਾ, ਵੱਡਾ ਘੱਲੂਘਾਰਾ, ਉੱਤਰੀ ਗੰਗ ਦੁਆਬ ਵਿਚ ਖਾਲਸਾਈ ਹੱਲੇ, ਲਾਹੌਰ ਦਰਬਾਰ ਦਾ ਗੁਪਤ ਇਤਿਹਾਸ, ਰੰਘਰੇਟੇ ਜਾਂ ਮਜ਼ਬੀ ਸਿੰਘ ਆਦਿ। ਇਸੇ ਭਾਗ ਵਿਚ ਕੁਝ ਮਹਾਂਪੁਰਸ਼ਾਂ ਤੇ ਸ਼ਹੀਦਾਂ ਦੇ ਜੀਵਨ ਸਮਾਚਾਰ ਵੀ ਸ਼ਾਮਲ ਕੀਤੇ ਗਏ ਹਨ, ਜਿਵੇਂ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਨ, ਭਾਈ ਤਾਰਾ ਸਿੰਘ ਜੀ ਸ਼ਹੀਦ, ਜੈ ਸਿੰਘ ਕੁਮੇਦਾਨ ਅਤੇ ਚੌਧਰੀ ਲੰਗਾਹ ਆਦਿ।

ਇਉਂ ਇਨ੍ਹਾਂ ਲੇਖਾਂ ਵਿਚ ਸਿੱਖ ਇਤਿਹਾਸ ਦੇ ਵੱਖ ਵੱਖ ਪੱਖਾਂ, ਸਮਿਆਂ, ਵਿਅਕਤੀਆਂ, ਸਮੱਸਿਆਵਾਂ ਆਦਿ ਬਾਰੇ ਕਰਮ ਸਿੰਘ ਦੀ ਖੋਜ ਦੇ ਸਿੱਟੇ ਤੇ ਵਿਚਾਰ ਅੰਕਿਤ ਹਨ।

Digitized by Panjab Digital Library | www.panjabdigilib.org

ਮਿਸਾਲ ਵਜੋਂ 'ਸਾਡਾ ਇਤਿਹਾਸ' ਲੇਖ ਲੜੀ ਵਿਚ ਕਰਮ ਸਿੰਘ ਨੇ ਜਿਥੇ ਇਤਿਹਾਸ ਪ੍ਰਤੀ ਸਾਡੀ ਉਦਾਸੀਨਤਾ ਦਾ ਜ਼ਿਕਰ ਕੀਤਾ ਹੈ, ਉਥੇ ਸਹੀ ਇਤਿਹਾਸਕ ਖੋਜ ਦੀ ਪਰਿਭਾਸ਼ਾ ਦੇ ਕੇ ਇਤਿਹਾਸ ਲਿਖਣ ਤੇ ਮੁਕੰਮਲ ਕਰਨ ਲਈ ਪ੍ਰੇਰਿਆ ਵੀ ਹੈ। ਲੇਖਕ ਨੇ ਜ਼ਬਾਨੀ ਕਲਾਮੀ ਗੱਲਾਂ ਨਹੀਂ ਕੀਤੀਆਂ ਸਗੋਂ ਅਮਲੀ ਰੂਪ ਵਿਚ ਸਮੱਸਿਆਵਾਂ ਦੇ ਸਮਾਧਾਨ ਵੀ ਪੇਸ਼ ਕੀਤੇ ਹਨ। ਕਰਮ ਸਿੰਘ ਅਨੁਸਾਰ :

> ਸਾਡੀ ਮੰਜ਼ਿਲ ਅਜਿਹਾ ਇਤਿਹਾਸ ਹੈ ਜਿਹਾ ਕਿ ਸਭਯ ਕੌਮਾਂ ਦਾ ਇਤਿਹਾਸ ਹੁੰਦਾ ਹੈ। ਜੋ ਸਾਡਾ ਪਿੱਛਾ ਸਾਡੀਆਂ ਅੱਖਾਂ ਸਾਹਮਣੇ ਲਿਆ ਵਿਖਾਵੇ, ਪਿਛਲੀਆਂ ਔਕੜਾਂ ਤੋਂ ਸਾਡੀਆਂ ਆਉਣ ਵਾਲੀਆਂ ਔਕੜਾਂ ਲਈ ਸਿੱਖਿਆ ਦੇਵੇ...ਸਾਨੂੰ ਦੱਸੇ ਕਿ ਅਸੀਂ ਪਿੱਛੇ ਕੀ ਕੀ ਭੁੱਲਾਂ ਕੀਤੀਆਂ ਸਨ। ਉਨ੍ਹਾਂ ਭੁੱਲਾਂ ਲਈ ਸਾਨੂੰ ਕੀ ਕੀ ਦੁੱਖ ਸਹਿਣੇ ਪਏ ਤੇ ਉਨ੍ਹਾਂ ਦੁੱਖਾਂ ਤੋਂ ਅਸੀਂ ਕੀਕੂੰ ਛੁਟਕਾਰੇ ਪਾਏ।"[54]

ਸਿੱਖ ਇਤਿਹਾਸ ਦੇ ਸੋਮਿਆਂ ਬਾਰੇ ਲੇਖਕ ਦਾ ਵਿਚਾਰ ਹੈ ਕਿ ਸਾਨੂੰ ਆਪਣੀਆਂ ਮੁਢਲੀਆਂ ਪੁਰਾਣੀਆਂ ਲਿਖਤਾਂ ਬਾਰੇ ਬਹੁਤ ਹੀ ਘੱਟ ਗਿਆਨ ਹੈ। ਅਸੀਂ ਲਿਖਤਾਂ ਇਕੱਠੀਆਂ ਕਰਨ ਦਾ ਸ਼ੌਕ ਹੀ ਨਹੀਂ ਰਖਦੇ। ਸਮਕਾਲੀ ਇਤਿਹਾਸਾਂ ਵਿੱਚੋਂ ਸਾਡੀ ਕੌਮ ਬਾਰੇ ਕਾਫ਼ੀ ਸਮੱਗਰੀ ਮਿਲ ਸਕਦੀ ਹੈ। ਇਸ ਤੋਂ ਛੁੱਟ ਬਹੁਤ ਸਾਰਾ ਮਸਾਲਾ ਉਸ ਸਮੇਂ ਦੇ ਲੋਕਾਂ (ਭਾਵ 1905-7) ਨੂੰ ਜ਼ਬਾਨੀ ਯਾਦ ਸੀ। ਇਸ ਤੋਂ ਛੁੱਟ ਭਾਰਤ ਦੀਆਂ ਅਨੇਕਾਂ ਲਾਇਬ੍ਰੇਰੀਆਂ ਜਿਵੇਂ ਖੁਦਾਬਖਸ਼ ਲਾਇਬ੍ਰੇਰੀ, ਰਾਮਪੁਰ ਲਾਇਬ੍ਰੇਰੀ, ਜਾਦੂ ਨਾਥ ਦੀ ਲਾਇਬ੍ਰੇਰੀ, ਵਿਚ ਕਈ ਤਵਾਰੀਖਾਂ ਹਨ ਜੋ ਸਿੱਖਾਂ ਦੀਆਂ ਲਾਇਬ੍ਰੇਰੀਆਂ ਵਿਚ ਹੋਣੀਆਂ ਚਾਹੀਦੀਆਂ ਹਨ। ਮੁੱਕਦੀ ਗੱਲ ਇਹ ਕਿ ਇਤਿਹਾਸਿਕ ਮਸਾਲੇ ਦੀ ਖੋਜ ਭਾਲ, ਸੰਭਾਲ ਤੇ ਉਸ ਨੂੰ ਲਿਖਤ ਵਿਚ ਲਿਆ ਕੇ ਕੌਮੀ ਉੱਨਤੀ ਦੇ ਕੰਮ ਕਰਨ ਦੇ ਪੱਖੋਂ ਅਸੀਂ ਅਜੇ ਬਹੁਤ ਹੀ ਪਿੱਛੇ ਹਾਂ। ਕਰਮ ਸਿੰਘ ਦੇ ਜਤਨ ਕੇਵਲ ਨਮੂਨੇ ਮਾਤਰ ਜਤਨ ਹਨ। ਉਹ ਇਸ ਗੱਲ ਨੂੰ ਮਹਿਸੂਸ ਕਰਦੇ ਹਨ ਤੇ ਹਰ ਉਸ ਸੱਜਣਦੀ ਸਹਾਇਤਾ ਤੇ ਅਗਵਾਈ ਕਰਨ ਲਈ ਤਿਆਰ ਹਨ ਜਿਹੜਾ ਇਸ ਕੰਮ ਵਿਚ ਹਿੱਸਾ ਪਾਉਣਾ ਚਾਹੁੰਦਾ ਹੈ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ :

> "ਜੋ ਸੱਜਣ ਇਸ ਸੇਵਾ ਵਿਚ ਹਿੱਸਾ ਲੈਣਾ ਚਾਹੇ ਉਹ ਮੈਨੂੰ ਖਤ ਪਾ ਦੇਵੇ। ਮੈਂ ਉਸ ਨੂੰ ਦਸ ਦਿਆਗਾਂ ਕਿ ਉਹ ਆਪਣੇ ਆਂਢੋਂ ਗੁਆਂਢੋਂ ਕਿਸ ਪ੍ਰਕਾਰ ਦਾ ਇਤਿਹਾਸਕ ਮਸਾਲਾ ਇਕੱਠਾ ਕਰ ਸਕਦਾ ਹੈ। ਲੋੜੀਂਦੇ ਤੇ ਜ਼ਰੂਰੀ ਖਰਚਾਂ ਲਈ ਮੈਂ ਮਾਇਕ ਸਹਾਇਤਾ ਦੇਣ ਲਈ ਤਿਆਰ ਹਾਂ। ਮੈਂ ਕਿਸੇ ਪਾਸੋਂ ਰੁਪਿਆ, ਪੈਸਾ ਟਕਾ ਨਹੀਂ ਮੰਗਦਾ, ਮੈਂ ਥੋੜਾ ਜਿਹਾ ਵਕਤ ਮੰਗਦਾ ਹਾਂ, ਵਿਹਲ ਦਾ ਵਕਤ ਜੋ ਅਜ਼ਾਈਂ ਗਵਾਇਆ ਜਾਂਦਾ ਹੈ।"[55]

ਲੇਖਕ ਦਾ ਇਹ ਵੀ ਵਿਚਾਰ ਹੈ ਕਿ ਅਸੀਂ ਜੇ ਇਸ ਪਾਸੇ ਆਪ ਯਤਨ ਨਾ ਕੀਤਾ ਤਾਂ ਸਾਡਾ ਇਤਿਹਾਸ ਹੋਰ ਕੌਮਾਂ ਦੇ ਲੇਖਕਾਂ ਲਿਖਣਗੇ ਤੇ ਸਾਡੀ ਸ਼ਾਨਦਾਰ ਪ੍ਰਾਪਤੀ ਨੂੰ ਸਹੀ

---

[54]'ਇਤਿਹਾਸਕ ਖੋਜ', ਪੰਨਾ 9.
[55]ਉਹੀ, ਪੰਨਾ 21.

Digitized by Panjab Digital Library | www.panjabdigilib.org

ਰੂਪ ਵਿਚ ਪੇਸ਼ ਨਹੀਂ ਕਰ ਸਕਣਗੇ, ਕਰਮ ਸਿੰਘ ਦੇ ਸ਼ਬਦਾਂ ਵਿਚ :

> "ਇਸ ਵੇਲੇ ਹਿੰਦੁਸਤਾਨ ਦੀ ਹਰ ਇਕ ਕੌਮ ਆਪਣੇ ਆਪਣੇ ਇਤਿਹਾਸ ਨੂੰ ਸੰਪੂਰਨ ਕਰ ਰਹੀ ਹੈ ਤੇ ਆਪਣੀ ਕੌਮ ਦੇ ਚੰਗੇ ਗੁਣਾਂ ਨੂੰ ਦੂਜੀਆਂ ਕੌਮਾਂ ਉਤੇ ਪਰਗਟ ਕਰ ਰਹੀ ਹੈ। ਮਰਹੱਟੇ ਜੋ ਪਹਿਲਾਂ ਜ਼ਾਲਮ, ਡਾਕੂ ਤੇ ਵਹਿਸ਼ੀ ਸਮਝਦੇ ਜਾਂਦੇ ਸਨ, ਹੁਣ ਹੋਰ ਦੇ ਹੋਰ ਹੀ ਬਣਦੇ ਜਾ ਰਹੇ ਹਨ। ਉਹ ਹੁਣ ਹਿੰਦੂ ਧਰਮ ਦੇ ਰੱਖਕ ਤੇ ਦੇਸ਼ ਹਿਤੈਸ਼ੀ ਸਿੱਧ ਹੋ ਰਹੇ ਹਨ .....ਸਭ ਕੌਮਾਂ ਉਸ ਵੇਲੇ ਲਈ ਤਿਆਰੀ ਕਰ ਰਹੀਆਂ ਹਨ, ਪਰ ਅਸੀਂ ਘੁਰਾੜੇ ਮਾਰ ਰਹੇ ਹਾਂ। ਸਾਡਾ ਇਤਿਹਾਸ ਸਾਰਿਆਂ ਨਾਲੋਂ ਵਧੇਰੇ ਸ਼ਾਨਦਾਰ ਹੈ ਤੇ ਅਸੀਂ ਸਾਰੀਆਂ ਕੌਮਾਂ ਨਾਲੋਂ ਨਿਸ਼ਕਾਮ ਸੇਵਾ ਕੀਤੀ ਹੈ, ਪਰ ਮੈਨੂੰ ਡਰ ਹੈ ਕਿ ਅਸੀਂ ਆਪਣੀ ਸ਼ਾਨ ਨੂੰ ਪਰਗਟ ਨਹੀਂ ਕਰ ਸਕਾਂਗੇ ਤੇ ਹਿੰਦ ਦੇ ਕੌਮੀ ਇਤਿਹਾਸ ਵਿਚ ਸਾਡੀ ਕੋਈ ਪੁੱਛ ਗਿੱਛ ਨਹੀਂ ਰਹੇਗੀ।...ਨਿਰਸੰਦੇਹ ਸਾਨੂੰ ਆਪਣੇ ਇਤਿਹਾਸ ਨੂੰ ਸੰਪੂਰਨ ਕਰਨ ਦੀ ਲੋੜ ਹੈ, ਇਸ ਕਰਕੇ ਹੀ ਨਹੀਂ ਕਿ ਅਸੀਂ ਗੁਆਂਢੀ ਕੌਮਾਂ ਦੀ ਨਜ਼ਰ ਵਿਚ ਮਾਨ ਪਾਈਏ ਸਗੋਂ ਇਸ ਕਰਕੇ ਵੀ ਕਿ ਇਤਿਹਾਸ ਤੋਂ ਬਿਨਾਂ ਕੋਈ ਕੌਮ ਜੀਉ ਨਹੀਂ ਸਕਦੀ। ਕੌਮਾਂ ਦੀ ਜਿੰਦ ਜਾਨ ਇਤਿਹਾਸ ਹੀ ਹੈ।"[56]

ਇਨ੍ਹਾਂ ਲੇਖਾਂ ਵਿਚ ਕਰਮ ਸਿੰਘ ਨੇ ਕਈ ਭੁੱਲਾਂ ਵੀ ਦੂਰ ਕੀਤੀਆਂ ਹਨ। ਮਿਸਾਲ ਵਜੋਂ ਆਮ ਪ੍ਰਚਲਿਤ ਗੱਲ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜਾਦੇ ਕੰਧਾਂ ਵਿਚ ਚਿਣੇ ਗਏ, ਪਰ ਲੇਖਕ ਨੇ 'ਸਾਕਾ ਸਰਹੰਦ ਨੰ: 1 ਤੇ 2 ਵਿਚ ਵੱਖ ਵੱਖ ਇਤਿਹਾਸਕ ਲਿਖਤਾਂ, ਜਿਵੇਂ-ਸ੍ਰੀ ਗੁਰ ਸੋਭਾ (ਸੈਨਾਪਤੀ) ਗੁਰਬਿਲਾਸ (ਭਾਈ ਸੁੱਖਾ ਸਿੰਘ), ਸਿੰਘ ਸਾਗਰ (ਭਾਈ ਵੀਰ ਸਿੰਘ) ਗੁਰਬਿਲਾਸ (ਲੇਖਕ ਦਾ ਨਾਂ ਪਤਾ ਨਹੀਂ) ਤਵਾਰੀਖ ਮੁਫਤੀ ਖੈਰਦੀਨ ਵਟਾਲੀਆ, ਪੰਥ ਪ੍ਰਕਾਸ਼ (ਰਤਨ ਸਿੰਘ) ਆਦਿ ਦੇ ਹਵਾਲਿਆਂ ਨਾਲ ਸਿੱਧ ਕੀਤਾ ਹੈ ਕਿ ਪਹਿਲੀਆਂ ਲਿਖਤਾਂ ਵਿਚ ਕਤਲ ਕੀਤਾ ਜਾਣਾ ਹੀ ਮੰਨਿਆ ਹੈ। ਕੰਧਾਂ ਵਿਚ ਚਿਣੇ ਜਾਣ ਦੀ ਗੱਲ ਬਾਅਦ ਵਿਚ ਪ੍ਰਚਲਿਤ ਹੋਈ। ਨੀਹਾਂ ਦੀ ਸਾਖੀ ਦੇ ਨਾਲ ਹੀ ਨਾਵਾਂ ਦੀ ਅਦਲਾ ਬਦਲਾ ਵੀ ਹੋ ਗਈ ਹੈ। ਸਾਰੀ ਬਹਿਸ ਦਾ ਸਾਰ ਦਸਦਿਆਂ ਕਰਮ ਸਿੰਘ ਨੇ ਹੇਠ ਲਿਖਿਆ ਵਿਚਾਰ ਪੇਸ਼ ਕੀਤਾ ਹੈ :

> "ਮੈਂ ਸਾਰਿਆਂ ਪਾਸਿਆਂ ਦੀ ਵਿਚਾਰ ਕਰ ਕੇ ਇਹ ਸਮਝਦਾ ਹਾਂ ਕਿ ਨੀਹਾਂ ਵਿਚ ਚਿਣੇ ਜਾਣ ਦਾ ਖਿਆਲ ਪਹਿਲਾਂ ਪਹਿਲ ਲਾਹੌਰ ਵਲੋਂ ਉਠਿਆ ਹੈ ਤੇ ਹੌਲੀ ਹੌਲੀ ਵਧਦਾ ਵਧਦਾ ਸਰਹੰਦ ਵਲ ਵਧਦਾ ਆਇਆ ਹੈ। ਇਸੇ ਤਰ੍ਹਾਂ ਸਾਹਿਬਜ਼ਾਦਿਆਂ ਦੇ ਨਾਵਾਂ ਦੀ ਅਦਲੀ ਬਦਲੀ ਵੀ ਪਹਿਲਾਂ ਲਾਹੌਰ ਵਲੋਂ ਹੀ ਹੋਈ ਹੈ ਜੋ ਹੌਲੀ ਹੌਲੀ ਚਮਕੌਰ ਸਰਹੰਦ ਤੀਕ ਅੱਪੜ ਪਈ ਹੈ। ਉਨ੍ਹਾਂ ਸਭ ਪੁਰਾਣੀਆਂ ਲਿਖਤਾਂ ਵਿਚ ਜੋ ਹਿਠਾੜ ਸਤਲੁਜ ਵਿਚ ਲਿਖੀਆਂ ਗਈਆਂ ਹਨ ਇਹੋ ਮੰਨਿਆ ਗਿਆ ਹੈ ਕਿ ਸਾਹਿਬਜ਼ਾਦੇ ਕਤਲਾਏ ਗਏ ਸਨ। ਕੰਧਾਂ

---

[56] 'ਇਤਿਹਾਸਕ ਖੋਜ', ਪੰਨਾ 23.

Digitized by Panjab Digital Library | www.panjabdigilib.org

ਵਿਚ ਨਹੀਂ ਚਿਣੇ ਗਏ। ਇਸ ਲਈ ਮੈਂ ਇਨ੍ਹਾਂ ਲਿਖਤਾਂ ਨੂੰ ਬਗੈਰ ਕਿਸੇ ਪੱਕੇ ਸਬੂਤ ਦੇ ਉਲੰਘ ਨਹੀਂ ਸਕਦਾ।[57]

ਬਿਰਧਾਂ ਦੇ ਬਿਆਨ

ਇਸ ਪੁਸਤਕ ਦੇ ਦੂਜੇ ਭਾਗ ਵਿਚ ਇਸ ਸਿਰਲੇਖ ਹੇਠ ਲਗਪਗ 21 ਬਿਆਨ ਸੰਕਲਿਤ ਕੀਤੇ ਗਏ ਹਨ। ਇਤਿਹਾਸਕ ਹਵਾਲੇ ਵਜੋਂ ਜਿਥੇ ਤਵਾਰੀਖੀ ਗੱਲਾਂ, ਪੁਰਾਣੇ ਕਾਗਜ਼ਾਂ, ਰੋਜ਼ਨਾਮਚਿਆਂ ਆਦਿ ਦਾ ਮਹੱਤਵ ਹੁੰਦਾ ਹੈ, ਉਥੇ ਉਨ੍ਹਾਂ ਲੋਕਾਂ ਦੇ ਅੱਖੀਂ ਡਿੱਠੇ ਹਾਲਾਂ ਦਾ ਮਹੱਤਵ ਵੀ ਹੁੰਦਾ ਹੈ ਜਿਨ੍ਹਾਂ ਨੇ ਇਤਿਹਾਸਿਕ ਘਟਨਾਵਾਂ ਦੇ ਵਾਪਰਨ ਸਮੇਂ ਸਭ ਕੁਝ ਆਪ ਵੇਖਿਆ ਹੁੰਦਾ ਹੈ। ਮੌਕੇ ਦੀ ਗਵਾਹੀ ਵਰਗੀ, ਜੇ ਸਹੀ ਰੂਪ ਵਿਚ ਮਿਲ ਸਕੇ, ਕੋਈ ਇਤਿਹਾਸਿਕ ਸਮੱਗਰੀ ਨਹੀਂ ਹੋ ਸਕਦੀ।

ਇਹ ਬਿਆਨ ਇਕੱਤਰ ਕਰਨ ਲਈ ਲੇਖਕ ਨੂੰ ਸਰੀਰਕ, ਮਾਨਸਿਕ ਤੇ ਆਰਥਿਕ ਪੱਖੋਂ ਕੀ ਕੀ ਕਸ਼ਟ ਸਹਿਣੇ ਪਏ ਇਸ ਦਾ ਵਰਣਨ ਜੀਵਨ ਵਾਲੇ ਕਾਂਡ ਵਿਚ ਕੀਤਾ ਜਾ ਚੁਕਾ ਹੈ, ਇਥੇ ਕੇਵਲ ਇਨ੍ਹਾਂ ਦੇ ਮਹੱਤਵ ਅਤੇ ਖੇਤਰ ਬਾਰੇ ਹੀ ਵਿਚਾਰ ਕਰਨੀ ਹੈ।

1905 ਈ. ਵਿਚ ਜਦ ਲੇਖਕ ਲਾਹੌਰ ਦਰਬਾਰ ਬਾਰੇ ਮਸਾਲਾ ਇਕੱਤਰ ਕਰਨ ਵਿਚ ਰੁੱਝਿਆ ਹੋਇਆ ਸੀ ਤਾਂ ਉਸ ਨੂੰ ਕੁਝ ਅਜਿਹੇ ਪੁਰਸ਼ ਮਿਲੇ ਜਿਨ੍ਹਾਂ ਨੇ ਲਾਹੌਰ ਦਰਬਾਰ ਦੇ ਤਹਿਤ ਨੌਕਰੀਆਂ ਕੀਤੀਆਂ ਸਨ ਤੇ ਜੋ ਖਾਲਸਾ ਫ਼ੌਜ ਦੇ ਨਾਲ ਹੋ ਕੇ ਵੱਖ ਵੱਖ ਲੜਾਈਆਂ ਵਿਚ ਲੜੇ ਸਨ। ਇਨ੍ਹਾਂ ਬਿਆਨਾਂ ਵਿਚ ਕਰਮ ਸਿੰਘ ਨੇ ਕੇਵਲ ਉਹੀ ਗੱਲਾਂ ਨੋਟ ਕੀਤੀਆਂ ਸਨ ਜੋ ਉਸ ਵੇਲੇ ਉਨ੍ਹਾਂ ਲਈ ਨਵੀਆਂ ਸਨ।[58] ਇਨ੍ਹਾਂ ਦਾ ਮਹੱਤਵ ਕੀ ਹੈ? ਇਸ ਦਾ ਜੁਆਬ ਦਿੰਦਿਆਂ ਲੇਖਕ ਨੇ ਦੱਸਿਆ ਹੈ:

> "ਇਹ ਬਿਆਨ ਇਸ ਕਰਕੇ ਵੀ ਧਿਆਨ ਯੋਗ ਹਨ ਕਿ ਇਹ ਉਸ ਸਮੇਂ ਤੋਂ ਸੱਠ ਪੈਂਹਟ ਸਾਲ ਪਹਿਲਾਂ ਦੇ ਹਾਲਾਂ ਸੰਬੰਧੀ ਹਨ। ਇਤਨੇ ਚਿਰ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਭੁਲ ਜਾਂਦੀਆਂ ਹਨ ਤੇ ਕੇਵਲ ਜਰੂਰੀ ਗੱਲਾਂ ਹੀ ਯਾਦ ਰਹਿ ਸਕਦੀਆਂ ਹਨ। ਇਤਨੇ ਚਿਰ ਵਿਚ ਕਿਸੇ ਧੜੇ ਦਾ ਪੱਖਪਾਤ ਵੀ ਜਾਂਦਾ ਰਹਿੰਦਾ ਹੈ। ਇਸ ਲਈ ਅਸਲ ਗੱਲ ਵਿਚ ਵਾਧੇ ਘਾਟੇ ਜਾਂ ਚੰਗਾ ਮੰਦਾ ਰੰਗ ਦਿਤੇ ਜਾਣ ਦਾ ਕੋਈ ਡਰ ਨਹੀਂ ਰਹਿੰਦਾ।.....ਹੋ ਸਕਦਾ ਹੈ ਆਮ ਪਾਠਕਾਂ ਨੂੰ ਇਹ ਸੁਵਾਦਲੇ ਨਾ ਜਾਪਣ, ਕਿਉਂ ਜੋ ਇਹ ਨੋਟ ਜਿਹੇ ਹੀ ਹਨ, ਪਰ ਜੋ ਖੋਜੀ ਲਾਹੌਰ ਦਰਬਾਰ ਦੇ ਹਾਲ ਲਿਖਣ

---

[57] 'ਇਤਿਹਾਸਕ ਖੋਜ', ਪੰਨਾ 67.

[58] ਵੇਖੋ: ਇਤਿਹਾਸਕ ਖੋਜ, ਪੰਨਾ 323 ਉੱਤੇ ਕਰਮ ਸਿੰਘ ਨੇ ਇਹ ਵਿਚਾਰ ਪ੍ਰਗਟਾਇਆ ਹੈ।.....ਜਦ ਮੈਂ ਇਹ ਹਾਲ ਇਕੱਠੇ ਕੀਤੇ ਸਨ, ਤਾਂ ਲਾਹੌਰ ਦਰਬਾਰ ਸੰਬੰਧੀ ਜੋ ਕੁਝ ਇਤਿਹਾਸਾ ਵਿਚ ਦਿੱਤਾ ਹੋਇਆ ਸੀ, ਉਹ ਸਭ ਕੁਝ ਮੈਂ ਪੜ੍ਹ ਵੀ ਚੁੱਕਿਆ ਹੋਇਆ ਸਾਂ, ਅਤੇ ਬਿਰਧਾਂ ਪਾਸੋਂ ਮੈਂ ਨਵੀਆਂ ਗੱਲਾਂ ਹੀ ਮਾਲੂਮ ਕਰਨੀਆਂ ਚਾਹੁੰਦਾ ਸਾਂ, ਜੋ ਇਤਿਹਾਸਾਂ ਵਿਚ ਨਹੀਂ ਆਈਆਂ ਸਨ, ਇਸ ਲਈ ਮੈਂ ਕੇਵਲ ਉਹੋ ਗੱਲਾਂ ਨੋਟ ਕੀਤੀਆਂ ਸਨ ਜੋ ਮੇਰੇ ਲਈ ਨਵੀਆਂ ਸਨ। ਹੋਰ ਸਭ ਹਾਲ ਮੈਂ ਛੱਡ ਦਿੱਤੇ ਸਨ ਅਤੇ ਕੇਵਲ ਯਾਦਦਾਸ਼ਤ ਵਾਸਤੇ ਸੰਖੇਪ ਜਿਹੇ ਨੋਟ ਲਿਖ ਲਏ ਸਨ। ਭਾਵੇਂ ਆਮ ਆਦਮੀਆਂ ਲਈ ਇਹ ਨੋਟ ਰਸ-ਦਾਇਕ ਨਹੀਂ ਹੋ ਸਕਦੇ, ਪਰ ਉਸ ਸਮੇਂ ਦੇ ਹਾਲਾਂ ਦੇ ਖੋਜੀ ਲਈ ਇਨ੍ਹਾਂ ਦਾ ਬਹੁਤ ਮੁੱਲ ਹੈ ਤੇ ਇਕ ਇਕ ਸਤਰ ਇਕ ਇਕ ਧਿਆਇ ਦੇ ਤੁੱਲ ਹੈ।"

Digitized by Panjab Digital Library | www.panjabdigilib.org

ਲੱਗੂ, ਉਸ ਲਈ ਇਹ ਗੁਣਕਾਰ ਸਿੱਧ ਹੋਣਗੇ।..... ਇਨ੍ਹਾਂ ਬਿਰਧ ਪੁਰਸ਼ਾਂ ਵਿਚ ਇਕ ਉਹ ਵੀ ਸੀ ਜੋ ਸਰਦਾਰ ਚੇਤ ਸਿੰਘ ਦੇ ਕਤਲ ਕੀਤੇ ਜਾਣ ਸਮੇਂ ਮਹਾਰਾਜਾ ਖੜਕ ਸਿੰਘ ਜੀ ਦੇ ਪਾਸ ਹਾਜ਼ਰ ਸੀ। ਇਕ ਸੱਜਣ ਉਹ ਵੀ ਸੀ ਜੋ ਸੰਧਾਵਾਲੀਆ ਦਾ ਨੌਕਰ ਸੀ ਤੇ ਮਹਾਰਾਜਾ ਸ਼ੇਰ ਸਿੰਘ ਦੇ ਕਤਲ ਕੀਤੇ ਜਾਣ ਸਮੇਂ ਹਾਜ਼ਰ ਸੀ। ਇਕ ਸੱਜਣ ਰਾਜਾ ਹੀਰਾ ਸਿੰਘ ਦੇ ਮਾਰੇ ਜਾਣ ਸਮੇਂ ਖਾਲਸਾ ਫੌਜ ਦੇ ਨਾਲ ਸੀ.....ਅੱਡ ਅੱਡ ਲੜਾਈਆਂ ਵਿਚ ਹਿੱਸਾ ਲੈਣ ਵਾਲੇ ਤਾਂ ਕਈ ਬਿਰਧ ਪੁਰਸ਼ ਸਨ। ਇਕ ਬਿਰਧ ਪੁਰਸ਼ ਮੈਨੂੰ ਐਸਾ ਵੀ ਮਿਲਿਆ, ਜੋ ਲੁਹਾਮਾ (ਮੁਦਕੀ) ਫੇਰੂ ਸ਼ਹਿਰ, ਸਭਰਾਵਾਂ, ਰਾਮਨਗਰ, ਮੋਂਗ ਰਸੂਲ ਤੇ ਗੁਜਰਾਤ ਦੀਆਂ ਲੜਾਈਆਂ ਵਿਚ ਲੜਿਆ ਸੀ।"[59]

ਲਾਹੌਰ ਦਰਬਾਰ ਦੇ ਰੋਜ਼ਨਾਮਚੇ

ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ, ਲੇਖਕ ਨੇ ਪਹਿਲਾਂ ਪਹਿਲ ਲਾਹੌਰ ਦਰਬਾਰ ਸੰਬੰਧੀ ਮਸਾਲਾ ਇਕੱਠਾ ਕਰਨਾ ਸ਼ੁਰੂ ਕੀਤਾ ਸੀ। ਉਸੇ ਸਮੇਂ ਤੁਰਦਿਆਂ ਜਿਥੇ ਬਿਰਧਾਂ ਦੇ ਬਿਆਨ ਲਏ, ਉਥੇ ਹੋਰ ਮਸਾਲੇ ਦੇ ਨਾਲ ਨਾਲ ਲਾਹੌਰ ਦਰਬਾਰ ਦੇ ਰੋਜ਼ਨਾਮਚੇ ਵੀ ਇਕੱਠੇ ਕੀਤੇ ਸਨ। ਇਹ ਮਸਾਲਾ ਸਿੱਖ ਇਤਿਹਾਸ ਦੀਆਂ ਗੁੰਝਲਾਂ ਸੁਲਝਾਉਣ ਵਿਚ ਬੜਾ ਸਹਾਇਕ ਹੈ। ਲੇਖਕ ਨੇ ਇਹ ਮਸਾਲਾ ਪੰਜਾਬ ਪਬਲਿਕ ਲਾਇਬ੍ਰੇਰੀ ਲਾਹੌਰ ਵਿੱਚੋਂ ਸਿੱਖ ਦਰਬਾਰ ਦੇ ਕਾਗਜ਼ਾਂ ਵਿਚੋਂ ਨੋਟ ਕੀਤਾ ਹੈ। ਇਨ੍ਹਾਂ ਨੂੰ ਪੜ੍ਹ ਕੇ ਇਤਿਹਾਸ ਦੇ ਖੋਜੀ ਸਿੱਖ ਦਰਬਾਰ ਦੇ ਧੜਿਆਂ ਦੀਆਂ ਗੋਂਦਾਂ, ਆਪੋ ਵਿਚ ਟੱਕਰਾਂ ਤੇ ਸਿੱਖ ਰਾਜ ਦੇ ਖਤਮ ਹੋਣ ਦੇ ਕਾਰਨਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

ਪੁਸਤਕ ਦੇ ਚੌਥੇ ਭਾਗ ਵਿਚ ਕਾਜ਼ੀ ਨੂਰ ਮੁਹੰਮਦ ਦਾ ਲਿਖਿਆ ਪ੍ਰਸਿੱਧ ਜੰਗਨਾਮਾ ਸ਼ਾਮਲ ਕੀਤਾ ਗਿਆ ਹੈ। ਲੇਖਕ ਨੇ ਇਸ ਜੰਗ ਨਾਮੇ ਦੀ ਸਿੱਖ ਇਤਿਹਾਸ ਸੰਬੰਧੀ ਮਹਾਨਤਾ ਦਸਦਿਆਂ, ਇਸਨੂੰ ਅਨੁਪਮ ਮੌਲਿਕ ਲਿਖਤ ਦੱਸਿਆ ਹੈ। ਇਹ ਮੌਕੇ ਦੀ ਇਕ ਸ਼ਹਾਦਤ ਹੈ ਜਿਸ ਨੂੰ ਪੜ੍ਹ ਕੇ ਸਿੱਖ ਮਿਸਲਾਂ ਦੀ ਸੂਰਬੀਰਤਾ, ਜੰਗੀ ਦਾਅ ਪੇਚ ਤੇ ਉਨ੍ਹਾਂ ਦੇ ਉਚੇ ਆਚਰਣ ਤੇ ਸ਼ਾਨਦਾਰ ਜਿੱਤਾਂ ਉਤੇ ਚਾਨਣਾ ਪਾਇਆ ਗਿਆ ਹੈ। ਹੀਰਾ ਸਿੰਘ ਦਰਦ ਦੇ ਕਥਨ ਅਨੁਸਾਰ :

> "ਇਸ ਜੰਗਨਾਮੇ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਸੱਤਵੇਂ ਹੱਲੇ ਵਿਚ ਅਹਿਮਦ ਸ਼ਾਹ ਅਬਦਾਲੀ ਸਿੱਖਾਂ ਤੋਂ ਕਿਤਨਾ ਤ੍ਰਹਿੰਦਾ ਸੀ। ਤੇ ਫੂਕ ਫੂਕ ਕੇ ਕਦਮ ਧਰਦਾ ਸੀ। ਕਾਰਨ ਇਹ ਸੀ ਕਿ 1762 ਈ. ਦੇ ਵੱਡੇ ਘੱਲੂਘਾਰੇ ਮਗਰੋਂ ਅਹਿਮਦਸ਼ਾਹ ਨੂੰ ਸਿੱਖਾਂ ਕਰਾਰੇ ਹੱਥ ਦਿਖਾ ਕੇ ਭਜਾ ਦਿੱਤਾ ਸੀ। ਕਾਜ਼ੀ ਨੂਰਮੁਹੰਮਦ ਜੰਗਨਾਮਾ ਵਿਚ ਸਿੱਖਾਂ ਨੂੰ ਸਗ (ਕੁੱਤੇ) ਲਿਖਦਾ ਰਿਹਾ ਹੈ ਤੇ ਹੋਰ ਮੂਹੋਂ ਆਈਆਂ ਗਾਲ੍ਹਾਂ ਕੱਢਦਾ ਰਿਹਾ, ਪਰ ਆਖੀਰ ਵਿਚ ਸਿੱਖਾਂ ਦੀ ਬਹਾਦਰੀ, ਸੂਰਬੀਰਤਾ ਤੇ ਉਚੇ ਆਚਰਨ ਦੀ

---

[59] 'ਇਤਿਹਾਸਕ ਖੋਜ', ਪੰਨਾ 268-69.

Digitized by Panjab Digital Library | www.panjabdigilib.org

ਤਾਰੀਫ ਕਰਨੋ ਨਾ ਰਹਿ ਸਕਿਆ। ਇਕ ਵਿਰੋਧੀ ਦੇ ਮੂੰਹੋਂ ਸਿੱਖਾਂ ਦੀ ਸੂਰਬੀਰਤਾ ਤੇ ਆਚਰਨ ਦੀ ਇਸ ਸ਼ਲਾਘਾ ਵਿਚ ਸਿੱਖਾਂ ਦੇ ਪੰਜਾਬ ਨੂੰ ਫ਼ਤਹਿ ਕਰਨ ਦਾ ਭੇਦ ਲੁਕਿਆ ਹੋਇਆ ਹੈ। ਜੇ ਸਿੱਖ ਇਕ ਪਾਸੇ ਮੁਗਲਾਂ ਤੇ ਦੂਜੇ ਪਾਸੇ ਅਹਿਮਦ ਸ਼ਾਹ ਦੁਰਾਨੀ ਨੂੰ ਪੰਜਾਬ ਵਿਚੋਂ ਬਾਹਰ ਕੱਢ ਕੇ ਪੰਜਾਬ ਨੂੰ ਅਜ਼ਾਦ ਕਰਾਉਣ ਵਿਚ ਸਫ਼ਲ ਹੋਏ ਹਨ ਤਾਂ ਇਸ ਦਾ ਵੱਡਾ ਕਾਰਨ ਉਨ੍ਹਾਂ ਦੀ ਅਦੁੱਤੀ ਸੂਰਬੀਰਤਾ, ਨਿਡਰਤਾ, ਉਚਾ ਆਚਰਨ ਤੇ ਪੰਜਾਬ ਵਾਸੀਆਂ ਦੀ ਰੱਖਿਆ ਦਾ ਸੱਚਾ ਪ੍ਰਣ ਹੀ ਸੀ।"[60]

1906 ਈ. ਵਿਚ ਸ. ਕਰਮ ਸਿੰਘ ਨੂੰ ਇਸ ਜੰਗਨਾਮੇ ਬਾਰੇ ਪਤਾ ਲੱਗਿਆ ਤੇ ਸਾਧੂ ਸਿੰਘ ਜੀ ਸਿੱਬੀ ਵਾਲਿਆਂ ਦੀ ਸਹਾਇਤਾ ਨਾਲ ਉਹ ਨਵਾਬ ਕਲਾਤ ਨੂੰ ਮਿਲੇ ਤੇ ਇਸ ਜੰਗਨਾਮੇ ਦੀ ਨਕਲ ਪ੍ਰਾਪਤ ਕੀਤੀ।[61]

ਇਉਂ ਇਹ ਜੰਗਨਾਮਾ; ਸਿੱਖ ਇਤਿਹਾਸ ਬਾਰੇ ਸੂਚਨਾ ਦਾ ਸੋਮਾ ਹੋਣ ਦੇ ਪੱਖੋਂ ਇਕ ਅਤਿਅੰਤ ਮਹੱਤਵਪੂਰਨ ਦੁਰਲੱਭ ਲਿਖਤ ਹੈ।

ਸੋ, ਸਪਸ਼ਟ ਹੈ ਕਿ ਇਸ ਪੁਸਤਕ ਵਿਚ ਸਮਿਲਤ ਇਤਿਹਾਸਕ ਤੱਥਾਂ ਨਾਲ ਭਰਪੂਰ ਸਮੱਗਰੀ ਇਕ ਨਹੀਂ ਅਨੇਕ ਪੱਖਾਂ ਤੋਂ ਮਹੱਤਵਪੂਰਨ ਹੈ। ਪਹਿਲਾ ਇਹ ਕਿ ਇਸ ਰਾਹੀਂ ਕਰਮ ਸਿੰਘ ਨੇ ਸਹੀ ਸੋਮੇ ਦੀ ਚੋਣ ਦਾ ਮਹੱਤਵ ਦਰਸਾਇਆ ਹੈ। ਇਹ ਗੱਲ 'ਬਿਰਧਾਂ ਦੇ ਬਿਆਨ' ਭਾਗ ਵਿੱਚੋਂ ਸਪਸ਼ਟ ਹੁੰਦੀ ਹੈ। ਦੂਜੇ ਇਸ ਵਿਚ ਸਿੱਖ ਇਤਿਹਾਸ ਲੇਖਨ ਦੀ ਦੀ ਸਥਿਤੀ, ਇਸ ਦੇ ਸੋਮਿਆਂ, ਇਸ ਸੰਬੰਧੀ ਵੱਖ ਵੱਖ ਲੇਖਕਾਂ ਦੇ ਨਜ਼ਰੀਏ ਬਾਰੇ ਲੇਖਕ ਦੀ ਖੋਜ ਦੇ ਸਿੱਟੇ ਸ਼ਾਮਲ ਹੋਣ ਕਰਕੇ ਇਹ ਪੁਸਤਕ ਸਿੱਖ ਇਤਿਹਾਸ ਦੇ ਖੋਜੀਆਂ ਲਈ ਵੀ ਅਤਿਅੰਤ ਲਾਭਦਾਇਕ ਹੈ। ਤੀਜੇ, ਲਾਹੌਰ ਦਰਬਾਰ ਬਾਰੇ ਬਹੁਤ ਸਾਰੀ ਭਰੋਸੇ ਯੋਗ ਤੇ ਦੁਰਲੱਭ ਸਮਗਰੀ ਇਸ ਪੁਸਤਕ ਵਿੱਚੋਂ ਪ੍ਰਾਪਤ ਹੋਣ ਕਰਕੇ ਇਹ ਰਚਨਾ ਪੰਜਾਬ ਦਾ ਇਤਿਹਾਸ ਲਿਖਣ ਵਾਲਿਆਂ ਲਈ ਆਮ ਤੌਰ ਤੇ, ਅਤੇ ਸਿੱਖ ਵਿਦਵਾਨਾਂ ਲਈ ਵਿਸ਼ੇਸ਼ ਤੌਰ ਤੇ ਮਹੱਤਵ ਰਖਦੀ ਹੈ।

ਸਿੱਖ ਇਤਿਹਾਸ ਬਾਰੇ ਰਚੀਆਂ ਗਈਆਂ ਉਪਰੋਕਤ ਪੁਸਤਕਾਂ/ਲੇਖਾਂ ਦੇ ਉਪਰੋਕਤ ਅਧਿਐਨ ਤੋਂ ਇਹ ਗੱਲ ਭਲੀਭਾਂਤ ਸਿੱਧ ਹੋ ਜਾਂਦੀ ਹੈ ਕਿ ਇਹ ਰਚਨਾਵਾਂ ਜਿਥੇ ਸਿੱਖਾਂ ਦੀ ਇਤਿਹਾਸਿਕ ਖੋਜ ਪ੍ਰਤੀ ਉਦਾਸੀਨਤਾ ਨੂੰ ਪ੍ਰਗਟ ਕਰਦੀਆਂ ਹਨ, ਇਸ ਖੇਤਰ ਵਿਚ ਕੀਤੇ ਜਾ ਸਕਣ ਵਾਲੇ ਅਥਾਹ ਕੰਮ ਸੰਬੰਧੀ ਸੰਕੇਤ ਦਿੰਦੀਆਂ ਹਨ, ਉਥੇ ਕਰਮ ਸਿੰਘ ਦੀ ਇਸ ਪਾਸੇ ਲਗਨ, ਸ਼ਰਧਾ ਤੇ ਦ੍ਰਿੜ੍ਹਤਾ ਦੀਆਂ ਲਖਾਇਕ ਵੀ ਹਨ।

---

[60] 'ਇਤਿਹਾਸਕ ਖੋਜ', ਪੰਨਾ 7-8.
[61] ਉਹੀ।

Digitized by Panjab Digital Library | www.panjabdigilib.org

ਅਧਿਆਇ ਤੀਜਾ

ਜੀਵਨੀ ਪ੍ਰਧਾਨ ਰਚਨਾਵਾਂ

ਸਾਹਿਤ ਦੀਆਂ ਅਨੇਕ ਵਿਧਾਵਾਂ ਵਿੱਚੋਂ ਜੀਵਨੀ ਦਾ ਇਕ ਨਵੇਕਲਾ ਮਹੱਤਵ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਕਵਿਤਾ, ਕਹਾਣੀ, ਨਾਵਲ ਤੇ ਨਾਟਕ ਆਦਿ ਵਿਚ ਤਾਂ ਕਲਪਨਾ ਦੀ ਹੋਂਦ ਹੁੰਦੀ ਹੀ ਹੈ, ਨਿਬੰਧ ਵੀ ਇਸ ਤੋਂ ਬਿਨਾਂ ਪੜ੍ਹਿਆ ਨਹੀਂ ਜਾ ਸਕਦਾ। ਜੀਵਨੀ ਦਾ ਮੁਖ ਗੁਣ ਹੀ ਇਹ ਹੁੰਦਾ ਹੈ ਕਿ ਇਹ ਕਿਸੇ ਮਨੁੱਖ ਜਾਂ ਇਸਤਰੀ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ, ਉਨ੍ਹਾਂ ਦੇ ਪਿਛੋਕੜ ਵਿਚ ਉਸ ਦੀ ਉਭਰਦੀ ਸ਼ਖਸੀਅਤ ਅਤੇ ਆਲੇ ਦੁਆਲੇ ਉੱਤੇ ਪਾਏ ਪ੍ਰਭਾਵ ਕਾਰਨ ਦਿਲਚਸਪ ਤਾਂ ਹੁੰਦੀ ਹੀ ਹੈ, ਇਸ ਦੇ ਨਾਲ ਹੀ ਜੀਵਨ-ਸੱਚ ਦੇ ਅਤਿਅੰਤ ਨੇੜੇ ਹੋਣ ਕਾਰਨ ਸਾਹਿੱਤਕ ਪੱਖੋਂ ਵੀ ਆਨੰਦ-ਦਾਇਕ ਹੁੰਦੀ ਹੈ।

ਇਤਿਹਾਸਿਕ ਵਿਅਕਤੀਆਂ ਦੀਆਂ ਜੀਵਨੀਆਂ ਜਾਂ ਬਿਰਤਾਂਤਾਂ ਵਿਚ ਨਾਇਕ ਦੇ ਟਾਕਰੇ ਤੇ ਇਤਿਹਾਸਿਕ ਪੱਖ ਤੋਂ ਜਾਣੂੰ ਕਰਵਾਇਆ ਗਿਆ ਹੁੰਦਾ ਹੈ। ਇਨ੍ਹਾਂ ਨੂੰ ਇਕ ਵੱਖਰੇ ਸਿਰਲੇਖ ਹੇਠ ਹੀ ਰੱਖਿਆ ਜਾ ਸਕਦਾ ਹੈ। ਸਾਹਿੱਤਕ ਜੀਵਨੀ ਅਤੇ ਸਾਧਾਰਣ ਭਾਂਤ ਦੀ ਜੀਵਨੀ ਵਿਚ ਬੜਾ ਫ਼ਰਕ ਹੁੰਦਾ ਹੈ। ਸਾਹਿੱਤਕ ਜੀਵਨ ਵਿਚ ਸੁਹਜ ਸੁਆਦ ਨੂੰ ਅਤੇ ਦੂਜੀ ਵਿਚ ਜਾਣਕਾਰੀ ਨੂੰ ਬਹੁਤਾ ਮਹੱਤਵ ਦਿੱਤਾ ਜਾਂਦਾ ਹੈ।

ਸ. ਕਰਮ ਸਿੰਘ ਨੇ ਜਿਥੇ ਇਤਿਹਾਸਿਕ ਖੋਜ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ ਹਨ, ਉਥੇ ਉਨ੍ਹਾਂ ਨੇ ਇਸ ਪਾਸੇ ਵੀ ਸ਼ਲਾਘਾ ਯੋਗ ਕੰਮ ਕੀਤਾ ਹੈ। ਇਸ ਤੋਂ ਪਹਿਲਾਂ ਕਿ ਉਨ੍ਹਾਂ ਦੀ ਇਸ ਖੇਤਰ ਵਿਚ ਦਿੱਤੀ ਦੇਣ ਦੀ ਚਰਚਾ ਕੀਤੀ ਜਾਵੇ, ਇਹ ਉਚਿਤ ਜਾਪਦਾ ਹੈ ਕਿ ਕਰਮ ਸਿੰਘ ਤੋਂ ਪਹਿਲਾਂ ਇਸ ਪਾਸੇ ਹੋਏ ਯਤਨਾਂ ਅਤੇ ਉਨ੍ਹਾਂ ਦੇ ਸਮਕਾਲੀਆਂ ਰਾਹੀਂ ਲਿਖੀਆਂ ਗਈਆਂ ਜੀਵਨੀਆਂ ਬਾਰੇ ਸੰਖੇਪ ਜਿਹੀ ਵਾਕਫ਼ੀ ਪ੍ਰਾਪਤ ਕਰ ਲਈ ਜਾਵੇ।

ਪੰਜਾਬੀ ਵਿਚ ਜੀਵਨੀ ਸਾਹਿਤ ਦਾ ਆਰੰਭ ਸਹਿਜੇ ਹੀ ਜਨਮ ਸਾਖੀਆਂ ਤੋਂ ਮਿੱਥਿਆ ਜਾ ਸਕਦਾ ਹੈ। ਇਸ ਸ਼੍ਰੇਣੀ ਵਿਚ ਪੁਰਾਤਨ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ, ਭਾਈ ਬਾਲੇ ਵਾਲੀ ਜਨਮ ਸਾਖੀ, ਆਦਿ ਨੂੰ ਰੱਖਿਆ ਜਾ ਸਕਦਾ ਹੈ। ਇਹ ਤਾਂ ਸਰਵਵਿਦਿਤ ਹੈ ਕਿ ਇਨ੍ਹਾਂ ਸਾਖੀਆਂ ਵਿਚ ਨਾਇਕ ਦੇ ਕਾਲਪਨਿਕ, ਚਮਤਕਾਰੀ ਚਿੱਤਰ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਯਥਾਰਥ ਨਾਲ ਇਨ੍ਹਾਂ ਦਾ ਬਹੁਤਾ ਸੰਬੰਧ ਨਹੀਂ। ਫਲ ਸਰੂਪ ਇਹ ਸਾਖੀਆਂ ਆਦਰਸ਼ਕ ਰੰਗਣ ਵਾਲੀਆਂ ਕਹਾਣੀਆਂ ਜਿਹੀਆਂ ਹੀ ਬਣ ਕੇ ਰਹਿ ਗਈਆਂ ਹਨ। ਇਨ੍ਹਾਂ ਵਿਚ ਨਾਇਕ ਦੇ ਜੀਵਨ ਨੂੰ ਸ਼ਰਧਾ ਦੀ ਥਾਂ ਅੰਧ-ਵਿਸ਼ਵਾਸ ਦੀ ਅੱਧ-ਖੁਲ੍ਹੀ ਅੱਖ ਨਾਲ ਤੱਕ ਕੇ ਨਿਰੋਲ ਕਰਾਮਾਤੀ ਰੂਪ ਵਿਚ ਹੀ ਚਿਤਰਿਆ ਹੋਇਆ ਹੈ। ਇਨ੍ਹਾਂ ਦੇ ਕਰਤਿਆਂ ਨੇ ਤਰੀਕਾਂ, ਘਟਨਾਵਾਂ, ਵਿਅਕਤੀਆਂ ਦੇ ਵੇਰਵੇ ਦੀ ਬਰੀਕੀ ਤੇ ਪ੍ਰਮਾਣਿਕਤਾ

Digitized by Panjab Digital Library | www.panjabdigilib.org

ਵਲ ਧਿਆਨ ਨਹੀਂ ਦਿੱਤਾ। ਇਸ ਲਈ ਸੁਚੱਜੇ ਜੀਵਨੀ ਸਾਹਿਤ ਵਿਚ ਇਨ੍ਹਾਂ ਦੀ ਕੋਈ ਥਾਂ ਨਿਸਚਿਤ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਦਾ ਮਹੱਤਵ ਪੰਜਾਬੀ ਵਾਰਤਕ ਦੇ ਮੁੱਢਲੇ ਕਾਲ ਦੇ ਅਧਿਐਨ ਦੇ ਪੱਖੋਂ ਜਾਂ ਜੀਵਨੀ ਦੇ ਖੇਤਰ ਵਿਚ ਪਹਿਲੇ ਜਤਨਾਂ ਵਜੋਂ ਹੀ ਹੈ।

ਦੂਜੇ ਇਨ੍ਹਾਂ ਵਿਚ ਲੋੜੀਦੀ ਥਾਂ ਤੇ ਸਮਕਾਲੀ ਇਤਿਹਾਸ ਦਾ ਵਰਣਨ ਵੀ ਮਿਲਦਾ ਹੈ। ਇਸ ਤਰ੍ਹਾਂ ਇਨ੍ਹਾਂ ਨੂੰ ਨਿਰੋਲ ਜੀਵਨੀ ਦੀ ਥਾਂ ਇਤਿਹਾਸਕ ਜੀਵਨੀ ਆਖਣਾ ਹੀ ਵਧੇਰੇ ਸਹੀ ਪ੍ਰਤੀਤ ਹੁੰਦਾ ਹੈ।

ਇਸ ਖੇਤਰ ਵਿਚ ਨਿੱਗਰ ਜਤਨ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਮਗਰੋਂ ਹੀ ਹੋਏ। ਭਾਈ ਵੀਰ ਸਿੰਘ ਨੇ ਆਧੁਨਿਕ ਕਾਲ ਵਿਚ, ਇਸ ਪਾਸੇ ਪਹਿਲ ਕੀਤੀ ਅਤੇ 'ਗੁਰੂ ਨਾਨਕ ਚਮਤਕਾਰ' 'ਅਸ਼ਟ ਗੁਰੂ ਚਮਤਕਾਰ' ਤੇ 'ਕਲਗੀਧਰ ਚਮਤਕਾਰ' ਆਦਿ ਪੁਸਤਕਾਂ ਪੰਜਾਬੀ ਨੂੰ ਭੇਟ ਕੀਤੀਆਂ। ਇਨ੍ਹਾਂ ਵਿਚ ਕਲਪਨਾ ਘੱਟ ਤੇ ਜੀਵਨ-ਯਥਾਰਥ ਵੱਧ ਹੈ। ਇਹ ਠੀਕ ਹੈ ਕਿ ਸਮਕਾਲੀ ਇਤਿਹਾਸ ਦਾ ਚਿਤ੍ਰਣ ਇਨ੍ਹਾਂ ਪੁਸਤਕਾਂ ਵਿਚ ਵੀ ਮਿਲਦਾ ਹੈ, ਪਰ ਅੰਧ-ਵਿਸ਼ਵਾਸ ਦੀ ਥਾਂ ਸ਼ਰਧਾ ਨੇ ਲੈ ਲਈ ਹੈ ਤੇ ਬਹੁਤੇ ਵੇਰਵੇ ਠੀਕ ਹਨ।

ਇਸੇ ਲੀਹ ਤੇ ਤੁਰਦਿਆਂ ਬਾਵਾ ਪ੍ਰੇਮ ਸਿੰਘ ਹੋਤੀ ਮਰਦਾਨ ਨੇ ਜੀਵਨੀ ਰਚਨਾ ਵਲ ਵਧੇਰੇ ਗੰਭੀਰ ਯਤਨ ਕੀਤੇ। ਸ. ਪ੍ਰੇਮ ਸਿੰਘ ਵੀ ਸ਼ਰਧਾਲੂ ਸਿੱਖ ਦੇ ਦ੍ਰਿਸ਼ਟੀਕੋਣ ਤੋਂ ਹੀ ਲਿਖਦੇ ਹਨ ਅਤੇ ਉਨ੍ਹਾਂ ਦਾ ਕਾਰਜਖੇਤਰ ਵੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਹੀ ਸੀਮਤ ਹੋਣ ਕਰਕੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਜੀਵਨੀ ਸਮਾਚਾਰ ਤੇ ਇਤਿਹਾਸਕ ਘਟਨਾਵਾਂ ਦੇ ਵਰਣਨ ਵਿਚ ਸਮਤੋਲ ਨਹੀਂ ਰਹਿ ਸਕਿਆ। ਉਹ ਮੂਲ ਰੂਪ ਵਿਚ ਇਕ ਇਤਿਹਾਸ-ਖੋਜੀ ਸਨ। ਇਸ ਲਈ ਅਭੋਲ ਹੀ ਉਨ੍ਹਾਂ ਦੀਆਂ ਰਚਨਾਵਾਂ ਜਿਵੇਂ, ਮਹਾਰਾਜਾ ਰਣਜੀਤ ਸਿੰਘ, ਕੰਵਰ ਨੌਨਿਹਾਲ ਸਿੰਘ, ਨਵਾਬ ਕਪੂਰ ਸਿੰਘ ਸ. ਹਰੀ ਸਿੰਘ ਨਲੂਆ ਤੇ ਮਹਾਰਾਜਾ ਸ਼ੇਰ ਸਿੰਘ ਆਦਿ ਇਤਿਹਾਸਕ ਵਧੇਰੇ ਹਨ ਤੇ ਜੀਵਨੀ ਘੱਟ।

ਬਾਵਾ ਜੀ ਤੋਂ ਮਗਰੋਂ ਜਿਨ੍ਹਾਂ ਵਿਦਵਾਨਾਂ ਨੇ ਇਸ ਖੇਤਰ ਵਿਚ ਮਹੱਤਵਪੂਰਨ ਕੰਮ ਕੀਤਾ ਹੈ, ਉਨ੍ਹਾਂ ਵਿਚ ਅਸੀਂ ਡਾ. ਗੰਡਾ ਸਿੰਘ, ਪਿਆਰਾ ਸਿੰਘ ਦਾਤਾ, ਗਿਆਨੀ ਸੋਹਨ ਸਿੰਘ ਸੀਤਲ,. ਕਰਤਾਰ ਸਿੰਘ ਆਦਿ ਨੂੰ ਗਿਣ ਸਕਦੇ ਹਾਂ। ਡਾ. ਗੰਡਾ ਸਿੰਘ ਦੀ ਪੁਸਤਕ 'ਬੰਦਾ ਬਹਾਦਰ' ਇਸ ਪੱਖੋਂ ਕਾਫ਼ੀ ਸਫ਼ਲ ਆਖੀ ਜਾ ਸਕਦੀ ਹੈ। ਪਿਆਰਾ ਸਿੰਘ ਦਾਤਾ ਦੀ 'ਇਨਕਲਾਬੀ ਯੋਧਾ' ਪ੍ਰੋ. ਕਰਤਾਰ ਸਿੰਘ ਦੀ 'ਜੀਵਨ ਬ੍ਰਿਤਾਂਤ ਗੁਰੂ ਨਾਨਕ ਦੇਵ, ਸ. ਸੋਹਣ ਸਿੰਘ ਸੀਤਲ ਦੀ 'ਦੁਖੀਏ ਮਾਂ ਪੁੱਤ' ਪ੍ਰੋ. ਹਰਬੰਸ ਸਿੰਘ ਦੀ 'ਗੁਰੂ ਗੋਬਿੰਦ ਸਿੰਘ' ਆਦਿ ਰਚਨਾਵਾਂ ਇਸ ਪਾਸੇ ਕੀਤੇ ਗਏ ਯਤਨਾਂ ਦੀ ਸੂਚੀ ਵਿਚ ਆਉਂਦੀਆਂ ਹਨ।

ਪੰਜਾਬੀ ਵਿਚ ਹੁਣ ਤਕ ਨਿਰੋਲ ਸਾਹਿੱਤਕ ਜੀਵਨੀਆਂ ਲਿਖਣ ਦਾ ਰਿਵਾਜ ਵੀ ਪੈ ਚੁੱਕਾ ਹੈ। ਇਸ ਪੱਖੋਂ ਮਹੱਤਵ ਰੱਖਣ ਵਾਲੀਆਂ ਰਚਨਾਵਾਂ ਹਨ—'ਬਾਗੀ ਜਰਨੈਲ (ਗੁਰਮੁਖ ਸਿੰਘ ਮੁਸਾਫ਼ਰ) 'ਜੀਵਨ ਪ੍ਰਕਾਸ਼' ਅਰਥਾਤ ਜੀਵਨੀ ਭਾਈ ਜੋਧ ਸਿੰਘ (ਗੁਰਦਿਆਲ ਸਿੰਘ ਫੁੱਲ), 'ਬਾਬਾ ਰਾਮ ਸਿੰਘ' 'ਬਾਬਾ ਗੁਰਦਿੱਤ ਸਿੰਘ, ਬਾਬਾ ਸੋਹਣ ਸਿੰਘ ਭਕਨਾ, (ਪ੍ਰੋ. ਜਸਵੰਤ ਸਿੰਘ ਜਸ)। ਇਸੇ ਹੀ ਸੂਚੀ ਵਿਚ ਸ. ਦੁਰਲੱਭ ਸਿੰਘ ਕਰਤਾ

Digitized by Panjab Digital Library | www.panjabdigilib.org

'ਨਿਰਭੈ ਯੋਧਾ' (ਮਾਸਟਰ ਤਾਰਾ ਸਿੰਘ ਬਾਰੇ) ਬਾਗੀ ਜਰਨੈਲ (ਸੁਭਾਸ਼ ਚੰਦਰ ਬੋਸ ਬਾਰੇ) 'ਮੌਲਾਨਾ ਅਬਦੁਲ ਕਲਾਮ ਆਜ਼ਾਦ ਨੂੰ ਵੀ ਰੱਖਿਆ ਜਾ ਸਕਦਾ ਹੈ।

ਇਉਂ ਕਰਮ ਸਿੰਘ ਦੇ ਇਸ ਖੇਤਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਜਾਂ ਉਨ੍ਹਾਂ ਦੇ ਸਮਕਾਲੀਆਂ ਦੇ ਕੀਤੇ ਜਤਨਾਂ ਦੇ ਉਪਰੋਕਤ ਸੰਖੇਪ ਜਿਹੇ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਬਹੁਤੀਆਂ ਜੀਵਨੀਆਂ ਆਦਰਸ਼ਕ ਰੰਗ ਵਿਚ ਰੰਗੀਆਂ ਹੋਈਆਂ ਕਲਪਨਾ ਭਰਪੂਰ, ਯਥਾਰਥ ਤੋਂ ਦੂਰ ਜਾਂ ਇਤਿਹਾਸਿਕ ਵਾਰਤਾ ਨਾਲ ਓਤਪੋਤ ਸਨ। ਜੀਵਨੀ ਨੂੰ ਜੀਵਨੀ ਵਜੋਂ ਮਹੱਤਵ ਦੇ ਕੇ ਸ਼ਾਇਦ ਕਰਮ ਸਿੰਘ ਨੇ ਹੀ ਪਹਿਲੀ ਵਾਰ 'ਬੰਦਾ ਬਹਾਦਰ' ਸ੍ਰੀਮਤੀ ਹਰਨਾਮ ਕੌਰ' 'ਸ੍ਰੀਮਤੀ ਸਦਾ ਕੌਰ', ਅਤੇ ਬਾਬਾ ਆਲਾ ਸਿੰਘ' ਆਦਿ ਪੁਸਤਕਾਂ ਲਿਖੀਆਂ ਹਨ।

ਇਨ੍ਹਾਂ ਵਿੱਚੋਂ 'ਬੰਦਾ ਬਹਾਦਰ' ਤੇ 'ਬਾਬਾ ਆਲਾ ਸਿੰਘ' ਜਿਥੇ ਸਿੱਖ ਇਤਿਹਾਸ ਵਿਚ ਆਪਣੇ ਮਹੱਤਵਪੂਰਨ ਤੇ ਯਾਦਗਾਰੀ ਰੋਲ ਕਾਰਨ ਮਾਣਯੋਗ ਸ਼ਖਸੀਅਤਾਂ ਹਨ, ਉਥੇ ਦੋਹਾਂ ਇਸਤ੍ਰੀਆਂ ਦਾ ਜੀਵਨ ਬਿਰਤਾਂਤ ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਅਮਲੀ ਜੀਵਨ ਵਿਚ ਢਾਲਣ ਦੀ ਪ੍ਰੇਰਨਾ ਦੇ ਪੱਖੋਂ, ਸੇਵਾ, ਨਿਮਰਤਾ ਤੇ ਹਮਦਰਦੀ ਦੇ ਪੱਖੋਂ ਵਧੇਰੇ ਉਤਸਾਹਿਤ ਕਰਦਾ ਹੈ।

ਅਗਲੇ ਪੰਨਿਆਂ ਵਿਚ ਸ. ਕਰਮ ਸਿੰਘ ਦੀਆਂ ਇਨ੍ਹਾਂ ਚੌਹਾਂ ਹੀ ਪੁਸਤਕਾਂ ਬਾਰੇ ਸੰਖੇਪ ਵਾਕਫ਼ੀ ਦਿੱਤੀ ਜਾ ਰਹੀ ਹੈ ਤਾਕਿ ਪਾਠਕ ਉਨ੍ਹਾਂ ਦੇ ਕੀਤੇ ਯਤਨ ਦੀ ਸਾਰਥਕਤਾ ਦਾ ਅਨੁਮਾਨ ਲਾ ਸਕਣ।

1. ਬੰਦਾ ਬਹਾਦਰ

ਰਚਨਾ-ਕ੍ਰਮ ਅਨੁਸਾਰ ਉਪਰੋਕਤ ਪੁਸਤਕ-ਲੜੀ ਵਿੱਚੋਂ ਇਹ ਰਚਨਾ ਸਭ ਤੋਂ ਪਹਿਲੇ ਥਾਂ ਆਉਂਦੀ ਹੈ। ਚੀਫ਼ ਖਾਲਸਾ ਦੀਵਾਨ ਦੀ ਇਤਿਹਾਸ ਖੋਜਕ ਸਬ ਕਮੇਟੀ ਵੱਲੋਂ 1907 ਈ. ਵਿਚ ਪ੍ਰਕਾਸ਼ਿਤ 267 ਸਫ਼ਿਆਂ ਦੀ ਇਸ ਪੁਸਤਕ ਦਾ ਖਰੜਾ ਸ. ਕਰਮ ਸਿੰਘ ਨੇ 1906 ਈ.[1] ਵਿਚ ਬਗਦਾਦ ਦੀ ਯਾਤਰਾ ਤੋਂ ਵਾਪਸ ਆਉਣ ਮਗਰੋਂ ਤਿਆਰ ਕੀਤਾ ਸੀ। ਇਹ ਪੁਸਤਕ ਉਨ੍ਹਾਂ ਦੀ ਕੇਵਲ ਦੋ ਦਿੰਨ ਮਹੀਨਿਆਂ ਦੀ ਮਿਹਨਤ ਦਾ ਹੀ ਸਿੱਟਾ ਹੈ।[2] ਹੀਰਾ ਸਿੰਘ ਦਰਦ ਨੇ ਇਸ ਨੂੰ ਪੰਜਾਬੀ ਵਿਚ ਕਰਾਮਾਤਾਂ, ਵਹਿਮਾਂ, ਭਰਮਾਂ ਤੋਂ ਸਾਫ਼, ਇਤਿਹਾਸਕ ਖੋਜ ਦੇ ਅਸੂਲਾਂ ਮੁਤਾਬਕ ਲਿਖੀ ਗਈ ਪਹਿਲੀ ਪੁਸਤਕ ਆਖਿਆ ਹੈ।[3]

---

[1]ਇਤਿਹਾਸਕ ਖੋਜ, ਪੰਨਾ 12.

[2]ਵੇਖੋ : ਇਤਿਹਾਸਕ ਖੋਜ, ਪੰਨਾ 13 ਉੱਤੇ ਕਰਮ ਸਿੰਘ ਨੇ ਗੁਰਪੁਰਬ ਨਿਰਣੈ ਲਿਖਣ ਦਾ ਜ਼ਿਕਰ ਕਰਨ ਮਗਰੋਂ ਲਿਖਿਆ ਹੈ :

"ਇਸ ਦੇ ਲਿਖਣ ਲਈ ਮੈਨੂੰ ਕੇਵਲ ਤਿੰਨ ਮਹੀਨੇ ਹੀ ਮਿਲੇ ਸਨ। ਦੋ ਮਹੀਨਿਆਂ ਵਿਚ ਫਿਰ ਫਿਰਾ ਕੇ ਮਸਾਲਾ ਇਕੱਠਾ ਕੀਤਾ ਅਤੇ ਇਕ ਮਹੀਨੇ ਵਿਚ ਉਸ ਮਸਾਲੇ ਦੀ ਤਰਤੀਬ ਕਰ ਕੇ ਇਹ ਸੈਂਚੀ ਖਤਮ ਕੀਤੀ।"

[3]"ਬੰਦਾ ਬਹਾਦਰ ਪੜ੍ਹ ਕੇ ਮੈਂ ਬੜੀ ਹੀ ਖੁਸ਼ੀ ਮਹਿਸੂਸ ਕੀਤੀ ਕਿਉਂਕਿ ਪੰਜਾਬੀ ਵਿਚ ਆਪਣੀ ਕਿਸਮ ਦੀ ਇਹ ਪਹਿਲੀ ਇਤਿਹਾਸਕ ਪੁਸਤਕ ਸੀ ਜੋ ਕਰਾਮਾਤਾਂ ਤੇ ਵਹਿਮ ਭਰਮਾਂ ਤੋਂ ਸਾਫ਼ ਅਤੇ ਇਤਿਹਾਸਕ ਅਸੂਲਾਂ ਦੀ ਖੋਜ ਮੁਤਾਬਕ ਲਿਖੀ ਗਈ ਸੀ।" ਉਹੀ, ਪੰਨਾ 10

Digitized by Panjab Digital Library | www.panjabdigilib.org

ਇਸ ਪੁਸਤਕ ਦੀ ਭੂਮਿਕਾ ਪੜ੍ਹ ਕੇ ਜਿਥੇ ਦਰਦ ਜੀ ਦੀ ਉਪਰੋਕਤ ਧਾਰਣਾ ਦੀ ਪੁਸ਼ਟੀ ਹੋ ਜਾਂਦੀ ਹੈ, ਉਥੇ ਸ. ਕਰਮ ਸਿੰਘ ਦੀ ਇਤਿਹਾਸਿਕ ਮਸਾਲੇ ਦੀ ਖੋਜ ਸੰਬੰਧੀ ਕੀਤੀ ਮਿਹਨਤ ਅਤੇ ਵੱਖ ਵੱਖ ਸੋਮਿਆਂ[4] ਦੀ ਵੇਖ ਭਾਲ ਤੋਂ ਮਗਰੋਂ ਪ੍ਰਮਾਣਿਕਤਾ ਦਾ ਗੁਣ ਪੈਦਾ ਕਰਨ ਦੀ ਲਗਨ ਦਾ ਵੀ ਪਤਾ ਲੱਗ ਜਾਂਦਾ ਹੈ। ਲੇਖਕ ਨੇ ਨਾ ਕੇਵਲ ਸਿੱਖ ਅਤੇ ਮੁਸਲਮਾਨ ਇਤਿਹਾਸਕਾਰਾਂ ਦੀਆਂ ਲਿਖਤਾਂ ਨੂੰ ਹੀ ਗਹੁ ਨਾਲ ਪੜ੍ਹਿਆ ਹੈ ਸਗੋਂ ਅੰਗਰੇਜ਼ ਲੇਖਕਾਂ ਦੀਆਂ ਰਚਨਾਵਾਂ ਤੋਂ ਵੀ ਸਹਾਇਤਾ ਲਈ ਹੈ। ਖ਼ਾਨਦਾਨੀ ਬੰਦਿਆਂ ਤੋਂ ਵੀ ਬੰਦਾ ਬਹਾਦਰ ਸੰਬੰਧੀ ਭਰਪੂਰ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਬੰਦੇ ਦੇ ਅੰਤਲੇ ਦਿਨਾਂ ਬਾਰੇ ਭਰੋਸੇਯੋਗ ਸੂਚਨਾ ਲੈਣ ਲਈ ਉਹ ਜੰਮੂ ਵਿਚ ਵਸਦੇ ਉਨ੍ਹਾਂ ਦੇ ਵਾਰਿਸਾਂ ਨੂੰ ਵੀ ਮਿਲੇ ਅਤੇ ਉਹ ਸਾਰੀਆਂ ਥਾਵਾਂ ਆਪ ਜਾ ਕੇ ਅੱਖੀਂ ਵੇਖੀਆਂ ਜਿਨ੍ਹਾਂ ਜਿਨ੍ਹਾਂ ਥਾਵਾਂ ਤੇ ਬੰਦੇ ਨੇ ਲੜਾਈਆਂ ਲੜੀਆਂ ਸਨ। ਇਤਨੀ ਮਿਹਨਤ ਕਰਨ ਮਗਰੋਂ ਵੀ ਉਨ੍ਹਾਂ ਦੀ ਤਸੱਲੀ ਨਹੀਂ ਹੋਈ ਕਿਉਂਕਿ ਉਹ ਲਿਖਦੇ ਹਨ :

> "ਇਤਨਾ ਕੁਝ ਕਰ ਕੇ ਵੀ ਇਹ ਨਹੀਂ ਕਹਿਆ ਜਾ ਸਕਦਾ ਕਿ ਬੰਦੇ ਦਾ ਕੇਵਲ ਇਤਨਾ ਹੀ ਹਾਲ ਹੈ ਅਤੇ ਹੋਰ ਕੁਝ ਬਾਕੀ ਨਹੀਂ ਰਿਹਾ। ਹੋ ਸਕਦਾ ਹੈ ਕਿ ਕਿਸੇ ਸਮੇਂ ਕੋਈ ਤਾਰੀਖ ਮਿਲ ਜਾਵੇ, ਜੋ ਬਹੁਤ ਸਾਰੀਆਂ ਨਵੀਆਂ ਗੱਲਾਂ ਦਾ ਪਤਾ ਦੇਵੇ।"[5]

ਸੰਬੰਧਿਤ ਸੋਮਿਆਂ ਦੀ ਦੇਖ ਭਾਲ ਮਗਰੋਂ ਇਕੱਤਰ ਹੋਈ ਸੂਚਨਾ ਨੂੰ ਕਰਮ ਸਿੰਘ ਨੇ ਇਨ੍ਹਾਂ ਕਾਂਡਾਂ ਵਿਚ ਵੰਡਿਆ ਹੈ : ਬੰਦੇ ਦੇ ਪਹਿਲੇ ਹਾਲ, ਗੁਰੂ ਜੀ ਨਾਲ ਮਿਲਾਪ, ਪੰਜਾਬ ਵਲ ਆਉਣਾ, ਮਾਰਾਂ ਮਾਰਨੀਆਂ, ਹੋਰ ਮਾਰਾਂ ਮਾਰਨੀਆਂ, ਮਝੈਲਾਂ ਦਾ ਸ਼ਾਹੀ ਫੌਜਾਂ ਨਾਲ ਟਾਕਰਾ, ਸਰਹੰਦ ਦੀ ਲੜਾਈ (30.5. 1710) ਅਲਾਕਾ ਸਹਾਰਨਪੁਰ ਨੂੰ ਲੁੱਟਣਾ, ਮਾਝੇ ਦਾ ਗਦਰ ਤੇ ਹੈਦਰੀ ਝੰਡਾ, ਦਵਾਬੇ ਦਾ ਗਦਰ, ਸ਼ਾਹੀ ਫੌਜ ਦਾ ਆਉਣਾ ਪਹਾੜੀ ਰਾਜਿਆਂ ਨੂੰ ਲੁਟਣਾ, ਲੋਹਗੜ੍ਹ ਦਾ ਸੰਗਰਾਮ, ਸਮਸ਼ ਖਾਂ ਤੇ ਬਾਜ਼ੀਦ ਖਾਂ ਦਾ ਮਰਨਾ, ਕਲਾਨੌਰ ਤੇ ਵਟਾਲੇ ਦਾ ਲੁਟਣਾ, ਜੰਗ ਗੁਰਦਾਸਪੁਰ ਅਤੇ ਬੰਦੇ ਦੇ ਅੰਤਲੇ ਦਿਨ।

ਸਪਸ਼ਟ ਹੈ ਕਿ ਵਿਦਵਾਨ ਲੇਖਕ ਨੇ ਬੰਦੇ ਦੇ ਜੀਵਨ ਨੂੰ ਹਰ ਪੱਖੋਂ ਸਮਝਣ ਤੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਥਾਂ ਥਾਂ ਇਤਿਹਾਸਿਕ ਹਵਾਲੇ ਦੇ ਕੇ ਆਪਣੀਆਂ ਧਾਰਣਾਵਾਂ

---

[4]ਪੁਸਤਕ ਦੀ ਭੂਮਿਕਾ ਵਿਚ ਦਿੱਤੇ ਗਏ ਸੋਮਿਆਂ ਦੀ ਸੂਚੀ ਇਸ ਪ੍ਰਕਾਰ ਹੈ :

(1) ਸਿੱਖ ਇਤਿਹਾਸਕਾਰ	:	ਸ. ਰਤਨ ਸਿੰਘ ਭੰਗੂ ਤੇ ਸ. ਗਿਆਨ ਸਿੰਘ ਦੇ ਪੰਥ ਪ੍ਰਕਾਸ਼
(2) ਮੁਸਲਮਾਨ ਇਤਿਹਾਸਕਾਰ ਤੇ ਲਿਖਤਾਂ	:	ਮੁਹੰਮਦ ਕਾਸਮ ਲਾਹੌਰ (ਇਬਰਤਨਾਮਾ) ਤਾਰੀਖ ਖਾਫ਼ੀ ਖਾਂ, ਖੁਸ਼ਹਾਲ ਚੰਦ ਤਾਰੀਖ ਮੁਹੰਮਦ ਸ਼ਾਹੀ, ਤਾਰੀਖ ਅਹਿਮਦ ਸ਼ਾਹ
(3) ਅੰਗਰੇਜ਼ ਇਤਿਹਾਸਕਾਰ	:	ਅਰਲੀ ਬ੍ਰਿਟਿਸ਼ ਰਿਕਾਰਡਜ਼ ਅਤੇ ਕਲਕੱਤਾ ਰੀਵੀਊ ਜਿਲਦ, 60
(4) ਖ਼ਾਨਦਾਨੀ ਬੰਦੇ	:	ਜਲਾਲਾਬਾਦ ਦੇ ਪਠਾਣ, ਸਢੌਰੇ ਦੇ ਸਯਦ ਅਤੇ ਸਮਾਣਾ ਤੇ ਸੁਨਾਮ ਦੇ ਪ੍ਰਮੁੱਖ ਸੱਜਣ।

[5]'ਬੰਦਾ ਬਹਾਦਰ' ਪੰਨਾ 15.

Digitized by Panjab Digital Library | www.panjabdigilib.org

ਸਪਸ਼ਟ ਕੀਤੀਆਂ ਹਨ। ਕਿਤੇ ਕੋਈ ਅਟਕਲ ਪੱਚੂ ਗੱਲ ਨਹੀਂ ਕੀਤੀ। ਸ. ਕਰਮ ਸਿੰਘ ਅਨੁਸਾਰ ਬੰਦਾ ਬਹਾਦਰ, ਜਿਸ ਦਾ ਪਹਿਲਾ ਨਾਂ ਲਛਮਣ ਦੇਵ ਸੀ, ਰਾਮ ਦੇਵ ਭਾਰਦਵਾਜ ਦਾ ਪੁੱਤਰ ਸੀ ਅਤੇ ਰਾਜੌੜੀ, ਜੰਮੂ ਦਾ ਰਹਿਣ ਵਾਲਾ ਸੀ। ਉਸ ਦੇ ਜਨਮ ਬਾਰੇ ਕੋਈ ਭਰੋਸੇਯੋਗ ਸੂਚਨਾ ਨਹੀਂ ਮਿਲਦੀ ਪਰ ਮੋਟੇ ਤੌਰ ਤੇ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਹੀ ਬਣਦਾ ਹੈ। ਜਵਾਨੀ ਵਿਚ ਉਹ ਸ਼ਿਕਾਰ ਦਾ ਸ਼ੌਕੀਨ ਸੀ। ਇਕ ਦਿਨ ਗਰਭਵਤੀ ਹਿਰਨੀ ਦੇ ਸ਼ਿਕਾਰ ਮਗਰੋਂ ਉਹ ਉਪਰਾਮ ਹੋ ਗਿਆ ਅਤੇ ਸਾਧੂ ਬਣ ਕੇ ਥਾਂ ਥਾਂ ਘੁੰਮਣ ਲੱਗ ਪਿਆ। ਅੰਤ ਵਿਚ ਦੱਖਣੀ ਭਾਰਤ ਵਿਚ ਨਾਂਦੇੜ ਦੇ ਨੇੜੇ ਡੇਰਾ ਲਾ ਲਿਆ। ਉਥੇ ਹੀ ਉਸ ਦਾ ਗੁਰੂ ਜੀ ਨਾਲ ਮੇਲ ਹੋਇਆ। ਪਹਿਲਾਂ ਤਾਂ ਉਸ ਨੇ ਸਿੱਧੀਆਂ ਤੇ ਕਰਾਮਾਤਾਂ ਰਾਹੀਂ ਗੁਰੂ ਜੀ ਨੂੰ ਪ੍ਰਭਾਵਿਤ ਕਰਨ ਦਾ ਯਤਨ ਕੀਤਾ ਪਰ ਉਨ੍ਹਾਂ ਦੇ ਅਲੌਕਿਕ ਪ੍ਰਭਾਵ ਕਾਰਨ ਅਸਫ਼ਲ ਰਿਹਾ ਤੇ ਉਨ੍ਹਾਂ ਦਾ ਸ਼ਿਸ਼ ਬਣ ਗਿਆ।

ਇਤਿਹਾਸਿਕ ਪੱਖੋਂ ਜਿਹੜੀ ਗੱਲ ਬਹੁਤੇ ਵਾਦ-ਵਿਵਾਦ ਜਾਂ ਚਰਚਾ ਦਾ ਵਿਸ਼ਾ ਬਣੀ ਹੈ, ਉਹ ਹੈ ਬੰਦੇ ਦੇ ਅੰਮ੍ਰਿਤ ਛਕਣ ਜਾਂ ਨਾ ਛਕਣ ਬਾਰੇ। ਜਿਥੇ ਡਾ. ਗੰਡਾ ਸਿੰਘ ਨੇ ਅਹਿਮਦ ਸ਼ਾਹ ਬਟਾਲੀਆ, ਅਲੀ-ਉ-ਦੀਨ ਮੁਫਤੀ, ਮੁਹੰਮਦ ਅਲੀ ਖਾਨ ਅਨਸਾਰੀ, ਗਣੇਸ਼ ਦਾਸ ਵਡਹੇਰਾ ਅਤੇ ਕਨ੍ਹਈਆ ਲਾਲ ਆਦਿ ਲੇਖਕਾਂ ਦੀਆਂ ਲਿਖਤਾਂ ਦੇ ਹਵਾਲੇ ਨਾਲ ਇਹ ਸਿੱਧ ਕੀਤਾ ਹੈ ਕਿ ਬੰਦੇ ਨੇ ਅੰਮ੍ਰਿਤ ਛਕ ਲਿਆ ਸੀ,[6] ਉਥੇ ਸ. ਕਰਮ ਸਿੰਘ ਦੇ ਵਿਚਾਰ ਅਨੁਸਾਰ :

> "ਬੰਦਾ ਭਾਵੇਂ ਗੁਰ ਸਿੱਖੀ ਵਿਚ ਤਾਂ ਆ ਗਿਆ ਸੀ, ਪਰ ਅੰਮ੍ਰਿਤਪਾਨ ਦਾ ਸਮਾਂ ਇਸ ਨੂੰ ਨਹੀਂ ਲੱਭਿਆ। ਸਿੱਖੀ ਮੰਡਲ ਵਿਚ ਆਯਾਂ ਅਜੇ ਦਿਨ ਹੀ ਹੋਏ ਸਨ ਕਿ ਗੁਰੂ ਜੀ ਜੋਤੀ ਜੋਤ ਸਮਾ ਗਏ। ਇਸ ਲਈ ਇਸ ਦੀ ਅਭਿਲਾਖਾ ਦਿਲ ਦੀ ਦਿਲ ਵਿਚ ਹੀ ਰਹੀ। ਐਸਾ ਮਾਲੂਮ ਹੁੰਦਾ ਹੈ ਕਿ ਗੁਰੂ ਜੀ ਦੀ ਮਹਿਰ ਦੇ ਕਾਰਨ ਬਾਕੀ ਸਿੰਘਾਂ ਵਿਚ ਬੰਦੇ ਦੀ ਇਜ਼ਤ ਬਣ ਗਈ ਸੀ ਅਤੇ ਸ਼ੈਦ ਇਹੋ ਹੀ ਕਾਰਨ ਹੋਵੇ ਕਿ ਖਾਸ ਗੁਰੂ ਜੀ ਪਾਸੋਂ ਅੰਮ੍ਰਿਤ ਪਾਨ ਕਰਨੋਂ ਵਿਰਵੇ ਰਹਿ ਕੇ ਬੰਦੇ ਨੂੰ ਉਸਦੀ ਦੀ ਬਣੀ ਹੋਈ ਇਜ਼ਤ ਨੇ ਸਿੰਘਾਂ ਪਾਸੋਂ ਅੰਮ੍ਰਿਤਪਾਨ ਕਰਨ ਦੀ ਆਗਯਾ ਨਾ ਦਿੱਤੀ ਹੋਵੇ। ਭਾਵੇਂ ਕੁਝ ਵੀ ਹੋਵੇ, ਇਹ ਦੋ ਗੱਲਾਂ ਜ਼ਰੂਰ ਸਨ ਕਿ ਇਕ ਤਾਂ ਬੰਦੇ ਨੇ ਅੰਮ੍ਰਿਤ ਨਹੀਂ ਛਕਿਆ ਸੀ ਅਤੇ ਦੂਜੇ ਸਿੰਘਾਂ ਵਿਚ ਉਸਦੀ ਬਹੁਤ ਇਜ਼ਤ ਸੀ।"[7]

ਪੰਜਾਬ ਪੁੱਜ ਕੇ ਬੰਦੇ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲਿਆ। ਹਰ

---

[6]ਡਾ. ਗੰਡਾ ਸਿੰਘ 'ਬੰਦਾ ਸਿੰਘ ਬਹਾਦਰ', ਪੰਨਾ 20.

[7]'ਬੰਦਾ ਬਹਾਦਰ' ਪੰਨਾ 26.

ਇਸੇ ਸੰਬੰਧ ਵਿਚ ਸ. ਰਣਬੀਰ ਸਿੰਘ ਜੀ ਤੋਂ ਪਤਾ ਲਗਿਆ ਸੀ ਕਿ ਜੀਵਨ ਦੇ ਅੰਤਲੇ ਦਿਨਾਂ ਵਿਚ ਸ. ਕਰਮ ਸਿੰਘ ਜੀ ਨੂੰ ਬੰਦੇ ਦੇ ਅੰਮ੍ਰਿਤ ਛਕ ਲੈਣ ਬਾਰੇ ਪੱਕੇ ਸਬੂਤ ਮਿਲ ਚੁਕੇ ਸਨ। ਪਰ ਬਦਕਿਸਮਤੀ ਨਾਲ ਉਹ ਇਸ ਬਾਰੇ ਕੁਝ ਲਿਖਣ ਤੋਂ ਪਹਿਲਾਂ ਹੀ ਸਵਰਗਵਾਸ ਹੋ ਗਏ। ਇਹ ਗੱਲ ਇਤਿਹਾਸਿਕ ਸਚਾਈ ਸੰਬੰਧੀ ਉਨ੍ਹਾਂ ਦੀ ਪ੍ਰਤੀਬੱਧਤਾ ਬਾਰੇ ਇਕ ਵਧੀਆ ਸਬੂਤ ਹੈ। ਕਿਉਂਕਿ ਸਬੂਤ ਦੀ ਅਣਹੋਂਦ ਵਿਚ ਉਨ੍ਹਾਂ ਨੇ ਸਮਕਾਲੀ ਸਿੱਖ ਆਗੂਆਂ ਦੇ ਕਹਿਣ ਤੇ ਵੀ ਇਹ ਗੱਲ ਲਿਖਣੀ ਮੰਨੀ ਨਹੀਂ ਸੀ।

Digitized by Panjab Digital Library | www.panjabdigilib.org

ਥਾਂ ਉਸ ਦੀ ਜਿੱਤ ਹੋਈ। ਉਸ ਦੀ ਜਿੱਤ ਦਾ ਕਾਰਨ, ਲੇਖਕ ਅਨੁਸਾਰ, ਉਸ ਦਾ ਲੋਕਾਂ ਵੱਲੋਂ ਹੋ ਕੇ ਲੜਨਾ ਸੀ, ਨਾ ਕਿ ਉਸ ਕੋਲ ਬਹੁਤੀ ਫੌਜ ਦਾ ਹੋਣਾ ਸੀ। ਉਹ ਲੜਾਈ ਦੇ ਅਸੂਲਾਂ ਤੋਂ ਵਾਕਿਫ਼ ਸੀ, ਬਰਾਬਰੀ ਨਾ ਵੇਖ ਕੇ ਪਿੱਛੇ ਹਟ ਜਾਂਦਾ ਸੀ ਅਤੇ ਸੁਰੱਖਿਅਤ ਥਾਂ ਤੇ ਪਹੁੰਚ ਜਾਂਦਾ ਸੀ। ਇਹ ਲੜਾਈ ਦਾ ਤਰੀਕਾ ਸੀ ਨਾ ਕਿ ਕਾਇਰਤਾ। ਮਰਹੱਟੇ ਵੀ ਇਹੀ ਤਰੀਕਾ ਵਰਤਦੇ ਰਹੇ ਸਨ। ਦੂਜੇ ਪਾਸੇ ਮੁਗਲ ਆਪਸੀ ਫੁੱਟ ਤੇ ਐਸ਼-ਪ੍ਰਸਤੀ ਕਾਰਨ ਹਾਰਦੇ ਸਨ। ਬੰਦਾ ਹਾਰ ਅਤੇ ਨਿਰਾਸ਼ਾ ਦੇ ਅਸਰ ਤੋਂ ਜਾਣੂੰ ਸੀ ਅਤੇ ਘਾਤਕ ਚਾਲਾਂ ਤੋਂ ਘਿਰਣਾ ਕਰਦਾ ਸੀ। ਜਦੋਂ ਉਸ ਨੇ ਕੰਮ ਸ਼ੁਰੂ ਕੀਤਾ ਤਾਂ ਉਸ ਨੂੰ ਦੋ ਦੁਸ਼ਮਨਾਂ ਦਾ ਸਾਹਮਣਾ ਕਰਨਾ ਪਿਆ-ਇਕ ਸ਼ਾਹੀ ਹਾਕਮ ਅਤੇ ਦੂਜੇ ਪਿੰਡਾਂ ਦੇ ਚੌਧਰੀ। ਇਸ ਲਈ ਉਹ ਸ਼ਾਂਤੀ, ਪੱਕਾ ਵਿਸ਼ਵਾਸ ਤੇ ਲੋਕਾਂ ਦੀ ਹਮਦਰਦੀ ਨਾਲ ਲੈ ਕੇ ਆਪਣੇ ਮਿਸ਼ਨ ਵਲ ਤੁਰ ਪਿਆ। ਸਮਾਂ ਉਸ ਦੀ ਪਿੱਠ ਤੇ ਸੀ। ਕਰਮ ਸਿੰਘ ਅਨੁਸਾਰ :

> "ਬੰਦਾ ਲੋਕਾਂ ਵਲੋਂ ਹੋ ਕੇ ਜ਼ਾਲਮਾਂ ਨਾਲ ਲੜਨ ਲੱਗਾ ਸੀ, ਉਸ ਦਾ ਇਹ ਕੰਮ ਲੋਕਾਂ ਦਾ ਹੀ ਕੰਮ ਸੀ। ਇਹ ਬਾਦਸ਼ਾਹ ਨਾਲ ਲੜਾਈ ਨਹੀਂ ਸੀ, ਬਲਕਿ ਲੋਕਾਂ ਦਾ ਜ਼ੁਲਮ ਦੇ ਮੁਕਾਬਲੇ ਤੇ ਉਠ ਖੜੋਣਾ ਯਾ ਰਾਜਾ ਤੇ ਪਰਜਾ ਦੀ ਲੜਾਈ ਸੀ।[8]

ਬੰਦੇ ਦੇ ਜੀਵਨ ਬਾਰੇ ਇਤਿਹਾਸਿਕ ਤੱਥਾਂ ਦੀ ਭਾਲ ਦੇ ਪੱਖੋਂ ਇਹ ਪੁਸਤਕ ਬਹੁਤ ਮਹੱਤਵਪੂਰਨ ਹੈ। ਜਿਥੇ ਕਿਤੇ ਦੂਜੇ ਇਤਿਹਾਸਕਾਰਾਂ ਨਾਲ ਲੇਖਕ ਦਾ ਮਤਭੇਦ ਹੈ, ਉਥੇ ਉਸ ਨੇ ਦਲੇਰੀ ਤੇ ਨਿਰਭੈਤਾ ਨਾਲ, ਹਵਾਲੇ ਦੇ ਕੇ ਆਪਣਾ ਪੱਖ ਸਿੱਧ ਕੀਤਾ ਹੈ। ਮਿਸਾਲ ਵਜੋਂ ਬੰਦੇ ਦੇ ਲੋਹਗੜ੍ਹ ਦਾ ਕਿਲਾ ਛੱਡਣ ਸਮੇਂ ਬਾਰੇ ਅੱਡ ਅੱਡ ਸਾਖੀਆਂ ਪ੍ਰਚਲਿਤ ਹਨ। ਪਰ ਸ. ਕਰਮ ਸਿੰਘ ਇਹ ਮੰਨਦੇ ਹਨ ਕਿ ਬੰਦਾ ਗੁਲਾਬੂ ਨਾਂ ਦੇ ਇਕ ਸ਼ਰਧਾਲੂ ਨਾਲ ਭੇਸ ਵਟਾ ਕੇ ਬਾਹਰ ਨਿਕਲ ਗਿਆ ਸੀ।[9]

ਇਸੇ ਤਰ੍ਹਾਂ ਵਜ਼ੀਰਖਾਨ, ਨਵਾਬ ਸਰਹਿੰਦ ਨੂੰ ਬੰਦੇ ਨੇ ਜੁੱਤੀਆਂ ਵਿਚ ਬਿਠਾ ਕੇ ਬੇਇਜ਼ਤ ਕੀਤਾ ਜਾਂ ਉਹ ਲੜਾਈ ਵਿਚ ਮਾਰਿਆ ਗਿਆ, ਇਹ ਗੱਲ ਵੀ ਇਤਿਹਾਸਕਾਰਾਂ ਵਿਚ ਵਾਦ-ਵਿਵਾਦ ਤੇ ਚਰਚਾ ਦਾ ਵਿਸ਼ਾ ਬਣੀ ਰਹੀ ਹੈ। ਇਸ ਗੱਲ ਬਾਰੇ ਲੇਖਕ ਨੇ ਕਈ ਇਤਿਹਾਸਿਕ ਲਿਖਤਾਂ ਦਾ ਹਵਾਲਾ ਦਿੱਤਾ ਹੈ।

ਅੰਤ ਵਿਚ ਗੁਰਦਾਸ ਨੰਗਲ ਦੀ ਲੜਾਈ ਤੋਂ ਬਾਅਦ ਬੰਦਾ ਆਪਣੇ ਸਾਥੀਆਂ ਸਮੇਤ ਕੈਦ ਹੋ ਗਿਆ ਅਤੇ 13 ਮਾਰਚ, 1716 ਈ. ਨੂੰ ਬੇਅੰਤ ਤਸੀਹੇ ਦੇ ਕੇ, ਹਾਥੀ ਦੇ ਪੈਰ ਨਾਲ ਬੰਨ੍ਹ ਕੇ, ਮਰਿਆ ਹੋਇਆ ਸਮਝ ਕੇ ਉਸ ਨੂੰ ਜਮਨਾ ਕਿਨਾਰੇ ਸੁੱਟ ਦਿੱਤਾ ਗਿਆ। ਉਥੋਂ ਕਿਸੇ ਫਕੀਰ ਨੇ ਉਸ ਦੀ ਜਾਨ ਬਚਾਈ ਤੇ ਦਵਾ ਦਾਰੂ ਕਰ ਕੇ ਕਈ ਮਹੀਨਿਆਂ ਮਗਰੋਂ ਬੰਦਾ ਮੁੜ ਸਿਹਤਮੰਦ ਹੋ ਗਿਆ। ਪਰ ਉਸ ਨੇ ਆਪਣੇ ਆਪ ਨੂੰ ਪ੍ਰਗਟ ਨਾ ਕੀਤਾ ਤੇ ਨੱਕੇ ਦੇ ਇਲਾਕੇ ਵਲ ਹੁੰਦਾ ਹੋਇਆ, ਕੁਝ ਦਿਨ ਪਿੰਡ ਭੁਚੋ ਕੇ ਠਾਕਰ ਰਹਿ ਕੇ ਅੰਤ ਜੰਮੂ ਦੇ ਪਹਾੜਾਂ ਵਲ ਚਲਾ ਗਿਆ। ਉਦੋਂ ਤਕ ਉਸ ਦਾ ਬੱਚਾ ਮਰ ਚੁਕਾ ਸੀ, ਪਤਨੀ

---

[8]'ਬੰਦਾ ਬਹਾਦਰ', ਪੰਨਾ 223.

[9]ਉਹੀ, ਪੰਨਾ 161.

Digitized by Panjab Digital Library | www.panjabdigilib.org

ਮੁਸਲਮਾਨ ਹੋ ਚੁਕੀ ਸੀ ਅਤੇ ਬੰਦਈ ਤੇ ਤੱਤ ਖਾਲਸਾ ਵਿਚ ਮਤਭੇਦ ਵਧ ਚੁਕੇ ਸਨ। ਜੰਮੂ ਜਾ ਕੇ ਉਸ ਨੇ ਦੂਜਾ ਵਿਆਹ ਕੀਤਾ ਤੇ ਸੰਮਤ 1785 ਵਿਚ (1728 ਈ.) ਵਿਚ ਉਸ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਰਣਜੀਤ ਸਿੰਘ ਰੱਖਿਆ ਗਿਆ। ਬੰਦਾ ਜੇਠ ਸੁਦੀ 14 ਸੰਮਤ, 1798 (1741 ਈ.) ਵਿਚ ਸਵਰਗਵਾਸ ਹੋ ਗਿਆ।[10]

ਬੰਦੇ ਦੇ ਸਰੀਰਕ ਗੁਣਾਂ, ਮਾਨਸਿਕ ਝੁਕਾਵਾਂ ਤੇ ਸਮੁੱਚੇ ਪ੍ਰਭਾਵ ਬਾਰੇ ਕਰਮ ਸਿੰਘ ਨੇ ਲਿਖਿਆ ਹੈ :

> "ਬੰਦੇ ਦਾ ਸਰੀਰ ਪਤਲਾ, ਕਦ ਵਿਚਲੇ ਮੇਲ ਦਾ ਅਤੇ ਰੰਗ ਕਣਕ ਭਿੰਨਾ ਸੀ। ਪਿਛਲੇ ਦਿਨਾਂ ਵਿਚ ਜਦ ਕਿ ਉਸ ਨੂੰ ਵੀਹ ਕੁ ਵਰ੍ਹੇ ਚੁਪ ਚਾਪ ਪਹਾੜਾਂ ਵਿਚ ਗੁਜ਼ਾਰਨੇ ਪਏ ਤਾਂ ਉਸ ਦਾ ਸਰੀਰ ਰਤਾ ਕੁ ਗੋਗੜਦਾਰ ਅਤੇ ਰੰਗ ਕੁਝ ਗੋਰਾ ਹੋ ਗਿਆ ਸੀ। ਉਸ ਦਾ ਚੇਹਰਾ ਸਮਝਦਾਰ ਅਤੇ ਜੋਸ਼ੀਲੇ ਆਦਮੀਆਂ ਵਰਗਾ ਤੇ ਉਸ ਦੀਆਂ ਅੱਖਾਂ ਚਮਕੀਲੀਆਂ ਤੇ ਤੁੰਦ ਸਨ। ਉਹ ਐਤਨਾ ਜ਼ੋਰਾਵਰ ਨਹੀਂ ਸੀ ਜਿਤਨਾ ਛੋਹਲਾ ਸੀ; ਅਤੇ ਤੀਰ ਤੇ ਖੰਜਰ ਤੋਂ ਬਿਨਾਂ ਹੋਰ ਕੋਈ ਹਥਿਆਰ ਉਸ ਦੇ ਮਨ ਨੂੰ ਨਾ ਭਾਉਂਦਾ। ਉਹ ਤਕੜਾ ਸਵਾਰ ਤੇ ਸਰੀਰ ਦਾ ਸਖਤਾ ਸੀ ਤੇ ਲਗਾਤਾਰ ਕਈ ਦਿਨਾਂ ਦੀਆਂ ਮੰਜਲਾਂ ਉਸ ਉਤੇ ਰਤਾ ਵੀ ਅਸਰ ਨਾ ਕਰਦੀਆਂ ਸਨ।"[11]

ਡਾ. ਗੰਡਾ ਸਿੰਘ ਦੀ ਖੋਜ ਅਨੁਸਾਰ ਵੀ ਬੰਦਾ ਬਹਾਦਰ ਪਤਲੇ ਸਰੀਰ ਦਾ ਤੇ ਦਰਮਿਆਨੇ ਕਦ ਕਾਠ ਦਾ, ਪ੍ਰਭਾਵਸ਼ਾਲੀ ਚਿਹਰੇ ਵਾਲਾ ਇਨਸਾਨ ਸੀ। ਡਾ. ਸਾਹਿਬ ਨੇ ਆਪਣੀ ਪੁਸਤਕ ਬੰਦਾ' ਸਿੰਘ ਬਹਾਦਰ ਵਿਚ' ਉਸ ਦੇ ਸਰੀਰਕ ਤੇ ਮਾਨਸਿਕ ਗੁਣਾ ਦਾ ਵਰਣਨ ਹੇਠ ਲਿਖੇ ਸ਼ਬਦਾਂ ਵਿਚ ਕੀਤਾ ਹੈ :

> "ਚਿਹਰੇ ਮੁਹਰੇ ਤੋਂ, ਮੁਹੰਮਦ ਸ਼ਫੀ ਵਾਹਿਦ ਦੀ ਪੁਸਤਕ ਸਿਰਅਤਿ-ਵਾਚ ਦਾਤ' ਅਨੁਸਾਰ ਬੰਦਾ ਸਿੰਘ ਗੁਰੂ ਗੋਬਿੰਦ ਸਿੰਘ ਨਾਲ ਮਿਲਦਾ ਜੁਲਦਾ ਸੀ। ਉਹ ਜੁੱਸੇ ਦਾ ਪਤਲਾ ਅਤੇ ਕਦ ਦਾ ਦਰਮਿਆਨਾ ਸੀ ਅਤੇ ਉਸ ਦਾ ਰੰਗ ਹਲਕਾ ਕਣਕ ਵੰਨਾ ਸੀ। ਉਸ ਦੇ ਚਿਹਰੇ ਦੀ ਪ੍ਰਭੂਤਾ ਭਰਪੂਰ ਛਾਪ ਅਤੇ ਤਿੱਖੀਆਂ ਅਤੇ ਚਮਕਦਾਰ ਅੱਖਾਂ ਵੈਰੀਆਂ ਦੇ ਮਨਾਂ ਉਤੇ ਭੀ ਉਸ ਦੀ ਮਾਨਸਕ ਉੱਚਤਾ ਦਾ ਪਰਭਾਵ ਪਾਉਂਦੀਆਂ ਸਨ।.....ਭਾਵੇਂ ਬੰਦਾ ਸਿੰਘ ਨੂੰ ਕੱਦ ਕਾਠ ਵੱਲੋਂ ਬਹੁਤ ਡੀਲ ਡੋਲ ਵਾਲਾ ਨਹੀਂ ਆਖਿਆ ਜਾ ਸਕਦਾ।

---

[10]ਇਸ ਘਟਨਾ ਬਾਰੇ ਵੀ ਇਤਿਹਾਸਕਾਰਾਂ ਵਿਚ ਮਤਭੇਦ ਹਨ। ਗੋਕਲ ਚੰਦ ਨਾਰੰਗ ਬੰਦੇ ਦੇ ਸਮੇਂ ਬਾਰੇ 1716 ਈ. ਤੋਂ 1741 ਈ. ਮਿਤੀਆਂ ਹੀ ਸਹੀ ਮੰਨਦੇ ਹਨ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਵੀ ਇਹੀ ਲਿਖਿਆ ਹੈ, ਪਰ ਗੁਲਾਮ ਹੁਸੈਨ ਦੀ ਰਚਨਾ ਸੈਰੁਲ-ਮਤਾਖਰੀਨ ਵਿਚ ਇਸ ਦਾ ਕੋਈ ਹਵਾਲਾ ਨਹੀਂ ਮਿਲਦਾ।

ਵੇਖੋ : ਜਸਬੀਰ ਸਿੰਘ, 'ਕਰਮ ਸਿੰਘ ਦੀ ਇਤਿਹਾਸਕ ਵਾਰਤਕ', ਖੋਜ ਨਿਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1968, ਪੰਨਾ 192.

[11]'ਬੰਦਾ ਬਹਾਦਰ', ਪੰਨਾ 220.

Digitized by Panjab Digital Library | www.panjabdigilib.org

ਪਰ ਉਹ ਬੜਾ ਚੁਸਤ ਤੇ ਫੁਰਤੀਲਾ ਸੀ ਅਤੇ ਜੰਗ ਦੇ ਮੈਦਾਨ ਵਿਚ ਬੜੇ ਬੜੇ ਤਕੜਿਆਂ ਨੂੰ ਲਾਗੇ ਨਹੀਂ ਸੀ ਢੁੱਕਣ ਦੇਂਦਾ। ਉਹ ਬੜਾ ਚੰਗਾ ਨਿਸ਼ਾਨਚੀ ਸੀ। ਬੰਦੂਕ (ਰਾਮ ਜੰਗਾ) ਸਿੰਘਾਂ ਦਾ ਮਨ ਭਾਉਂਦਾ ਹਥਿਆਰ ਹੈ ਪਰ ਬੰਦਾ ਸਿੰਘ ਆਪਣੀ ਤਲਵਾਰ ਅਤੇ ਤੀਰ ਕਮਾਨ ਦਾ ਧਨੀ ਸੀ। ਉਹ ਇਕ ਬੜਾ ਚੰਗਾ ਸਵਾਰ ਸੀ ਅਤੇ ਕਈ ਕਈ ਦਿਨਾਂ ਤਕ ਬਿਨਾਂ ਥੱਕਣ ਦੇ ਸਵਾਰੀ ਕਰ ਸਕਦਾ ਸੀ।"[12]

ਕਰਮ ਸਿੰਘ ਅਨੁਸਾਰ ਬੰਦੇ ਦੇ ਜੀਉਂਦੇ ਜੀ ਸਿੰਘਾਂ ਨੇ ਉਸ ਦਾ ਸਾਥ ਨਹੀਂ ਛੱਡਿਆ ਸੀ। ਇਸ ਗੱਲ ਦੇ ਵੀ ਪੱਕੇ ਸਬੂਤ ਨਹੀਂ ਮਿਲਦੇ ਕਿ ਉਸ ਦੇ ਫੜੇ ਜਾਣ ਦਾ ਕਾਰਨ ਆਪਸੀ ਮਤਭੇਦ ਹੀ ਸਨ। ਇਹ ਠੀਕ ਹੈ ਕਿ ਅੰਤ ਵਿਚ ਉਹ ਹੰਕਾਰੀ ਹੋ ਗਿਆ ਸੀ ਅਤੇ ਉਸ ਨੇ ਸੱਚੇ ਸਾਹਿਬ ਦੀ ਫਤਿਹ ਵੀ ਪ੍ਰਚਲਿਤ ਕੀਤੀ ਸੀ। ਲੇਖਕ ਅਨੁਸਾਰ ਇਹ ਉਨ੍ਹਾਂ ਕਮਜ਼ੋਰੀਆਂ ਦਾ ਹੀ ਸੁਭਾਵਕ ਸਿੱਟਾ ਸੀ ਜੋ ਗੁਰੂ ਸਾਹਿਬ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਬੈਰਾਗੀ ਹੁੰਦਿਆਂ ਉਸ ਵਿਚ ਆ ਚੁਕੀਆਂ ਸਨ। ਬਲਕਿ ਉਸ ਦੀ ਚੜ੍ਹਦੀ ਕਲਾ ਵੇਖ ਕੇ ਆਮ ਆਦਮੀ ਇਹੀ ਮੰਨਦੇ ਸਨ ਕਿ ਗੁਰੂ ਸਾਹਿਬ ਹੀ ਬੰਦੇ ਦਾ ਭੇਸ ਧਾਰ ਕੇ ਸਭ ਕੁਝ ਕਰ ਰਹੇ ਸਨ। ਬੰਦਈਆਂ ਦਾ ਮਾਸ ਨਾ ਖਾਣਾ ਹੀ ਸ਼ਾਇਦ ਅੰਤ ਵਿਚ ਮੋਟਾ ਫ਼ਰਕ ਬਣ ਕੇ ਪ੍ਰਗਟ ਹੋਇਆ। ਇਹ ਗੱਲ ਵੀ ਸਿੱਧ ਹੋਣੀ ਮੁਸ਼ਕਿਲ ਹੈ ਕਿ ਫ਼ਰੁਖਸੀਅਰ ਨੇ ਮਾਤਾ ਸੁੰਦਰੀ ਜੀ ਪਾਸੋਂ ਖਤ ਲਿਖਵਾ ਦਿੱਤੇ ਸਨਕਿ ਉਹ ਬੰਦੇ ਦਾ ਸਾਥ ਛੱਡ ਦੇਣ।

ਇਸ ਪੁਸਤਕ ਦੇ ਅੰਤ ਵਿਚ ਬੰਦੇ ਦੇ ਪੁੱਤਰਾਂ ਤੇ ਪੋਤਰਿਆਂ ਦਾ ਸ਼ਜ਼ਰਾ ਦਿੱਤਾ ਗਿਆ ਹੈ। ਉਦੋਂ (1907 ਈ) ਤੇਜਾ ਸਿੰਘ ਉਨ੍ਹਾਂ ਦੀ ਗੱਦੀ ਤੇ ਬਿਰਾਜਮਾਨ ਸਨ। ਡਾ. ਗੰਡਾ ਸਿੰਘ ਨੇ ਸ. ਕਰਮ ਸਿੰਘ ਦੇ ਇਸ ਜਤਨ ਨੂੰ ਜਿਥੇ ਸ਼ਲਾਘਾ ਯੋਗ ਦੱਸਿਆ ਹੈ, ਉਥੇ ਇਸ ਗੱਲ ਦਾ ਜ਼ਿਕਰ ਵੀ ਕੀਤਾ ਹੈ ਕਿ ਕੁਝ ਮਹੱਤਵਪੂਰਨ ਪੁਸਤਕਾਂ ਲੇਖਕ ਦੀ ਅੱਖੋਂ ਉਹਲੇ ਰਹਿ ਗਈਆਂ ਹਨ। ਡਾ. ਸਾਹਿਬ ਦੇ ਸ਼ਬਦਾਂ ਵਿਚ :

> "ਇਤਿਹਾਸਕ ਸਚਾਈ ਦੀ ਭਾਲ ਵਿਚ ਸਰਦਾਰ ਕਰਮ ਸਿੰਘ ਦਾ ਜਤਨ ਸ਼ਲਾਘਾ ਯੋਗ ਹੈ ਅਤੇ ਉਨ੍ਹਾਂ ਨੇ ਵੇਲੇ ਦੀਆਂ ਗਵਾਹੀਆਂ ਦੇ ਆਧਾਰ ਉੱਤੇ ਆਪਣੀ ਪੁਸਤਕ ਰਚੀ ਹੈ, ਪਰ ਤਜਕਿਰਾਤ-ਸਲਾਤੀਨਿ-ਚੁਗਤਾ ਉਨ੍ਹਾਂ ਦੀ ਨਜ਼ਰੇ ਨਹੀਂ ਪਈ ਅਤੇ ਅਖਬਾਰਿ-ਦਰਬਾਰਿ ਮੁਅੱਲਾ ਹਾਲ ਤਕ ਚਾਨਣੇ ਵਿਚ ਨਹੀਂ ਸੀ ਆਏ। ..ਕਾਸ਼ ਕਿ ਸਰਦਾਰ ਕਰਮ ਸਿੰਘ ਜੀਉਂਦੇ ਹੁੰਦੇ ਤੇ ਇਸ ਨਵੇਂ ਮਸਾਲੇ ਨੂੰ ਵਰਤਣ ਦੀ ਖੁਸ਼ੀ ਪ੍ਰਾਪਤ ਕਰ ਸਕਦੇ।"[13]

ਫਿਰ ਵੀ ਇਹ ਗਲ ਨਿਰਸੰਦੇਹ ਹੋ ਕੇ ਆਖੀ ਜਾ ਸਕਦੀ ਹੈ ਕਿ ਇਹ ਪੁਸਤਕ ਇੱਕ ਪ੍ਰਸਿੱਧ ਸਿੱਖ ਸ਼ਖਸੀਅਤ ਬਾਰੇ ਇਤਿਹਾਸਿਕ ਤੱਥਾਂ ਦਾ ਵੇਰਵਾ ਦੇਣ ਕਾਰਨ ਇਤਿਹਾਸ ਦੇ ਵਿਦਿਆਰਥੀਆਂ ਲਈ ਆਮ ਤੌਰ ਤੇ ਅਤੇ ਸਿੱਖ ਸ਼ਰਧਾਲੂਆਂ ਲਈ ਵਿਸ਼ੇਸ਼ ਤੌਰ ਤੇ

---

[12]ਉਹੀ, ਪੰਨਾ 168.

[13]ਡਾ. ਗੰਡਾ ਸਿੰਘ 'ਬੰਦਾ ਸਿੰਘ ਬਹਾਦਰ', ਪੰਨਾ 5.

Digitized by Panjab Digital Library | www.panjabdigilib.org

ਇਕ ਬਹੁਮੁੱਲੀ ਕਿਰਤ ਹੈ।

2. ਜੀਵਨ ਸ੍ਰੀਮਤੀ ਹਰਨਾਮ ਕੌਰ ਜੀ

ਜੀਵਨ ਸ੍ਰੀਮਤੀ ਹਰਨਾਮ ਕੌਰ ਜੀ ਇਸ ਗੱਲ ਦੀ ਲੋੜ ਤੇ ਮਹੱਤਵ ਨੂੰ ਪ੍ਰਗਟ ਕਰਨ ਵਾਲੀ ਪੁਸਤਕ ਹੈ ਕਿ ਕਿਸੇ ਕੌਮ ਦੀ ਸਮੁੱਚੀ ਉੱਨਤੀ ਪਿੱਛੇ ਉਸ ਕੌਮ ਦੇ ਮਹਾਂਪੁਰਸ਼ਾਂ ਇਸਤਰੀਆਂ ਤੇ ਕੁਰਬਾਨੀਆਂ ਦੇ ਕੇ ਕੌਮ ਨੂੰ ਅਮਰ ਕਰਨ ਵਾਲੇ ਮਰਜੀਵੜਿਆਂ ਦਾ ਕਿੰਨਾ ਵੱਡਾ ਯੋਗਦਾਨ ਹੁੰਦਾ ਹੈ।[14] ਪਰ ਅਸੀਂ ਸਿੱਖ, ਕਰਮ ਸਿੰਘ ਅਨੁਸਾਰ, ਜਿਥੇ ਇਤਿਹਾਸਿਕ ਖੋਜ ਦੇ ਦੂਜੇ ਪੱਖਾਂ ਵਲੋਂ ਅਵੇਸਲੇ ਰਹੇ ਹਾਂ, ਉਥੇ ਇਸ ਪੱਖੋਂ ਵੀ ਲਗਭਗ ਕੋਰੇ ਹੀ ਹਾਂ। ਸਾਡੀਆਂ ਲਿਖੀਆਂ ਜੀਵਨੀਆਂ ਵਿਚ ਅੰਧ ਵਿਸ਼ਵਾਸ ਦੀ ਭਰਮਾਰ ਹੈ, ਭਰੋਸੇਯੋਗ ਸੂਚਨਾ ਦੀ ਘਾਟ ਹੈ, ਇਤਿਹਾਸਿਕ ਤੱਥਾਂ ਤੇ ਨਿੱਜੀ ਪੜਤਾਲ ਦੀ ਅਣਹੋਂਦ ਹੈ। ਇਉਂ ਜੀਵਨੀ ਸ੍ਰੀਮਤੀ ਹਰਨਾਮ ਕੌਰ ਲਿਖ ਕੇ ਕਰਮ ਸਿੰਘ ਨੇ ਇਤਿਹਾਸ ਦੇ ਇਸ ਪੱਖ ਦਾ ਮਹੱਤਵ ਪ੍ਰਗਟਾਇਆ ਹੈ, ਅਤੇ ਪੂਰਨੇ ਵੀ ਪਾਏ ਹਨ ਕਿ ਜੀਵਨ ਕਿਵੇਂ ਲਿਖਿਆ ਜਾਣਾ ਚਾਹੀਦਾ ਹੈ।

ਲੇਖਕ ਅਨੁਸਾਰ, ਗੁਰੂ ਗੋਬਿੰਦ ਸਿੰਘ ਜੀ ਤੋਂ ਮਗਰੋਂ ਜੋ ਘਟਨਾਵਾਂ ਵਾਪਰੀਆਂ ਹਨ ਉਨ੍ਹਾਂ ਦਾ ਵਰਣਨ ਇਤਿਹਾਸਿਕ ਰੀਤ ਨਾਲ ਹੀ ਹੋਇਆ ਹੈ, ਜੀਵਨ ਬਿਰਤਾਂਤ ਅਨੁਸਾਰ ਨਹੀਂ। ਇਸ ਅਰਸੇ ਵਿਚ ਅਨੇਕਾਂ ਯੋਧੇ, ਕੌਮੀ ਹੀਰੇ ਪੈਦਾ ਹੋਏ ਪਰ ਸਭ ਸਮੇਂ ਦੀ ਧੂੜ ਨਾਲ ਢਕੇ ਗਏ। ਅਸੀਂ ਆਪਣੇ ਕੌਮੀ ਵਿਰਸੇ ਵਲ ਧਿਆਨ ਹੀ ਨਹੀਂ ਦਿੱਤਾ। ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਸ. ਹਰੀ ਸਿੰਘ ਭੰਗੀ, ਸ. ਭਾਗ ਸਿੰਘ, ਸ. ਲਹਿਣਾ ਸਿੰਘ ਮਜੀਠੀਆ, ਸ. ਦੇਸਾ ਸਿੰਘ ਮਜੀਠੀਆ, ਵਰਗਿਆਂ ਦਾ ਹਾਲ ਕਿਤੇ ਵੀ ਨਾ ਲੱਭਦਾ। ਇਨ੍ਹਾਂ ਬਹੁਤ ਪੁਰਾਣੇ ਬਜ਼ੁਰਗਾਂ ਦਾ ਖਿਆਲ ਨਾ ਵੀ ਕਰੀਏ ਤਾਂ ਵੀ ਅਸੀਂ ਅਜੇ ਤਕ ਇਸ ਪੱਖੋਂ ਅਵੇਸਲੇ ਹੀ ਹਾਂ, ਕਿਉਂਕਿ ਅਸੀਂ ਅਜੋਕੇ ਹੀ ਸਮੇਂ ਵਿਚ ਹੋਏ (ਭਾਵ ਕਰਮ ਸਿੰਘ ਦੇ ਸਮਕਾਲੀ) ਪ੍ਰਸਿੱਧ ਸਿੱਖ ਵਿਦਵਾਨਾਂ ਤੇ ਕੌਮੀ ਯੋਧਿਆਂ ਜਿਵੇਂ, ਭਾਈ ਗੁਰਮੁਖ ਸਿੰਘ, ਡਾ. ਜੋ ਸਿੰਘ, ਭਾਈ ਦਿੱਤ ਸਿੰਘ ਆਦਿ ਦੇ ਜੀਵਨ ਲਿਖ ਕੇ ਕੌਮੀ ਉੱਨਤੀ ਵਿਚ ਇਨ੍ਹਾਂ ਦੀ ਮਹੱਤਵਪੂਰਨ ਦੇਣ ਨੂੰ ਉਜਾਗਰ ਕਰਨ ਦਾ ਕੋਈ ਉਪਰਾਲਾ ਨਹੀਂ ਕੀਤਾ।

ਇਹੀ ਹਾਲ ਸ੍ਰੀਮਤੀ ਹਰਨਾਮ ਕੌਰ ਦਾ ਹੋਣਾ ਸੀ, ਜੇ ਲੇਖਕ ਆਪਣਾ ਕੁਝ ਸਮਾਂ ਖਰਚ ਕੇ ਇਸ ਇਸਤਰੀ ਦੇ ਕੀਤੇ ਕੰਮਾਂ ਦੀ ਜਾਣਕਾਰੀ ਇਸ ਪੁਸਤਕ ਦੇ ਰੂਪ ਵਿਚ ਪੇਸ਼ ਨਾ ਕਰਦਾ। ਇਸ ਦੀ ਭੂਮਿਕਾ ਵਿਚ ਲੇਖਕ ਨੇ ਦੱਸਿਆ ਹੈ ਕਿ ਇਤਿਹਾਸਿਕ ਮਸਾਲੇ ਦੀ ਘਾਟ, ਬੇਤਰਤੀਬੀ ਅਤੇ ਰੁਲੇ ਖੁਲੇ ਰੂਪ ਵਿਚ ਪ੍ਰਾਪਤ ਹੋਣ ਕਰਕੇ ਸਿੱਖਾਂ ਦਾ ਸਹੀ ਤੇ ਸੰਪੂਰਨ ਇਤਿਹਾਸ ਅਜੇ ਤਕ ਨਹੀਂ ਲਿਖਿਆ ਜਾ ਸਕਿਆ। ਇਥੇ ਹੀ ਲੇਖਕ ਨੇ ਡਾਇਰੀ ਲਿਖਣ ਦੀ ਲੋੜ ਤੇ ਜ਼ੋਰ ਦੇਂਦਿਆਂ, ਇਤਿਹਾਸਕਾਰਾਂ ਲਈ ਡਾਇਰੀ ਦੇ ਮਹੱਤਵ ਨੂੰ ਵੀ ਦਰਸਾਇਆ ਹੈ। ਲੇਖਕ ਨੇ ਇਸ ਧਾਰਣਾ ਦਾ ਖੰਡਣ ਕੀਤਾ ਹੈ ਕਿ ਡਾਇਰੀ ਲਿਖਣਾ

---

[14]ਇਹ ਗੱਲ ਬਹੁਤ ਕੁਝ ਸੱਚ ਹੈ ਕਿ ਕਿਸੇ ਦੀ ਸੱਚੀ ਤੇ ਸੁੱਚੀ ਯਾਦਗਾਰ ਉਸ ਦਾ ਜੀਵਨ ਚਰਿੱਤਰ ਹੀ ਹੈ। ਬਾਗਾਂ, ਖੂਹਾਂ ਸਰਾਵਾਂ ਆਦਿ ਤੋਂ ਅਗਲੇ ਦੇ ਨਾਂ ਦਾ ਹੀ ਪਤਾ ਲਗਦਾ ਹੈ, ਜੀਵਨ ਚਰਿੱਤਰ ਦਾ ਨਹੀਂ।" ਵੇਖੋ : ਜੀਵਨ ਸ੍ਰੀਮਤੀ ਹਰਨਾਮ ਕੌਰ, ਪੰਨਾ 1.

Digitized by Panjab Digital Library | www.panjabdigilib.org

ਹੰਕਾਰ ਵਿਚ ਸ਼ਾਮਲ ਹੈ। ਇਸੇ ਗ਼ਲਤ ਧਾਰਣਾ ਕਰਕੇ ਹੀ ਸਾਡੇ ਅਨੇਕਾਂ ਹੀਰੇ ਮਿੱਟੀ ਘੱਟੇ ਵਿਚ ਰੁਲੇ ਪਏ ਹਨ ਕਿਉਂਕਿ ਉਨ੍ਹਾਂ ਨੇ ਨਿਮਰਤਾ ਤੇ ਨਿਰਮਾਣਤਾ ਕਰਕੇ ਆਪਣੇ ਕੀਤੇ ਕੰਮਾਂ ਦਾ ਕਿਸੇ ਨਿੱਜੀ ਲਿਖਤ ਵਿਚ ਉਲੇਖ ਨਹੀਂ ਕੀਤਾ। ਇਸ ਪੱਖੋਂ ਅੰਗਰੇਜ਼ ਲੇਖਕਾਂ ਦੀਆਂ ਲਿਖਤਾਂ ਵੇਖ ਕੇ ਅੱਖਾਂ ਖੁੱਲ੍ਹ ਜਾਂਦੀਆਂ ਹਨ। ਸਿੱਖਾਂ ਵਿਚ ਇਹ ਘਾਟ ਵੇਖ ਕੇ ਕਰਮ ਸਿੰਘ ਨੇ ਜੀਵਨ ਲਿਖਣ ਦਾ ਜਤਨ ਕੀਤਾ ਹੈ ਪਰ ਕੋਈ ਡਾਇਰੀ ਪ੍ਰਾਪਤ ਨਾ ਹੋ ਸਕਣ ਕਾਰਨ, ਸਿਲਸਿਲੇਵਾਰ ਸੂਚਨਾ ਨਾ ਮਿਲ ਸਕਣ ਕਾਰਨ, ਉਨ੍ਹਾਂ ਨੂੰ ਬੜੀ ਨਿਰਾਸ਼ਾ ਹੋਈ। ਫੀਰੋਜ਼ਪੁਰ ਜਾ ਕੇ ਵੀ ਕੋਈ ਚਿੱਠੀ ਜਾਂ ਤਸਵੀਰ ਪ੍ਰਾਪਤ ਨਹੀਂ ਹੋਈ, ਅੰਤ ਵਿਚ ਸ੍ਰੀਮਤੀ ਜੀ ਦੇ ਮਾਤਾ ਜੀ ਅਤੇ ਪਤੀ ਸ. ਤਖਤ ਸਿੰਘ ਜੀ, ਸਿੰਘ ਸਭਾ ਦੇ ਰਜਿਸਟਰਾਂ, ਖਾਲਸਾ ਸਮਾਚਾਰ ਦੀਆਂ ਪੁਰਾਣੀਆਂ ਫਾਈਲਾਂ, ਖਾਲਸਾ ਅਖਬਾਰ ਦੀਆਂ ਜਿਲਦਾਂ ਵੇਖ ਕੇ ਹੀ ਕੰਮ ਸਾਰਨਾ ਪਿਆ। ਹੋਰ ਤਾਂ ਹੋਰ, ਕੁਝ ਜ਼ਰੂਰੀ ਗੱਲਾਂ ਦੇ ਲਿਖਣ ਦੀ ਵੀ ਆਗਿਆ ਨਹੀਂ ਦਿੱਤੀ ਗਈ ਕੇਵਲ ਮਾਮੂਲੀ ਗੱਲਾਂ ਹੀ ਪ੍ਰਕਾਸ਼ਿਤ ਕਰਨ ਦੀ ਇਜ਼ਾਜ਼ਤ ਮਿਲੀ।

ਸ. ਕਰਮ ਸਿੰਘ ਨੇ ਸੀਮਤ ਸੋਮਿਆਂ ਤੋਂ ਸਹਾਇਤਾ ਲੈ ਕੇ ਜੋ ਕੁਝ ਲੱਭਿਆ ਹੈ, ਉਸ ਨੂੰ ਜਨਮ ਅਵਸਥਾ ਤੋਂ ਲੈ ਕੇ ਅੰਤ ਸਮੇਂ ਤਕ, 18 ਕਾਂਡਾਂ ਵਿਚ ਵੰਡਿਆ ਹੈ; ਜਨਮ ਤੇ ਬਾਲ ਅਵਸਥਾ, ਵਿਦਯਾ ਪ੍ਰਾਪਤੀ ਲਈ ਯਤਨ, ਕੰਨਯਾ ਪਾਠਸ਼ਾਲਾ ਦਾ ਖੁਲਣਾ, ਅਧਯਾਪਕਾ ਦਾ ਇਮਤਿਹਾਨ, ਆਨੰਦ ਸਮਾਚਾਰ, ਇਸਤ੍ਰੀ ਵਿਦਿਆ ਦੀ ਸਲਾਹ, ਸਭਾ ਨਾਲੋਂ ਅੱਡ ਹੋਣਾ, ਨਵੀਂ ਜ਼ਿੰਦਗੀ, ਸਭਾ ਦਾ ਰੜਖੇੜਾ, ਬੀਬੀਆਂ ਦੇ ਬੋਰਡਿੰਗ ਹਾਊਸ ਦਾ ਖੁਲ੍ਹਣਾ, ਅੰਤਮ ਖੁਸ਼ੀ, ਦੁੱਖ ਦਾ ਆਰੰਭ, ਇਕ ਹੋਰ ਸੱਟ, ਇਮਟਿਮਾ ਹੱਟ, ਵਿਛੋੜਾ, ਪੰਥ ਪਰ ਅਸਰ, ਬੀਬੀ ਜੀ ਦਾ ਕੈਰੇਕਟਰ ਅਤੇ ਅੰਤਕਾ।

ਕਿਉਂਕਿ ਪੁਸਤਕ ਦੇ ਪਹਿਲੇ 46 ਪੰਨੇ ਹੀ ਸੁਲੱਭ ਹੋ ਸਕੇ ਹਨ ਇਸ ਲਈ ਲੇਖਕ ਦੀ ਕੀਤੀ ਸਾਰੀ ਮਿਹਨਤ ਦਾ ਅਨੁਮਾਨ ਤਾਂ ਨਹੀਂ ਲਾਇਆ ਜਾ ਸਕਦਾ, ਫਿਰ ਵੀ ਜੋ ਤਸਵੀਰ, ਬੀਬੀ ਜੀ ਦਾ ਜੀਵਨ ਪੜ੍ਹ ਕੇ ਉਭਰਦੀ ਹੈ, ਉਹ ਇਸ ਪ੍ਰਕਾਰ ਹੈ।

ਫੀਰੋਜ਼ਪੁਰ ਸ਼ਹਿਰ ਵਿਚ, ਰਾਮਦਾਸ ਜੀ ਉਦਾਸੀ ਆਪਣੇ ਡੇਰੇ ਵਿਚ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਂਦੇ ਹੁੰਦੇ ਸਨ। ਉਥੇ ਹੀ ਭਗਵਾਨ ਦਾਸ ਨਾਂ ਦਾ ਇਕ ਸ਼ਿਸ਼ ਆਇਆ। ਉਸੇ ਵਿਦਿਆਲੇ ਵਿਚ ਰਾਮ ਦੇਈ ਨਾਂ ਦੀ ਇਕ ਵਿਦਿਆਰਥਣ ਵੀ ਪੜ੍ਹਦੀ ਸੀ। ਉਨ੍ਹਾਂ ਦਾ ਵਿਆਹ ਹੋਇਆ ਅਤੇ 10 ਅਪ੍ਰੈਲ, 1882 ਈ. ਨੂੰ ਜੀਉਣੀ (ਜੋ ਮਗਰੋਂ ਵਿਆਹ ਸਮੇਂ ਅੰਮ੍ਰਿਤ ਛਕ ਕੇ ਹਰਨਾਮ ਕੌਰ ਬਣੀ) ਦਾ ਜਨਮ ਹੋਇਆ। ਜੀਉਣੀ ਨੂੰ ਬਚਪਨ ਵਿਚ ਖਿਡੌਣਿਆਂ ਨਾਲ ਖੇਡਣ ਨਾਲੋਂ ਲਿਖਣ ਪੜ੍ਹਨ ਦਾ ਸ਼ੌਕ ਵਧੇਰੇ ਸੀ। ਪੰਜ ਸਾਲ ਦੀ ਉਮਰ ਵਿਚ ਉਸ ਨੇ ਗੁਰਮੁਖੀ ਪੜ੍ਹਨੀ ਸ਼ੁਰੂ ਕੀਤੀ ਤੇ ਆਪਣੀ ਅਲੌਕਿਕ ਬੁੱਧੀ ਅਤੇ ਸ਼ਬਦ-ਸ਼ਕਤੀ ਨਾਲ ਸਭ ਨੂੰ ਹੈਰਾਨ ਕਰ ਦਿੱਤਾ। ਵਿਦਿਆ ਦਾ ਸ਼ੌਕ ਵੇਖ ਕੇ ਉਸ ਨੂੰ ਆਰੀਆ ਕੰਨਿਆ ਪਾਠਸ਼ਾਲਾ ਵਿਚ ਪਾਇਆ ਗਿਆ। ਛੇ ਕੁ ਮਹੀਨੇ ਉਥੇ ਪੜ੍ਹਾਈ ਕਰਨ ਮਗਰੋਂ ਉਸ ਨੂੰ ਭਾਈ ਦਲਾ ਸਿੰਘ ਦੋਧਰ ਵਾਲਿਆਂ ਦੇ ਡੇਰੇ ਭੇਜਿਆ ਗਿਆ।

ਉਦੋਂ ਉਸ ਦੀ ਉਮਰ ਸਾਢੇ ਨੌਂ ਸਾਲ ਦੀ ਸੀ। ਉਥੋਂ ਵਾਪਸ ਆ ਕੇ ਉਸ ਨੇ ਕੁਝ ਦਿਨ ਲਈ ਫੀਰੋਜ਼ਪੁਰ ਵਿਚ ਹੀ ਮੁੰਡਿਆਂ ਵਾਲੇ ਸਕੂਲ ਵਿਚ ਵਿਦਿਆ ਪ੍ਰਾਪਤ ਕੀਤੀ। ਇਥੇ ਦਾਖਲ ਹੋਣ ਤੋਂ ਕੁਝ ਦਿਨ ਮਗਰੋਂ ਹੀ ਸਿੰਘ ਸਭਾ ਵੱਲੋਂ ਕੰਨਿਆ ਪਾਠਸ਼ਾਲਾ ਖੋਲ੍ਹੀ

Digitized by Panjab Digital Library | www.panjabdigilib.org

ਤੇ ਜੀਉਣੀ ਉਸ ਵਿਚ ਅਧਿਆਪਕਾ ਨਿਯੁਕਤ ਹੋ ਗਈ।

ਬੀਬੀ ਜੀਉਣੀ ਦਾ ਪਰਿਵਾਰਕ ਪਿਛੋਕੜ ਬਿਆਨ ਕਰਨ ਮਗਰੋਂ ਲੇਖਕ ਨੇ ਭਾਈ ਤਖਤ ਸਿੰਘ ਦਾ ਪਿਛੋਕੜ ਵੀ ਦੱਸਿਆ ਹੈ। ਭਾਈ ਤਖਤ ਸਿੰਘ, ਸ. ਦੇਵਾ ਸਿੰਘ ਦੇ ਵੱਡੇ ਸਪੁੱਤਰ ਸਨ ਅਤੇ ਲਾਹੌਰ ਓਰੀਐਂਟਲ ਕਾਲਿਜ ਵਿਚ ਵਿਦਿਆ ਪ੍ਰਾਪਤ ਕਰਨ ਮਗਰੋਂ ਉਨ੍ਹਾਂ ਨੇ ਫੀਰੋਜ਼ਪੁਰ ਆ ਕੇ ਮੁੰਡਿਆਂ ਦਾ ਸਕੂਲ ਖੁੱਲ੍ਹਵਾ ਦਿੱਤਾ। ਕਿਉਂਕਿ ਉਨ੍ਹਾਂ ਦੇ ਦਿਲ ਵਿਚ ਪੰਥ ਸੇਵਾ ਦਾ ਅਥਾਹ ਜਜ਼ਬਾ ਸੀ, ਇਸ ਲਈ ਉਨ੍ਹਾਂ ਨੇ ਕੰਨਿਆ ਪਾਠਸ਼ਾਲਾ ਦੀ ਲੋੜ ਮਹਿਸੂਸ ਕੀਤੀ। ਇਹਨੀਂ ਦਿਨੀ ਜੀਉਣੀ ਭਾਈ ਸਾਹਿਬ ਦੀ ਸ਼ਾਗਿਰਦ ਵੀ ਸੀ। ਸਿੰਘ ਸਭਾ ਦੇ ਮੈਂਬਰਾਂ ਨੇ ਦੋਹਾਂ ਦੀ ਦਿਲਚਸਪੀ ਵੇਖ ਕੇ ਪੰਥਕ ਹਿਤਾਂ ਵਿਚ, ਦੋਹਾਂ ਦਾ ਵਿਆਹ ਕਰਵਾਉਣ ਦਾ ਨਿਸਚਾ ਕੀਤਾ। ਨਵੰਬਰ 1892 ਈ. ਵਿਚ ਪਾਠਸ਼ਾਲਾ ਖੋਹਲੀ ਗਈ। ਪਾਠਸ਼ਾਲਾ ਵਿਚ ਬੱਚਿਆਂ ਦੀ ਵਧਦੀ ਗਿਣਤੀ ਵੇਖ ਕੇ ਕੁਝ ਦੋਖੀਆਂ ਨੇ ਇਤਰਾਜ਼ ਕੀਤਾ ਕਿ ਇੰਨੀ ਛੋਟੀ ਉਮਰ ਦੀ ਅਧਿਆਪਕਾ ਬੱਚਿਆਂ ਨੂੰ ਕੀ ਪੜ੍ਹਾ ਸਕਦੀ ਹੈ। ਸੋ ਇਹ ਫੈਸਲਾ ਕੀਤਾ ਗਿਆ ਕਿ ਅਧਿਆਪਕਾ ਦਾ ਇਮਤਿਹਾਨ ਲਿਆ ਜਾਵੇ, ਇਮਤਿਹਾਨ ਹੋਇਆ ਤੇ ਜੀਉਣੀ ਹਰ ਸਵਾਲ ਦਾ ਜਵਾਬ ਪੂਰੇ ਸਵੈ-ਵਿਸ਼ਵਾਸ ਨਾਲ ਦੇਂਦੀ ਰਹੀ।

11 ਅਕਤੂਬਰ, 1893 ਈ. ਨੂੰ ਉਸ ਦੀ ਭਾਈ ਤਖਤ ਸਿੰਘ ਨਾਲ ਮੰਗਣੀ ਹੋਈ ਤੇ 8 ਮਈ, 1894 ਈ. ਨੂੰ ਦੋਹਾਂ ਦਾ ਵਿਆਹ ਹੋ ਗਿਆ। ਉਸ ਸਮੇਂ ਉਸ ਦਾ ਨਾਂ ਹਰਨਾਮ ਕੌਰ ਰੱਖਿਆ ਗਿਆ। ਪਤੀ ਪਤਨੀ ਦੋਹਾਂ ਦੇ ਜੀਵਨ ਦਾ ਨਿਸ਼ਾਨਾ ਵਿਦਿਆ ਦਾ ਪ੍ਰਚਾਰ ਕਰਨਾ ਸੀ। ਦੋਹਾਂ ਨੇ ਪੂਰੀ ਲਗਨ ਨਾਲ ਕੰਮ ਕਰਨਾ ਸ਼ੁਰੂ ਕੀਤਾ। ਸ. ਕਰਮ ਸਿੰਘ ਦੇ ਸ਼ਬਦਾਂ ਵਿਚ :

> "ਉਹ (ਭਾਵ ਬੀਬੀ ਜੀ) ਆਪਣੀਆਂ ਭੈਣਾਂ ਦੀ ਹਾਲਤ ਵੇਖ ਕੇ ਬਹੁਤ ਅਫਸੋਸ ਕਰਦੇ ਅਤੇ ਦਿਨੇ ਰਾਤ ਇਨ੍ਹਾਂ ਸੋਚਾਂ ਵਿਚ ਅਤੇ ਯਤਨਾਂ ਵਿਚ ਰੈਂਹਦੇ ਕਿ ਕਿਵੇਂ ਅਗਯਾਤ ਭੈਣਾਂ ਦੇ ਮਨ ਵੀ ਵਿਦਯਾ ਦੀ ਪਾਹ ਲੈ ਕੇ ਕੁਰਬਾਨੀ ਦੇ ਸੱਚੇ ਰੰਗ ਵਿਚ ਰੰਗੇ ਜਾਣ। ਬਹੁਤ ਸਾਰੀ ਵਿਚਾਰ ਤੋਂ ਮਗਰੋਂ ਬੀਬੀ ਜੀ ਨੂੰ ਭੈਣਾਂ ਦੀ ਸੇਵਾ ਕਰਨ ਇਕ ਵਸੀਲਾ ਲੱਭਾ ਜਿਸ ਨਾਲ ਕਿ ਆਪ ਉਨ੍ਹਾਂ ਨੂੰ ਵਿਦਯਾ ਦਾਨ ਵੀ ਦੇ ਸਕਦੇ ਸਨ। ਸਕੂਲ ਤੋਂ ਤਾਂ ਕੇਵਲ ਸ਼ਹਿਰ ਹੀ ਲਾਭ ਉਠਾ ਸਕਦਾ ਸੀ, ਪਰ ਉਨ੍ਹਾਂ ਦੀ ਨਜ਼ਰ ਬਹੁਤ ਦੂਰ ਤਕ ਅੱਪੜੀ ਹੋਈ ਸੀ। ਉਨ੍ਹਾਂ ਦੇ ਦਿਲ ਵਿਚ ਉਮੰਗ ਇਹ ਸੀ ਕਿ ਸਾਰੇ ਪੰਥ ਦੀਆਂ ਭੈਣਾਂ ਦਾ ਸੁਧਾਰ ਹੋਵੇ। ਇਸ ਲਈ ਉਨ੍ਹਾਂ ਦਾ ਇਰਾਦਾ ਹੋਇਆ ਕਿ ਇਕ ਅਖਬਾਰ ਕਢਿਆ ਜਾਵੇ ਜਿਸ ਵਿਚ ਇਸਤ੍ਰੀ ਸਿਖਯਾ ਸੰਬੰਧੀ ਵੀ ਲੇਖ ਹੋਣ, ਮੁੱਲ ਥੋੜਾ ਅਤੇ ਪੰਜਾਬੀ ਸਰਲ ਹੋਵੇ, ਜਿਸ ਕਰਕੇ ਸਭ ਭੈਣਾਂ ਉਸ ਤੋਂ ਪੂਰਾ ਲਾਭ ਉਠਾ ਸਕਣ।"[15]

ਇਉਂ ਦੋਵੇਂ ਪਤੀ ਪਤਨੀ ਸਵੇਰੇ ਛੇ ਵਜੇ ਹੀ ਵਿਦਿਆ ਦਾਨ ਦੇ ਪਵਿੱਤਰ ਕਾਰਜ ਵਿਚ ਜੁਟ ਜਾਂਦੇ ਸਨ। ਦੁਪਹਿਰ ਤਕ ਸਕੂਲ ਵਿਚ ਰੁੱਝੇ ਰਹਿਣ ਮਗਰੋਂ ਭਾਈ ਸਾਹਿਬ ਤਾਂ

---

[15]ਬੀਬੀ ਹਰਨਾਮ ਕੌਰ, ਪੰਨਾ 39.

Digitized by Panjab Digital Library | www.panjabdigilib.org

ਘਰ ਚਲੇ ਜਾਂਦੇ ਸਨ ਅਤੇ ਬੀਬੀ ਜੀ ਸਭਾ ਦੇ ਇਕ ਮੈਂਬਰ ਦੇ ਘਰ ਉਸ ਦੀ ਪਤਨੀ ਨੂੰ ਪੜ੍ਹਾਉਣ ਲਈ ਚਲੇ ਜਾਂਦੇ। ਉਥੋਂ ਢਾਈ ਕੁ ਵਜੇ ਮੁੜਦੇ ਸਨ ਤਾਂ ਭਾਈ ਸਾਹਿਬ ਭੋਜਨ ਤਿਆਰ ਕਰ ਛੱਡਦੇ ਸਨ। ਇਉਂ ਦੁਪਹਿਰ ਦਾ ਖਾਣਾ ਤਿੰਨ ਕੁ ਵਜੇ ਮਿਲਦਾ ਹੁੰਦਾ ਸੀ।

ਬੀਬੀ ਹਰਨਾਮ ਕੌਮ ਜੀ ਜਦੋਂ ਇਸਤਰੀ ਵਿਦਿਆ ਦੇ ਵਾਧੇ ਲਈ ਸੋਚ ਵਿਚਾਰ ਤੇ ਅਮਲੀ ਕੰਮ ਕਰ ਰਹੇ ਸਨ, ਉਦੋਂ ਪੰਜਾਬ ਵਿਚ ਸਿੰਘ ਸਭਾਵਾਂ ਦਾ ਜ਼ੋਰ ਸੀ। ਪਰ ਇਨ੍ਹਾਂ ਸਭਾਵਾਂ ਦੇ ਮੈਂਬਰ ਕਈ ਵਾਰ ਨਿੱਜੀ ਝਗੜਿਆਂ ਨੂੰ ਸਾਹਮਣੇ ਰਖ ਕੇ ਦੂਜੇ ਮੈਂਬਰਾਂ ਦੀ ਕੀਤੀ ਸੇਵਾ ਦਾ ਮੁੱਲ ਪਾਉਂਦੇ ਸਨ। ਇਹ ਗੱਲ ਸਾਡੀ ਕੌਮੀ ਉੱਨਤੀ ਦੇ ਰਾਹ ਵਿਚ ਰੁਕਾਵਟ ਬਣੀ ਰਹੀ ਹੈ। ਬੀਬੀ ਜੀ ਦਾ ਜੀਵਨ ਲਿਖਦਿਆਂ, ਲੇਖਕ ਨੇ ਇਸ ਗੱਲ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਅਤੇ ਲਿਖਿਆ ਹੈ :

> "ਇਨਸਾਨੀ ਕਮਜ਼ੋਰੀਆਂ ਯਾ ਸੁਭਾਵਕ ਭੁੱਲਾਂ ਦੀ ਛੋਟ ਕੋਈ ਨਹੀਂ ਦੇਂਦਾ। ਨੁਕਤਾਚੀਨੀ ਐਸੀ ਸਖਤ ਕੀਤੀ ਜਾਂਦੀ ਹੈ ਕਿ ਦੋਖਦ੍ਰਿਸ਼ਟੀ ਅਤੇ ਨੁਕਤਾਚੀਨੀ ਵਿਚ ਵਾਲ ਭਰ ਦੀ ਵਿੱਥ ਨਹੀਂ ਰੈਂਹਦੀ। ਇਹ ਕੋਈ ਨਹੀਂ ਮੰਨਦਾ ਕਿ ਅਭੁੱਲ ਗੁਰੂ ਕਰਤਾਰ ਹੀ ਹੈ। ਬਲਕਿ ਇਹ ਕਹਿਆ ਜਾਂਦਾ ਹੈ ਕਿ ਜੋ ਕੰਮ ਸੌਂਪਿਆ ਗਿਆ ਸੀ, ਉਸ ਵਿਚ ਊਣ ਕਿਉਂ ਰਹੀ। ਬਹੁਤ ਆਦਮੀ ਕੰਮ ਦੇ ਸਿੱਟੇ ਵਲ ਹੀ ਖਿਆਲ ਰਖਦੇ ਹਨ। ਜੇ ਸਿੱਟਾ ਚੰਗਾ ਹੋਵੇ ਤਾਂ ਸ਼ਲਾਘਾ ਕੀਤੀ। ਪਰ ਜੇ ਕਰ ਐਸਾ ਨਹੀਂ ਤਦ ਸੇਵਕ ਹਰ ਇਕ ਦੋਖ ਦਾ ਭਾਗੀ ਬਣਾ ਦਿਤਾ ਜਾਂਦਾ ਹੈ। ਇਹ ਨਹੀਂ ਵਿਚਾਰਿਆ ਕਿ ਉਸ ਪਾਸ ਕੰਮ ਨੂੰ ਸਿਰੇ ਚੜ੍ਹਾਉਣ ਦੇ ਕੀ ਸਾਮਾਨ ਸਨ। ਉਹ ਸਾਮਾਨ ਕਿਸ ਤਰ੍ਹਾਂ ਵਰਤੇ ਗਏ ਅਤੇ ਉਸ ਵਰਤਣ ਵਿਚ ਸਮੇਂ ਨੇ ਕੀ ਅਸਰ ਕੀਤਾ।"[16]

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਵਿਚ ਇਤਿਹਾਸਿਕ ਪੱਖੋਂ ਪ੍ਰਮਾਣਿਕ ਜੀਵਨੀ ਲਿਖਣ ਵਿਚ ਪਹਿਲ ਕਰਨ ਦੇ ਪੱਖੋਂ ਇਹ ਪੁਸਤਕ ਮਹੱਤਵਪੂਰਨ ਹੈ। ਪਰ ਅਧੂਰੇ ਰੂਪ ਵਿਚ ਪ੍ਰਾਪਤ ਹੋਣ ਕਾਰਨ ਜਿਥੇ ਇਸ ਦੇ ਸਾਰੇ ਪੱਖਾਂ ਬਾਰੇ ਕੁਝ ਨਹੀਂ ਆਖਿਆ ਜਾ ਸਕਦਾ, ਉਥੇ ਸਾਡੇ ਕੌਮੀ ਚਰਿੱਤਰ ਬਾਰੇ ਦੋ ਗੱਲਾਂ ਜ਼ਰੂਰ ਸਪਸ਼ਟ ਹੁੰਦੀਆਂ ਹਨ। ਪਹਿਲੀ ਤਾਂ ਇਹ ਕਿ ਅਸੀਂ ਆਮ ਤੌਰ ਤੇ ਅਜੇ ਪੁਸਤਕਾਂ ਨੂੰ ਪੜ੍ਹਨ, ਵਾਚਣ ਤੇ ਸੰਭਾਲਣ ਦੇ ਆਦੀ ਨਹੀਂ ਹੋਏ ਅਤੇ ਦੂਜੀ ਇਹ ਹੈ ਕਿ ਜੇ ਇਕੇ ਦੁੱਕੇ ਵਿਦਵਾਨ ਇਹੋ ਜਿਹੀਆਂ ਅਣਮੋਲ ਕਿਰਤਾਂ ਨੂੰ ਨਿੱਜੀ ਪੁਸਤਕਾਲਿਆਂ ਵਿਚ ਸੰਭਾਲ ਕੇ ਨਾ ਰੱਖਦੇ ਅਤੇ ਉਨ੍ਹਾਂ ਦੇ ਵਾਰਿਸ ਇਨ੍ਹਾਂ ਕਿਰਤਾਂ ਦੇ ਮਹੱਤਵ ਨੂੰ ਸਮਝਦੇ ਹੋਏ ਇਨ੍ਹਾਂ ਨੂੰ ਖੋਜੀਆਂ ਦੀ ਪੜਤਾਲ ਲਈ ਯੂਨੀਵਰਸਿਟੀਆਂ ਨੂੰ ਨਾ ਸੌਂਪ ਦੇਂਦੇ ਤਾਂ ਜੋ ਕੁਝ ਲਿਖਿਆ ਜਾ ਸਕਿਆ ਹੈ, ਉਹ ਵੀ ਸੰਭਵ ਨਾ ਹੋ ਸਕਦਾ।

3. ਜੀਵਨ ਬੀਬੀ ਸਦਾ ਕੌਰ ਜੀ

ਇਸ ਪੁਸਤਕ ਦੇ ਲਿਖੇ ਜਾਣ ਦਾ ਮੰਤਵ ਇਹ ਹੈ ਕਿ ਯੋਗ ਪੁਰਸ਼ਾਂ, ਵਿਸ਼ੇਸ਼ ਕਰਕੇ

---

[16]ਜੀਵਨੀ ਬੀਬੀ ਹਰਨਾਮ ਕੌਰ, ਪੰਨਾ 43-44.

Digitized by Panjab Digital Library | www.panjabdigilib.org

ਇਸਤਰੀਆਂ ਦੇ ਜੀਵਨ ਸਮਾਚਾਰ ਆਮ ਲੋਕਾਂ ਤਕ ਪੁਚਾਏ ਜਾਣ ਤਾ ਕਿ ਉਨ੍ਹਾਂ ਦੇ ਕੌਮੀ ਸੇਵਾ ਬਾਰੇ ਕੀਤੇ ਕੰਮ ਤੇ ਨਿਜੀ ਜੀਵਨ ਲਈ ਕੀਤਾ ਸੰਘਰਸ਼ ਪ੍ਰੇਰਨਾ ਦਾ ਸੋਮਾ ਬਣ ਸਕੇ। ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ ਸਾਡੇ ਦੇਸ਼ ਵਿਚ ਜੀਵਨੀ ਲਿਖਣ ਦਾ ਕੋਈ ਰਿਵਾਜ ਜਾਂ ਪਰੰਪਰਾ ਨਹੀਂ ਰਹੀ ਹੈ, ਇਸ ਕਰਕੇ ਅਨੇਕਾਂ ਪ੍ਰਬੀਨ ਜ਼ਿੰਦਗੀਆਂ ਦੇ ਕਾਰਨਾਮੇ ਸਮੇਂ ਦੀ ਕਾਲੀ ਚਾਦਰ ਹੇਠ ਲੁਕ ਜਾਂਦੇ ਹਨ। ਲੇਖਕ ਨੂੰ ਇਹ ਵੇਖ ਕੇ ਖੁਸ਼ੀ ਹੋਈ ਕਿ ਹੁਣ ਪੰਥ ਵਿਚ ਇਸ ਸੰਬੰਧੀ ਲੋੜੀਂਦੀ ਜਾਗ੍ਰਤੀ ਆ ਰਹੀ ਹੈ ਅਤੇ ਇਸਤਰੀਆਂ ਦੇ ਮਹੱਤਵ ਨੂੰ ਸਮਝਣ ਦਾ ਜਤਨ ਹੋ ਰਿਹਾ ਹੈ। ਕਰਮ ਸਿੰਘ ਦਾ ਵਿਚਾਰ ਹੈ ਕਿ ਦੇਸ਼ਾਂ ਦੀ ਉੱਨਤੀ ਜਾਂ ਪਿਛੜਿਆਪਣ ਇਸਤਰੀਆਂ ਦੀ ਉੱਨਤੀ ਨਾਲ ਹੀ ਸੰਬੰਧਿਤ ਹੁੰਦਾ ਹੈ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ :

> "ਦੇਸ਼ਾਂ ਦੀ ਅਧੋਗਤੀ ਤੇ ਉਨਤੀ ਇਸਤਰੀਆਂ ਦੇ ਸਿਰ ਹੁੰਦੀ ਹੈ। ਜਿਸ ਦੇਸ ਵਿਚ ਇਸਤ੍ਰੀਆਂ ਦੀ ਪੱਤ ਨਹੀਂ ਹੁੰਦੀ, ਉਹ ਦੇਸ਼ ਗਿਰ ਜਾਂਦਾ ਹੈ। ਸਾਡੇ ਦੇਸ ਦੇ ਉਨਯਤ ਕਰਨੇ ਲਈ ਏ ਅਤ ਜ਼ਰੂਰੀ ਹੈ ਕਿ ਇਸਤ੍ਰੀਆਂ ਨੂੰ ਉਚਾ ਕੀਤਾ ਜਾਵੇ, ਵਿਦਿਆ ਬਖਸ਼ੀ ਜਾਵੇ ਤੇ ਸਤਕਾਰ ਵਧਾਯਾ ਜਾਵੇ। ਇਸਤ੍ਰੀ ਘਰ ਦੀ, ਸੱਥ ਦੀ ਤੇ ਦੇਸ਼ ਦੀ ਦੇਵੀ ਹੈ ਜਿਸ ਦੇ ਪ੍ਰਕਾਸ਼ ਨਾਲ ਉਜਾਲਾ ਤੇ ਉਦਾਸੀ ਨਾਲ ਹਨੇਰਾ ਛਾ ਜਾਂਦਾ ਹੈ।"[17]

ਭਾਵੇ ਸਦਾ ਕੌਰ ਇਕ ਸਾਧਾਰਣ, ਘਰ ਬਾਰਨ ਇਸਤ੍ਰੀ ਸੀ, ਪਰ ਆਪਣੇ ਪਤੀ ਪ੍ਰੇਮ, ਆਪਸੀ ਸਤਿਕਾਰ, ਨਿਮ੍ਰਤਾ ਤੇ ਸਹਿਣ ਸ਼ੀਲਤਾ ਕਰਕੇ ਉਸ ਦੇ ਸਾਧਾਰਣ ਦਿਸਦੇ ਜੀਵਨ ਵਿੱਚੋਂ ਵੀ, ਲੇਖਕ ਅਨੁਸਾਰ, ਆਮ ਇਸਤ੍ਰੀਆਂ ਲਈ ਅਨੇਕਾਂ ਸਿੱਖਿਆਵਾਂ ਮਿਲ ਸਕਦੀਆਂ ਹਨ। ਓਪਰੀ ਨਜ਼ਰੇ ਵੇਖਿਆ ਤਾਂ ਇਹ ਵੀ ਜਾਪਦਾ ਹੈ ਕਿ ਕਰਮ ਸਿੰਘ ਪਤੀ ਪਤਨੀ ਦੇ ਆਪਸੀ ਸੰਬੰਧਾਂ ਬਾਰੇ ਜਗੀਰਦਾਰੀ ਜੁਗ ਦੇ ਵਿਚਾਰਾਂ ਦੇ ਹੀ ਕਾਇਲ ਹਨ ਅਤੇ ਪਾਠਕ ਨੂੰ ਵੀ ਉਸੇ ਲੀਹ ਤੇ ਤੋਰਨਾ ਚਾਹੁੰਦੇ ਹਨ। ਮਿਸਾਲ ਵਜੋਂ ਉਹ ਇਕ ਥਾਂ ਤੇ ਲਿਖਦੇ ਹਨ :

> "ਜੈਸੇ ਕੋਈ ਗੁਣਵਾਨ ਇਸਤ੍ਰੀ ਗਰੀਬ ਹੋ ਸਕਦੀ ਹੈ, ਉਸ ਲਈ ਖੂਹ ਤੋਂ ਆਪ ਪਾਣੀ ਖਿਚ ਕੇ ਪਤੀ ਨੂੰ ਇਸ਼ਨਾਨ ਕਰਾਉਣਾ ਹੀ ਫਖਰ ਦੀ ਗੱਲ ਹੈ, ਪਰ ਇਕ ਅਮੀਰ ਇਸਤ੍ਰੀ ਹੈ, ਉਸ ਲਈ ਕੇਵਲ ਇਸ਼ਨਾਨ ਦੇ ਸਮਾਨ ਨੂੰ ਆਪਣੀ ਨਿਗਰਾਨੀ ਹੇਠ ਤਯਾਰ ਕਰਵਾਨਾ ਵੈਸੀ ਹੀ ਫਖਰ ਦੀ ਬਾਤ ਹੈ"।[18]

ਇਸ ਤਰ੍ਹਾਂ ਇਕ ਥਾਂ ਪਤਨੀ ਨੂੰ ਉਪਦੇਸ਼ ਦਿੱਤਾ ਹੈ ਕਿ ਪਤੀ ਨੂੰ ਪਰਮੇਸ਼ਰ ਸਮਝੋ :

> "..... ਪਰਾਣਪਤੀ ਧਾਗਿਆਂ ਨਾਲ ਵੱਸ ਹੁੰਦੇ। ਉਨ੍ਹਾਂ ਦੇ ਵੱਸ ਕਰਨ ਲਈ ਨਿੰਮ੍ਰਤਾ ਤੇ ਪਰੇਮ ਦਾ ਟੂਣਾ ਲੋੜੀਂਦਾ ਹੈ। ਇਸਤ੍ਰੀ ਸਮਝੇ ਕਿ ਮੇਰਾ ਪਰਮੇਸ਼ਵਰ ਮੇਰਾ ਪਤੀ ਹੀ ਹੈ, ਉਸ ਪਾਸੋਂ ਹੀ ਮੇਰਾ ਉਧਾਰ ਅਤੇ ਉਸ

---

[17]ਜੀਵਨ ਬੀਬੀ ਸਦਾ ਕੌਰ, ਪੰਨਾ 5.
[18]ਉਹੀ, ਪੰਨਾ 5.

Digitized by Panjab Digital Library | www.panjabdigilib.org

ਪਾਸੋਂ ਹੀ ਮੇਰੀ ਮੁਕਤੀ ਹੋਣੀ ਹੈ, ਉਸ ਨੂੰ ਖੁਸ਼ ਕਰਨਾ ਮੇਰਾ ਧਰਮ ਅਤੇ ਉਸ ਨਾਲ ਪ੍ਰੇਮ ਕਰਨਾ ਮੇਰਾ ਫ਼ਰਜ਼ ਹੈ।"[19]

ਪਰ ਉਪਰੋਕਤ ਕਿਸਮ ਦੇ ਵਿਚਾਰ ਇਕ ਦੋ ਥਾਈਂ ਹੀ ਵੇਖਣ ਵਿਚ ਆਏ ਹਨ। ਉਂਜ ਉਕਤ ਟੂਕ ਵਿਚ ਹੀ ਧਾਗਿਆਂ, ਟੂਣਿਆਂ ਤੇ ਵਹਿਮਾਂ, ਭਰਮਾਂ ਦਾ ਖੰਡਨ ਕਰਮ ਸਿੰਘ ਦੀ ਅਗਾਂਹਵਧੂ ਬਿਰਤੀ ਨੂੰ ਹੀ ਸਪਸ਼ਟ ਕਰਦਾ ਹੈ। ਉਸ ਸਮੇਂ ਬਾਲ ਵਿਆਹ ਦਾ ਰਿਵਾਜ ਆਮ ਸੀ ਤੇ ਲੇਖਕ ਨੇ ਇਸ ਕੁਰੀਤੀ ਦੇ ਵਿਰੁਧ ਜ਼ੋਰਦਾਰ ਆਵਾਜ਼ ਉਠਾਈ ਹੈ। ਕਿਉਂਕਿ ਵਿਆਹੁਤ ਜੀਵਨ ਸੰਬੰਧੀ ਫਰਜ਼ਾਂ ਨੂੰ ਪੂਰਾ ਕਰਨ ਲਈ, ਬਾਲਪਨ ਵਿਚ ਨਾ ਲੋੜੀਂਦੀ ਅਕਲ ਹੁੰਦੀ ਹੈ ਨਾ ਧੀਰਜ, ਨਾ ਇਕ ਦੂਜੇ ਨੂੰ ਸਮਝਣ ਦੀ ਸਮਰਥਾ ਹੁੰਦੀ ਹੈ ਨਾ ਲੋੜ ਅਨੁਸਾਰ ਆਪਣਾ ਪੱਖ ਛੱਡ ਦੇਣ ਦੀ ਸੂਝ। ਇਸ ਲਈ ਵਿਆਹ ਦੀ ਪਵਿੱਤਰਤਾ ਤੇ ਜ਼ਿੰਮੇਂਵਾਰੀ ਨੂੰ ਕਾਇਮ ਰੱਖਣ ਲਈ ਲੇਖਕ ਨੇ ਇਹ ਸੁਝਾ ਦਿੱਤਾ ਹੈ ਕਿ ਵਿਆਹ, ਯੋਗ ਉਮਰ ਵਿਚ ਹੀ ਕੀਤਾ ਜਾਵੇ। ਉਸ ਦੇ ਆਪਣੇ ਸ਼ਬਦਾਂ ਵਿਚ :

"ਜਿਉਂ ਜਿਉਂ ਵਿਦਯਾ ਦਾ ਪ੍ਰਚਾਰ ਇਸ ਦੇਸ਼ ਵਿਚ ਹੁੰਦਾ ਜਾਂਦਾ ਹੈ ਇਹ ਬੁਰੀ ਰਸਮ ਵੀ ਦਿਨੋਂ ਦਿਨ ਘਟਦੀ ਜਾਂਦੀ ਹੈ। ਸਿਆਣੇ ਆਦਮੀ ਇਸ ਗੱਲ ਨੂੰ ਸਮਝ ਗਏ ਹਨ ਕਿ ਆਵੀ ਚੜ੍ਹਨ ਤੋਂ ਪਹਿਲਾਂ ਹੀ ਇਕ ਕੱਚੇ ਭਾਂਡੇ ਉਤੇ ਉਂਗਲ ਰੱਖਣ ਨਾਲੋਂ ਪੱਕੀ ਆਵੀ ਵਿਚੋਂ ਟੁਣਕਾ ਕੇ ਭਾਂਡਾ ਲੈਣ ਦੇ ਅਨੇਕ ਲਾਭ ਹੁੰਦੇ ਹਨ। ਅਤੇ ਆਪਣੇ ਜਿਗਰ ਦੇ ਟੁਕੜੇ ਨੂੰ ਜਿਸ ਦੀ ਕੰਡੇ ਦੀ ਪੀੜ ਸਹਾਰੀ ਨਹੀਂ ਜਾ ਸਕਦੀ, ਭੇਡਾ ਚਾਲ ਅਤੇ ਬੁਰੀ ਰਸਮ ਦੇ ਮਗਰ ਲਗ ਕੇ ਸਦਾ ਦੁਖ ਵਿਚ ਸੁੱਟ ਦੇਣਾ ਬੁਧ ਮਤ ਅਤੇ ਅਕਲ ਦਾ ਕੰਮ ਨਹੀਂ।[20]

ਇਸ ਪੁਸਤਕ ਨੂੰ 9 ਭਾਗਾਂ ਵਿਚ ਵੰਡਿਆ ਹੋਇਆ ਹੈ। ਪਹਿਲੇ ਭਾਗ ਦਾ ਕੋਈ ਸਿਰਲੇਖ ਨਹੀਂ ਹੈ। ਇਸ ਵਿਚ ਸਾਢੇ ਦਸ ਸਾਲ ਤਕ ਦੀ ਉਮਰ ਦਾ ਵਰਨਣ ਹੈ। ਜਨਮ ਵਿਦਿਆ, ਆਦਤਾਂ, ਸੁਭਾ ਆਦਿ ਇਸ ਭਾਗ ਦਾ ਵਿਸ਼ਾ ਹਨ।

ਦੂਜੇ ਕਾਂਡ ਵਿਚ ਵਿਆਹ ਦੇ ਸਮੇਂ ਦਾ ਵਰਣਨ ਮਿਲਦਾ ਹੈ। ਇਸ ਕਾਂਡ ਵਿਚ ਬਾਲ ਵਿਆਹ ਬਾਰੇ ਵੀ ਵਿਚਾਰ ਪ੍ਰਗਟਾਏ ਗਏ ਹਨ। ਇੰਜ ਇਹ ਕਾਂਡ ਇਕ ਆਜ਼ਾਦ ਨਿਬੰਧ ਦੀ ਹਸਤੀ ਰਖਦਾ ਵੀ ਪ੍ਰਤੀਤ ਹੁੰਦਾ ਹੈ। ਤੀਜੇ ਕਾਂਡ ਵਿਚ 'ਨਵੀਂ ਜ਼ਿੰਦਗੀ' ਸਿਰਲੇਖ ਹੇਠ ਪਤੀ ਪਤਨੀ ਦੇ ਆਪਸੀ ਸੰਬੰਧਾਂ ਦਾ ਬਿਆਨ ਮਿਲਦਾ ਹੈ। ਵਿਆਹ ਤੋਂ ਤੀਜੇ ਦਿਨ, ਪਹਿਲੇ ਮੇਲ ਸਮੇਂ ਪਤਨੀ ਨੇ ਪਤੀ ਦੇ ਪੈਰੀਂ ਪੈ ਕੇ ਨਿਮਰਤਾ ਦਾ ਸਬੂਤ ਦਿੱਤਾ। ਇਸ ਘਟਨਾ ਨੇ ਜਿਥੇ ਪਤੀ ਦੇ ਦਿਲ ਤੇ ਅਸਰ ਕੀਤਾ, ਉਥੇ ਕਰਮ ਸਿੰਘ ਨੇ ਵੀ ਇਸ ਨੂੰ ਬੜਾ ਸਲਾਹਿਆ ਹੈ।

ਇਸ ਤੋਂ ਛੇਤੀ ਹੀ ਮਗਰੋਂ ਸਦਾ ਕੌਰ ਬਿਮਾਰ ਹੋ ਗਈ। ਉਸ ਨੂੰ ਇਲਾਜ ਅਤੇ ਪੌਣ ਪਾਣੀ ਦੀ ਤਬਦੀਲੀ ਲਈ ਐਬਟਾਬਾਦ, ਰਾਵਲਪਿੰਡੀ, ਕੋਹਮਰੀ, ਅੰਮ੍ਰਿਤਸਰ, ਬੰਬਈ

---

[19]ਬੀਬੀ ਸਦਾ ਕੌਰ, ਪੰਨਾ 13.

[20]ਜੀਵਨ ਬੀਬੀ ਸਦਾ ਕੌਰ, ਪੰਨਾ 8-9.

Digitized by Panjab Digital Library | www.panjabdigilib.org

ਆਦਿ ਥਾਵਾਂ ਦੀ ਸੈਰ ਲਈ ਲਿਜਾਇਆ ਗਿਆ। ਇਨ੍ਹਾਂ ਗੱਲਾਂ ਦਾ ਵਰਣਨ ਅਗਲੇ ਕਾਂਡਾਂ ਵਿਚ ਕੀਤਾ ਗਿਆ ਹੈ। ਭਾਵੇਂ ਸਦਾ ਕੌਰ ਸਰੀਰਕ ਪੱਖੋਂ ਬਹੁਤ ਸਿਹਮੰਦ ਨਹੀਂ ਰਹੀ, ਪਰ ਉਸ ਨੇ ਕਦੀ ਆਪਣੀ ਬਿਮਾਰੀ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਤੇ ਨਾ ਹੀ ਆਪਣੀ ਸੇਵਾ ਦਾ ਭਾਰ ਹੋਰ ਕਿਸੇ ਤੇ ਪਾਇਆ। ਉਸ ਦਾ ਪਤੀ ਭਾਵੇਂ ਉਸ ਨੂੰ ਬਹੁਤ ਪਿਆਰ ਕਰਦਾ ਸੀ ਪਰ ਸਦਾ ਕੌਰ ਨੇ ਹਰ ਵੇਲੇ ਹਾਇ ਬੂ ਕਰ ਕੇ ਆਪਣੀ ਤਕਲੀਫ਼ ਨੂੰ ਇਉਂ ਪੇਸ਼ ਨਹੀਂ ਕੀਤਾ ਕਿ ਦੂਜੇ ਪ੍ਰੇਸ਼ਾਨ ਤੇ ਉਦਾਸ ਹੋ ਜਾਣ। ਆਪਣੇ ਪੇਕਿਆਂ ਵੱਲ ਜਦੋਂ ਵੀ ਬਿਮਾਰੀ ਦੀ ਚਿੱਠੀ ਲਿਖੀ, ਨਿਰਾਸਤਾ ਨਾਲੋਂ ਆਸ ਹੀ ਵਧੇਰੇ ਵਿਖਾਈ, ਕਦੀ ਉਦਾਸੀ ਦੀ ਝਲਕ ਨਹੀਂ ਆਉਣ ਦਿੱਤੀ। ਪਤੀ ਨੂੰ ਜਦ ਕਦੀ ਦੂਰੀ ਸਮੇਂ ਚਿੱਠੀ ਲਿਖੀ ਆਪਣੇ ਆਪ ਨੂੰ ਦਾਸੀ, ਮੂਰਖ ਗਵਾਰ ਤੇ ਕਸੂਰਵਾਰ ਹੀ ਲਿਖਦੀ ਰਹੀ।

ਸਦਾ ਕੌਰ ਨੂੰ ਗਹਿਣਿਆਂ ਦਾ ਸ਼ੌਕ ਨਹੀਂ ਸੀ। ਉਹ ਜਦ ਇਲਾਜ ਲਈ ਬੰਬਈ ਗਈ ਤਾਂ ਉਥੇ ਰਹਿੰਦਿਆਂ ਉਥੋਂ ਦਾ ਖੁੱਲ੍ਹਾ ਡੁੱਲ੍ਹਾ ਵਾਤਾਵਰਣ ਵੇਖ ਕੇ, ਆਪਣੇ ਪਿੰਡ ਦੀਆਂ ਇਸਤ੍ਰੀਆਂ ਦਾ ਖਿਆਲ ਆਉਂਦਾ ਸੀ, ਪਰ ਅਚਾਨਕ ਮੌਤ ਹੋ ਜਾਣ ਕਰਨ ਕੁਝ ਕਰ ਨਾ ਸਕੀ। ਸਦਾ ਕੌਰ ਦੇ ਗੁਣਾਂ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਪੁਸਤਕ ਦੇ ਅੰਤ ਵਿਚ ਕਰਮ ਸਿੰਘ ਨੇ ਲਿਖਿਆ ਹੈ :

> "ਜੇ ਕਰ ਸਦਾ ਕੌਰ ਜੀਉਂਦੀ ਰਹਿੰਦੀ ਤਦ ਇਸਤ੍ਰੀ ਸੁਧਾਰ ਦਾ ਉਸ ਨੇ ਬਹੁਤ ਸਾਰਾ ਕੰਮ ਕਰਨਾ ਸੀ। ਉਸ ਨੂੰ ਕੰਨਯਾ ਪਾਠਸ਼ਾਲਾ ਨਾਲ ਖਾਸ ਪਿਆਰ ਸੀ ਤੇ ਉਹ ਆਦਮੀਆਂ ਵਾਂਗ ਔਰਤਾਂ ਨੂੰ ਵੀ ਵਿਦਵਾਨ ਹੋਇਆ ਵੇਖਣਾ ਚਾਹੁੰਦੀ ਸੀ। ਉਸ ਦੀਆਂ ਸਭ ਉਮੈਦਾਂ ਉਸ ਦੇ ਨਾਲ ਹੀ ਗਈਆਂ ਅਤੇ ਪਿਛਲਿਆਂ ਦੇ ਪਾਸ ਕੇਵਲ ਹਸਰਤ ਹੀ ਰਹਿ ਗਈ। ਸਦਾ ਕੌਰ ਇਕ ਫੁੱਲ ਸੀ ਜੋ ਖਿੜਦੇ ਸਾਰ ਹੀ ਸਾਰੇ ਬਾਗ ਨੂੰ ਮਹਿਕਾ ਗਿਆ ਪਰ ਕੁਮਲਾ ਕੇ ਟੁਟ ਪੈਣ ਵਿਚ ਇਤਨੀ ਕਾਹਲੀ ਕੀਤੀ ਕਿ ਲਾਲਾ ਦਾ ਫੁੱਲ ਭੀ ਮਾਤ ਪੈ ਗਿਆ।"[21]

4. ਬਾਬਾ ਆਲਾ ਸਿੰਘ

ਪਟਿਆਲਾ ਰਿਆਸਤ ਦਾ ਸਟੇਟ ਹਿਸਟੋਰੀਅਨ ਰਹਿਣ ਸਮੇਂ ਸ. ਕਰਮ ਸਿੰਘ ਨੇ ਇਸ ਪੁਸਤਕ ਲਈ ਸਮਗਰੀ ਇਕੱਤਰ ਕੀਤੀ ਸੀ। ਇਸ ਦੀ ਭੂਮਿਕਾ ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਇਸ ਤੋਂ ਪਹਿਲਾਂ ਮਹਾਰਾਜਾ ਆਲਾ ਸਿੰਘ ਦਾ ਸਹੀ ਤੇ ਸੰਪੂਰਨ ਜੀਵਨ ਬਿਰਤਾਂਤ ਕਿਸੇ ਨੇ ਨਹੀਂ ਲਿਖਿਆ। ਮਹਾਰਾਜਾ ਸਾਹਿਬ ਦੇ ਜੀਵਨ ਸੰਬੰਧੀ ਭਰੋਸੇਯੋਗ ਸੂਚਨਾ ਇਕੱਤਰ ਕਰਨ ਲਈ ਦੋ ਚਾਰ ਮੋਟੀਆਂ ਮੋਟੀਆਂ ਗੱਲਾਂ ਦੀ ਜਾਣਕਾਰੀ ਹੀ ਕਾਫ਼ੀ ਨਹੀਂ, ਨਾ ਹੀ ਕੁਝ ਚੋਣਵੀਆਂ ਇਤਿਹਾਸਿਕ ਲਿਖਤਾਂ ਨੂੰ ਸਰਸਰੀ ਨਜ਼ਰ ਨਾਲ ਵੇਖ ਲੈਣਾ ਸਹਾਈ ਹੋ ਸਕਦਾ ਹੈ। ਲੇਖਕ ਅਨੁਸਾਰ ਸਹੀ ਤੇ ਸੰਪੂਰਨ ਜੀਵਨ ਬਿਰਤਾਂਤ ਲਿਖਣ ਲਈ ਇਹ ਜ਼ਰੂਰੀ ਹੈ ਕਿ ਮਹਾਰਾਜੇ ਦੇ ਗੁਆਂਢੀ ਰਾਜਾਂ ਬਾਰੇ ਪੂਰੀ ਪੂਰੀ ਵਾਕਫ਼ੀ ਪ੍ਰਾਪਤ ਕੀਤੀ ਜਾਵੇ। ਇਸ ਤੋਂ ਛੁਟ ਆਲਾ ਸਿੰਘ ਦਾ ਸੰਬਧ ਭਾਈਕਿਆਂ ਅਤੇ ਖਾਲਸਾ ਦਲ ਨਾਲ ਵੀ

---

[21]ਬੀਬੀ ਸਦਾ ਕੌਰ, ਪੰਨਾ 74.

Digitized by Panjab Digital Library | www.panjabdigilib.org

ਸੀ। ਇਨ੍ਹਾਂ ਦੀਆਂ ਮਾਰਾਂ ਵੀ ਸਾਂਝੀਆਂ ਸਨ ਤੇ ਨਿਸ਼ਾਨੇ ਵੀ। ਇਸ ਲਈ ਤਿੰਨਾਂ ਵਿੱਚੋਂ ਕਿਸੇ ਇਕ ਧਿਰ ਦੇ ਸਮਾਚਾਰ ਛੱਡ ਦੇਣ ਨਾਲ ਮਹਾਰਾਜੇ ਦੇ ਜੀਵਨ ਬਿਰਤਾਂਤ ਨਾਲ ਇਨਸਾਫ਼ ਨਹੀਂ ਕੀਤਾ ਜਾ ਸਕਦਾ।

ਸ. ਕਰਮ ਸਿੰਘ ਤੋਂ ਪਹਿਲਾਂ ਜਿਸ ਜਿਸ ਨੇ ਵੀ ਇਸ ਪਾਸੇ ਜਤਨ ਕੀਤਾ ਉਸ ਨੇ ਮਹਾਰਾਜੇ ਦੀ ਸਮਕਾਲੀ ਸਿੱਖ ਵਿਵਸਥਾ ਨੂੰ ਸਮਝਣ ਦਾ ਯਤਨ ਨਹੀਂ ਕੀਤਾ। ਕਿਉਂਕਿ ਮਹਾਰਾਜੇ ਦਾ ਪਾਲਣ ਪੋਸਣ ਸਿੱਖ ਖਿਆਲਾਂ ਅਨੁਸਾਰ ਹੋਇਆ ਸੀ, ਇਸ ਲਈ ਉਨ੍ਹਾਂ ਦੇ ਰਾਜਨੀਤਕ ਤੇ ਵਿਹਾਰਕ ਸੰਬੰਧ ਸਿੱਖਾਂ ਨਾਲ ਸਨ। ਇਸ ਲਈ ਇਹ ਪੱਖ ਵੀ ਜੀਵਨੀ ਲੇਖਕ ਲਈ ਮਹੱਤਵਪੂਰਨ ਹੈ।

ਸਭ ਤੋਂ ਵੱਡੀ ਗੱਲ ਜੋ ਕਰਮ ਸਿੰਘ, ਇਸ ਪੁਸਤਕ ਸੰਬੰਧੀ ਮਹਿਸੂਸ ਕਰਦੇ ਹਨ, ਉਹ ਇਹ ਹੈ ਕਿ ਸਿੱਖ ਭਾਵਾਂ ਨੂੰ ਸਮਝਣ ਤੋਂ ਬਿਨਾਂ ਸਿੱਖਾਂ ਦੇ ਕੰਮ ਨੂੰ ਕੋਈ ਕਿਵੇਂ ਸਮਝ ਸਕਦਾ ਹੈ। ਮਿਸਾਲ ਵਜੋਂ ਸਿੰਘਾਂ ਨੇ ਜਦੋਂ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣ ਦਾ ਫੈਸਲਾ ਕੀਤਾ ਤਾਂ ਉਨ੍ਹਾਂ ਦੇ ਮਨ ਵਿਚ ਸਰਹੰਦ ਦੀ ਦੌਲਤ ਦਾ ਲਾਲਚ ਨਹੀਂ ਸੀ। ਦੌਲਤ ਤਾਂ ਹੋਰ ਸ਼ਹਿਰਾਂ ਵਿਚ ਬਹੁਤ ਸੀ। ਉਨ੍ਹਾਂ ਨੂੰ ਸਰਹੰਦ ਉਤੇ ਕਬਜ਼ਾ ਕਰਨ ਦੀ ਇੱਛਾ ਵੀ ਨਹੀਂ ਸੀ। ਸ. ਕਰਮ ਸਿੰਘ ਦੇ ਸ਼ਬਦਾਂ ਵਿਚ :

> "ਉਨ੍ਹਾਂ ਅੰਦਰ ਅੱਗ ਬਲ ਉਠਦੀ ਸੀ, ਸਰੰਦ ਨੂੰ ਵੇਖ ਸੁਣ ਕੇ ਉਨ੍ਹਾਂ ਅੰਦਰ ਮਵਾਤੇ ਬਲ ਉਠਦੇ ਸਨ, ਭਾਂਬੜ ਬਲਉਠਦੇ ਸਨ। ਇਸ ਸੇਕ ਨੂੰ ਸਿੱਖਾਂ ਤੋਂ ਬਿਨਾਂ ਹੋਰ ਕੌਣ ਮਹਿਸੂਸ ਕਰ ਸਕਦਾ ਹੈ, ਇਹੋ ਕਾਰਨ ਹੈ ਕਿ ਸਿੱਖਾਂ ਤੋਂ ਬਿਨਾਂ ਜਿਸ ਕਿਸੇ ਨੇ ਸਿੱਖਾਂ ਦਾ ਇਤਿਹਾਸ ਲਿਖਿਆ ਹੈ ਉਸ ਨੇ ਅਸਲ ਰਸ ਨੂੰ ਤਾਂ ਗਵਾ ਦਿੱਤਾ ਹੈ ਅਤੇ ਫੋਕ ਫੋਕ ਪਾਠਕਾਂ ਲਈ ਰੱਖ ਲਿਆ ਹੈ।"[22]

ਮਹਾਰਾਜਾ ਆਲਾ ਸਿੰਘ ਨੇ ਸਾਧਾਰਣ ਹਾਲਤ ਤੋਂ ਉੱਨਤੀ ਕਰ ਕੇ ਰਾਜ ਪ੍ਰਾਪਤ ਕੀਤਾ ਸੀ। ਸਰਦਾਰੀ ਤੋਂ ਰਾਜਗੱਦੀ ਤਕ ਦੀਆਂ ਸਾਰੀਆਂ ਅਵਸਥਾਵਾਂ ਉਨ੍ਹਾਂ ਨੇ ਸਰ ਕੀਤੀਆਂ ਸਨ। ਉਨ੍ਹਾਂ ਦਾ ਜੀਵਨ ਲਿਖਣ ਲਈ ਇਨ੍ਹਾਂ ਗੱਲਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ।

ਉਪਰੋਕਤ ਇਤਿਹਾਸਿਕ ਪੱਧਰ ਨੂੰ ਮੁੱਖ ਰੱਖ ਕੇ ਹੀ ਸ. ਕਰਮ ਸਿੰਘ ਨੇ ਇਸ ਪੁਸਤਕ ਲਈ ਲੋੜੀਂਦੀ ਸਮੱਗਰੀ ਦੀ ਵੇਖ ਭਾਲ ਤੇ ਪੜਤਾਲ ਕੀਤੀ ਹੈ ਤੇ ਬੇਲੋੜੀਆ ਗੱਲਾਂ ਛੱਡ ਕੇ ਅਸਲ ਇਤਿਹਾਸਕ ਤੱਥਾਂ ਨੂੰ ਪਾਠਕਾਂ ਸਾਹਮਣੇ ਪੇਸ਼ ਕਰਨ ਦਾ ਜਤਨ ਕੀਤਾ ਹੈ। ਮਹਾਰਾਜਾ ਸਾਹਿਬ ਬਾਰੇ ਸਿਲਸਿਲੇਵਾਰ ਸਮਾਚਾਰ ਕਿਤੇ ਨਹੀਂ ਲਭਦੇ ਅਤੇ ਜੋ ਕੁਝ ਸੁਲੱਭ ਹੈ, ਉਹ ਅਧੂਰਾ ਹੈ। ਲੇਖਕ ਨੇ ਨਿੱਕੀ ਨਿੱਕੀ ਗੱਲ ਦੀ ਪੁਸ਼ਟੀ ਲਈ ਕਈ ਕਈ ਦਰਜਨ ਤਵਾਰੀਖਾਂ ਨੂੰ ਵੇਖਿਆ ਹੈ। ਮਿਸਾਲ ਵਜੋਂ ਕੇਵਲ ਪਾਣੀਪਤ ਦੀ ਲੜਾਈ ਵਿਚ ਮਹਾਰਾਜੇ ਦਾ ਨਾਂ ਵੇਖਣ ਲਈ ਲਗਭਗ ਵੀਹ ਪ੍ਰਮਾਣਿਕ ਇਤਿਹਾਸਿਕ ਲਿਖਤਾਂ ਵੇਖੀਆਂ। ਜਿਹੜੇ

---

[22]ਬਾਬਾ ਆਲਾ ਸਿੰਘ, ਪੰਨਾ 15.

Digitized by Panjab Digital Library | www.panjabdigilib.org

ਲੇਖਕ ਇਹ ਤਰੀਕਾ ਨਹੀਂ ਅਪਣਾਉਂਦੇ ਉਨ੍ਹਾਂ ਦੀਆਂ ਲਿਖਤਾਂ ਵਿਚ ਅਨੇਕ ਹਾਸੋਹੀਣੀਆਂ ਭੁੱਲਾਂ ਹੋ ਜਾਂਦੀਆਂ ਹਨ। ਮਿਸਾਲ ਵਜੋਂ ਇਕ ਜੰਗ ਦਾ ਸਮਾਂ 1811 ਬਿਕਰਮੀ ਹੈ, ਦੂਜੀ ਦਾ 1815 ਬਿਕਰਮੀ ਤੇ ਤੀਜੀ ਦਾ 1825 ਬਿ:। ਪਰ ਕਰਮ ਸਿੰਘ ਨੇ ਵੇਖਿਆ ਹੈ ਕਿ ਚੰਗੇ ਚੰਗੇ ਲੇਖਕਾਂ ਨੇ ਤਿੰਨਾਂ ਦਾ ਹੀ ਸਮਾਂ ਕੁਝ ਦਿਨਾਂ ਦੀ ਵਿੱਥ ਤੇ ਦਿੱਤਾ ਹੋਇਆ ਹੈ।

ਲੇਖਕ ਦੀ ਮਹੱਤਵ ਪੂਰਨ ਥਾਵਾਂ ਨੂੰ ਆਪ ਜਾ ਕੇ ਵੇਖਣ ਦੀ, ਨਿੱਕੀ ਤੋਂ ਨਿੱਕੀ ਗੱਲ ਦੀ ਪੜਤਾਲ ਕਰ ਕੇ ਦੁੱਧ ਨੂੰ ਦੁੱਧ ਤੇ ਪਾਣੀ ਨੂੰ ਪਾਣੀ ਕਹਿਣ ਦੀ ਪ੍ਰਵਿਰਤੀ ਇਥੇ ਵੀ ਪ੍ਰਗਟ ਹੁੰਦੀ ਹੈ। ਜਿਥੇ ਜਿਥੇ ਮਹਾਰਾਜੇ ਨੇ ਲੜਾਈਆਂ ਲੜੀਆਂ ਸਨ ਉਥੇ ਉਥੇ ਜਾ ਕੇ ਲੋਕਾਂ ਤੋਂ ਪੁੱਛ ਪੁਛਾ ਕੇ ਸਮਗਰੀ ਇਕੱਤਰ ਕੀਤੀ ਹੈ। ਜਿਸ ਖਾਨਦਾਨ, ਬੰਦੇ ਜਾਂ ਥਾਂ ਨਾਲ ਉਸ ਦਾ ਮਾੜਾ ਮੋਟਾ ਵੀ ਸੰਬੰਧ ਰਿਹਾ ਸੀ, ਉਸ ਨੂੰ ਮਿਲ ਕੇ, ਵੇਖ ਕੇ ਨਿਰਣਾ ਕੀਤਾ ਕਿ ਅਸਲ ਇਤਿਹਾਸਕ ਸੱਚ ਕੀ ਹੈ ?

ਇਤਨੀ ਮਿਹਨਤ ਕਰਨ ਮਗਰੋਂ ਵੀ ਸ. ਕਰਮ ਸਿੰਘ ਦੀ, ਇਕ ਇਤਿਹਾਸਕਾਰ ਵਜੋਂ ਤਸੱਲੀ ਨਹੀਂ ਹੋਈ ਜਾਪਦੀ। ਉਨ੍ਹਾਂ ਦਾ ਵਿਚਾਰ ਹੈ ਕਿ ਨਵੇਂ ਤੱਥ ਲੱਭ ਪੈਣ ਦੀ ਸੰਭਾਵਨਾ ਹਰ ਵੇਲੇ ਮੌਜੂਦ ਹੁੰਦੀ ਹੈ ਅਤੇ ਖੋਜ ਵਿਚ ਅੰਤਮ ਸ਼ਬਦ ਕਹਿ ਸਕਣਾ ਬੜੀ ਕਠਨ ਗੱਲ ਹੁੰਦੀ ਹੈ। ਲੇਖਕ ਨੇ ਇਸ ਪੁਸਤਕ ਦੀ ਅੰਤਕਾ ਵਿਚ ਪਹਿਲੇ ਲੇਖਕਾਂ ਦੀਆਂ ਭੁੱਲਾਂ ਦੀ ਸੂਚੀ ਵੀ ਬਣਾ ਦਿੱਤੀ ਹੈ। ਉਸ ਨੇ ਕਿਸੇ ਵੀ ਤਵਾਰੀਖ ਨੂੰ ਅੱਖਾਂ ਮੀਟ ਕੇ ਸੱਚ ਨਹੀਂ ਮੰਨਿਆ। ਤੱਥਾਂ ਦੀ ਭਾਲ ਵਿਚ ਇੰਨਾ ਸਮਾਂ ਤੇ ਸ਼ਕਤੀ ਲਾਉਣ ਮਗਰੋਂ ਵੀ ਉਨ੍ਹਾਂ ਨੇ ਇਕ ਨਿਰਮਾਣ ਖੋਜੀ ਤੇ ਸੱਚੇ ਵਿਦਵਾਨ ਵਾਂਗ ਖਿਮਾ ਮੰਗਦਿਆਂ ਲਿਖਿਆ ਹੈ :

> "ਇਤਨਾ ਕੁਝ ਕਰ ਕੇ ਵੀ ਮੈਂ ਏਹ ਕੈਹਣ ਲਈ ਤਿਆਰ ਨਹੀਂ ਕਿ ਇਸ ਜਤਨ ਵਿਚ ਕੋਈ ਭੁੱਲ ਨਹੀਂ ਹੋਵੇਗੀ। ਹੋ ਸਕਦਾ ਹੈ ਕਿ ਕੁਝ ਭੁੱਲਾਂ ਰੈਹ ਗਈਆਂ ਹੋਣ, ਪਰ ਇਤਨਾ ਮੈਂ ਕਹਿ ਸਕਦਾ ਹਾਂ ਕਿ ਭੁੱਲਾਂ ਦੂਰ ਕਰਨ ਅਤੇ ਹਾਲਾਂ ਨੂੰ ਸੋਧਣ ਲਈ ਕਿਸੇ ਪ੍ਰਕਾਰ ਦੀ ਮੇਹਨਤ, ਖਰਚ ਅਤੇ ਸਮੇਂ ਦਾ ਸਰਫ਼ਾ ਨਹੀਂ ਕੀਤਾ ਗਿਆ। ਅਜੇ ਵੀ ਜੇ ਕਰ ਕੋਈ ਭੁੱਲ ਰੈਹ ਗਈ ਹੋਵੇ ਤਾਂ ਗੁਰਵਾਕ ਅਨੁਸਾਰ 'ਭੁਲਣ ਅੰਦਰ ਸਭ ਕੋ...' ਮੈਂ ਖਿਮਾਂ ਦਾ ਭਾਗੀ ਹਾਂ।[23]

ਬਾਬਾ ਆਲਾ ਸਿੰਘ ਦਾ ਇਹੋ ਜਿਹਾ ਜੀਵਨ ਲਿਖਣ ਲਈ ਲੇਖਕ ਨੇ ਸਹਾਇਕ ਪੁਸਤਕਾਂ ਦੀ ਸੂਚੀ ਵਿਚ 54 ਅਤਿਅੰਤ ਮਹੱਤਵਪੂਰਨ ਇਤਿਹਾਸਿਕ ਲਿਖਤਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿੱਚੋਂ ਕੁਝ ਇਹ ਹਨ : ਜੰਗਨਾਮਾ (ਫਾਰਸੀ) ਕਾਜ਼ੀ ਨੂਰ ਮੁਹੰਮਦ, 1822, ਬਿ., ਖਜ਼ਾਨਾ ਏ ਸਮਰਾ (ਫਾਰਸੀ) ਮੀਰ ਗੁਲਾਮ ਅਲੀ 1919 ਬਿ., ਕਾਗਜ਼ਾਤ ਰਾਇ ਭਗਵੰਤ ਰਾਇ (ਫਾਰਸੀ) 1814 ਤੋਂ 1817 ਬਿ. ਤਕ ਦੀਆਂ ਚਿੱਠੀਆਂ ਦਾ ਸੰਗ੍ਰਹਿ, ਗੁਲਿਸਤਾਨੇ-ਏ-ਰੈਹਮਤ ਮੁਸਤਿਤਾਜ ਖਾਂ ਫਾਰਸੀ, ਤਵਾਰੀਖ ਸਿੱਖਾਂ (ਫਾਰਸੀ) ਖੁਸ਼ਵਕਤ ਰਾਇ, ਤਵਾਰੀਖ ਪੰਜਾਬ ਬੂਟੇ ਸ਼ਾਹ, ਪੰਥ ਪ੍ਰਕਾਸ਼, ਰਤਨ ਸਿੰਘ ਆਦਿ।

ਇਤਿਹਾਸਿਕ ਖੋਜ ਦੇ ਪੱਖ ਤੋਂ ਸਹੀ ਤੇ ਸੰਪੂਰਨ ਇਸ ਜੀਵਨੀ ਦਾ ਸੰਬੰਧ ਪੜ੍ਹਨ ਨਾਲ ਹੀ ਹੈ। ਇਥੇ ਥੋੜੀ ਜਿਹੀ ਥਾਂ ਵਿਚ ਇਸ ਦਾ ਸੰਖੇਪ ਸਾਰ ਵੀ ਪੇਸ਼ ਕਰਨਾ ਸੰਭਵ

---

[23]ਬਾਬਾ ਆਲਾ ਸਿੰਘ, ਪੰਨਾ 15

Digitized by Panjab Digital Library | www.panjabdigilib.org

ਨਹੀਂ ਜਾਪਦਾ। ਫਿਰ ਵੀ ਮਹਾਰਾਜੇ ਦਾ ਜੀਵਨ ਚਰਿੱਤਰ ਜਿਵੇਂ ਕਰਮ ਸਿੰਘ ਨੇ ਮਹਿਸੂਸ ਕੀਤਾ ਹੈ, ਦੀਆਂ ਇਕ ਦੋ ਵੰਨਗੀਆਂ ਦੇਣੀਆਂ ਉਚਿਤ ਜਾਪਦੀਆਂ ਹਨ।

ਕਰਮ ਸਿੰਘ ਅਨੁਸਾਰ ਮਹਾਰਾਜਾ ਸਾਹਿਬ ਇਕ ਸੱਚੇ ਸਿੱਖ ਸਨ। ਉਨ੍ਹਾਂ ਨੇ ਰਾਜਨੀਤਕ ਤਾਕਤ ਦੀ, ਧਨ ਮਾਲ ਦੀ ਗਲਤ ਵਰਤੋਂ ਨਹੀਂ ਕੀਤੀ, ਕਿਸੇ ਪਰਾਈ ਇਸਤਰੀ ਵੱਲ ਬੁਰੀ ਨਜ਼ਰ ਨਾ ਕੀਤੀ। ਲੇਖਕ ਦੇ ਆਪਣੇ ਸ਼ਬਦਾਂ ਵਿਚ :

> "ਕਦੇ ਰੁਪਏ ਨਹੀਂ ਦਬਣੇ, ਬਲਕਿ ਇਸਤਰੀ ਮਾਤਰ ਨੂੰ ਆਪਣੀ ਧੀ ਭੈਣ ਸਮਝਣਾ, ਅਤੇ ਜੋ ਗੱਫਾ ਕਰਤਾਰ ਬਖਸ਼ੇ ਉਸ ਨੂੰ ਲੰਗਰ ਵਿਚ ਲਾਉਣਾ।"[24]

ਇਸੇ ਤਰ੍ਹਾਂ ਮਹਾਰਾਜੇ ਦੀ ਸਿਆਣਪ, ਬੁੱਧੀਮੱਤਾ, ਦਾ ਵਰਣਨ ਇਨ੍ਹਾਂ ਸਤਰਾਂ ਵਿਚ ਮਿਲਦਾ ਹੈ :

> ਇਸ ਤਰ੍ਹਾਂ ਪਟਿਆਲਾ ਰਾਜ ਦੀ ਨੀਂਹ ਰੱਖ ਕੇ 74 ਸਾਲ ਦੀ ਉਮਰ ਵਿਚ ਮਹਾਰਾਜਾ ਆਲਾ ਸਿੰਘ ਸੁਰਗਵਾਸ ਹੋ ਗਏ। ਆਪ ਆਪਣੇ ਸਮੇਂ ਦੇ ਚੋਣਵੇਂ ਬੁੱਧੀਮਾਨਾਂ ਵਿਚੋਂ ਸਨ ਅਤੇ ਇਹ ਆਪ ਦੀ ਹੀ ਬੁੱਧੀ ਦਾ ਚਮਤਕਾਰ ਸੀ ਕਿ ਕਿਸੇ ਸ਼ਾਹੀ ਫੌਜ ਨਾਲ ਟਾਕਰਾ ਕਰਨ ਤੋਂ ਬਿਨਾਂ ਹੀ ਆਪ ਰਾਜ ਭਾਗ ਦੇ ਮਾਲਕ ਬਣ ਬੈਠੇ।"[25]

ਸ. ਕਰਮ ਸਿੰਘ ਰਚਿਤ ਉਪਰੋਕਤ ਜੀਵਨੀਆਂ ਬਾਰੇ ਸੰਖੇਪ ਚਰਚਾ ਕਰਨ ਤੋਂ ਮਗਰੋਂ ਅਸੀਂ ਸਹਿਜੇ ਹੀ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਉਨ੍ਹਾਂ ਨੇ ਇਸ ਖੇਤਰ ਵਿਚ ਸ਼ਲਾਘਾ ਯੋਗ ਵਾਧੇ ਕੀਤੇ ਹਨ। ਇਸ ਪੱਖੋਂ ਨੋਟ ਕਰਨ ਵਾਲੀ ਪਹਿਲੀ ਗੱਲ ਇਹ ਹੈ ਕਿ ਉਨ੍ਹਾਂ ਨੇ ਜੀਵਨੀ ਲੇਖਨ ਦੇ ਮਹੱਤਵ ਤੋਂ ਪੰਜਾਬੀ ਪਾਠਕਾਂ ਨੂੰ ਜਾਣੂੰ ਕਰਵਾਇਆ ਹੈ। ਇਹ ਗੱਲ ਵੀ ਸਾਹਿਤਕ ਜੀਵਨੀਆਂ ਤੇ ਵਧੇਰੇ ਲਾਗੂ ਹੁੰਦੀ ਹੈ। ਜੀਵਨ ਬੀਬੀ ਹਰਨਾਮ ਕੌਰ ਦੇ ਮੁੱਖ ਬੰਧ ਵਿਚ ਇਸ ਦਾ ਵਰਣਨ ਮਿਲਦਾ ਹੈ। ਕਿਸੇ ਦਾ ਜੀਵਨ ਲਿਖਣਾ ਜਿਥੇ ਉਸ ਵਿਅਕਤੀ ਵਿਸ਼ੇਸ਼ ਦੇ ਜੀਵਨ ਦੀਆਂ ਮਹੱਤਵ ਪੂਰਨ ਘਟਨਾਵਾਂ ਦਾ ਲੜੀਵਾਰ, ਪ੍ਰਮਾਣੀਕ ਵੇਰਵਾ ਪੇਸ਼ ਕਰਨਾ ਹੁੰਦਾ ਹੈ, ਉਥੇ ਉਸ ਸੰਘਰਸ਼ ਦੀ ਕਹਾਣੀ ਵੀ ਹੁੰਦਾ ਹੈ ਜਿਹੜਾ ਉਸ ਨੇ ਜੀਵਨ ਵਿਚ ਸਫਲਤਾ ਪ੍ਰਾਪਤ ਕਰਨ ਲਈ ਕੀਤਾ। ਇਸ ਦੇ ਨਾਲ ਹੀ ਜੀਵਨੀ ਕੌਮੀ ਸੇਵਾ ਵਿਚ ਪਾਏ ਯੋਗਦਾਨ ਦਾ ਲੇਖਾ ਜੋਖਾ ਵੀ ਹੁੰਦੀ ਹੈ ਤੇ ਪਾਠਕ ਨੂੰ ਉਸ ਦੇ ਨਾਇਕ ਵਰਗਾ ਬਣਨ ਪ੍ਰੇਰਨਾ ਦੀ ਮਿਲਦੀ ਹੈ।

ਦੂਜੀ ਗੱਲ ਇਹ ਹੈ ਕਿ ਲੇਖਕ ਨੇ ਜਿਥੇ ਜੀਵਨੀ ਲਿਖਣ ਦੇ ਮਹੱਤਵ ਨੂੰ ਨਾਇਕ ਅਤੇ ਪਾਠਕ ਦੇ ਪੱਖਾਂ ਤੋਂ ਉਜਾਗਰ ਕੀਤਾ ਹੈ, ਉਥੇ ਸਹੀ ਵੇਰਵੇ ਲੱਭਣ ਤੇ ਯਥਾਰਥਕ ਪੱਧਰ ਤੇ ਖੜੋ ਕੇ ਗੱਲ ਕਰਨ ਦਾ ਰਿਵਾਜ ਵੀ ਪਾਇਆ ਹੈ। ਇਨ੍ਹਾਂ ਚੌਹਾਂ ਹੀ ਪੁਸਤਕਾਂ ਵਿਚ ਸਾਂਝੀ ਗੱਲ ਨਾਇਕ/ਨਾਇਕਾ ਪ੍ਰਤੀ ਲੇਖਕ ਦੀ ਸ਼ਰਧਾ ਦਾ ਪ੍ਰਗਟਾਵਾ ਹੈ। ਜੀਵਨੀ ਲਿਖਣ ਲਈ ਇਹ ਪਹਿਲੀ ਸ਼ਰਤ ਹੈ ਕਿ ਲੇਖਕ ਆਪ ਨਾਇਕ ਦੇ ਵਿਅਕਤਿਤਵ ਤੋਂ ਪ੍ਰਭਾਵਿਤ ਹੋਵੇ ਤੇ ਫੇਰ ਉਸ ਨੂੰ ਪ੍ਰੇਰਨਾ ਦਾ ਸੋਮਾ ਸਮਝ ਕੇ ਪਾਠਕਾਂ ਲਈ ਪੇਸ਼ ਕਰੇ।

ਤੀਜਾ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਹ ਸ਼ਰਧਾ ਕਦੇ ਵੀ ਅੰਧ-ਵਿਸ਼ਵਾਸ

---

[24]ਬਾਬਾ ਆਲਾ ਸਿੰਘ, ਪੰਨਾ 87.

[25]ਉਹੀ ਪੰਨਾ 228.

Digitized by Panjab Digital Library | www.panjabdigilib.org

ਵਿਚ ਨਹੀਂ ਬਦਲਦੀ। ਲੇਖਕ ਨੇ ਇਸ ਪੱਖੋਂ ਹਰੇਕ ਪੁਸਤਕ ਵਿਚ ਚੇਤੰਨ ਜਤਨ ਕੀਤਾ ਹੈ। ਮਿਸਾਲ ਵਜੋਂ ਬੰਦਾ ਬਹਾਦਰ ਇਕ ਇਤਿਹਾਸਿਕ ਵਿਅਕਤੀ ਦੀ ਜੀਵਨੀ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਵਿਚ ਬੰਦੇ ਦੇ ਨਿੱਜੀ ਜੀਵਨ ਦੇ ਨਾਲ ਨਾਲ ਸਮਕਾਲੀ ਇਤਿਹਾਸ ਦੇ ਉਸ ਹਿੱਸੇ ਤੇ ਵੀ ਚਾਨਣਾ ਪਾਇਆ ਜਾਵੇ ਜਿਸ ਨਾਲ ਬੰਦੇ ਦਾ ਸੰਬੰਧ ਰਿਹਾ ਹੈ। ਇਸ ਕੰਮ ਲਈ ਲੇਖਕ ਨੇ ਸੋਮਿਆਂ ਦੀ ਭਾਲ, ਪੁਣ ਛਾਣ, ਪਰਖ ਪੜਚੋਲ ਦੀ ਜੋ ਵਿਧੀ ਅਪਣਾਈ ਹੈ, ਉਹ ਇਸ ਗੱਲ ਦਾ ਪੱਕਾ ਸਬੂਤ ਹੈ ਕਿ ਸਹੀ ਤੱਥਾਂ ਤੇ ਵੇਰਵਿਆਂ ਸੰਬੰਧੀ ਕਰਮ ਸਿੰਘ ਕਿੰਨਾ ਫਿਕਰਮੰਦ ਸੀ। ਜੋ ਅਜਿਹੀ ਲਿਖਤ ਵਿਚ ਅੰਧ-ਵਿਸ਼ਵਾਸ ਦਾ ਲੇਸਮਾਤਰ ਵੀ ਹੋਣਾ ਅਸੰਭਵ ਹੈ। ਇਹੀ ਗੱਲ 'ਬਾਬਾ ਆਲਾ ਸਿੰਘ' ਬਾਰੇ ਵੀ ਨਿਰਸੰਦੇਹ ਆਖੀ ਜਾ ਸਕਦੀ ਹੈ। ਪੰਜਾਬੀ ਜੀਵਨੀ ਸਾਹਿਤ ਵਿਚ ਇਹ ਇਕ ਮਾਣਯੋਗ ਪ੍ਰਾਪਤੀ ਹੈ।

ਇਨ੍ਹਾਂ ਜੀਵਨੀਆਂ ਬਾਰੇ ਚੌਥੀ ਵਿਚਾਰਯੋਗ ਗੱਲ ਇਹ ਹੈ ਕਿ ਲੇਖਕ ਨੇ ਸੰਬੰਧਿਤ ਨਾਇਕ ਬਾਰੇ ਪਹਿਲਾਂ ਲਿਖੇ ਹੋਏ ਸਾਰੇ ਸਮਾਚਾਰਾਂ ਤੋਂ ਵਾਕਫ਼ ਹੋ ਕੇ ਹੀ ਕਲਮ ਚੁੱਕੀ ਹੈ। ਇਸ ਰਵੱਈਏ ਦਾ ਲਾਭ ਇਹ ਹੁੰਦਾ ਹੈ ਕਿ ਜੀਵਨੀ ਲੇਖਨ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਘਾਟਿਆਂ ਤੇ ਤਰੁਟੀਆਂ ਦਾ ਪਤਾ ਲਗ ਜਾਂਦਾ ਹੈ ਜਿਹੜੀਆਂ ਪਹਿਲੇ ਲੇਖਕਾਂ ਕੋਲੋਂ ਜਾਣੇ ਜਾਂ ਅਣਜਾਣੇ ਰਹਿ ਗਈਆਂ ਹੋਣ। ਜੇ ਕੋਈ ਗਲਤ ਬਿਆਨੀ ਜਾਂ ਭਰਮ ਭੁਲੇਖਾ ਵੀ ਹੋਵੇ ਤਾਂ ਉਹ ਵੀ ਨਿਕਲ ਜਾਂਦਾ ਹੈ। ਜੇ ਕਿਸੇ ਵੇਰਵੇ, ਮਿਤੀ, ਘਟਨਾ ਜਾਂ ਵਿਅਕਤੀ ਸੰਬੰਧੀ ਕੋਈ ਮਤਭੇਦ ਹੋਵੇ ਤਾਂ ਉਹ ਵੀ ਸਪਸ਼ਟ ਹੋ ਜਾਂਦਾ ਹੈ।

ਪਹਿਲੀਆਂ ਜੀਵਨੀਆਂ ਨਾਲੋਂ ਕਰਮ ਸਿੰਘ ਦਾ ਕੀਤਾ ਪੰਜਵਾਂ ਵਾਧਾ ਇਹ ਹੈ ਕਿ ਉਸ ਨੇ ਇਸ ਕਲਾ ਨੂੰ ਤਰਤੀਬ ਵਾਰ ਲਿਖਤ ਬਣਾਉਣ ਦਾ ਉਪਰਾਲਾ ਕੀਤਾ ਹੈ, ਉਸ ਦੀ ਤਕਰੀਬਨ ਹਰ ਪੁਸਤਕ ਵਿਚ ਹਿੱਸੇ ਵੰਡ ਇਕੋ ਜਿਹੀ ਹੈ ਅਤੇ ਇਹ ਮੋਟੇ ਤੌਰ ਤੇ ਜਨਮ, ਮਾਪਿਆਂ, ਮਹੱਤਵਪੂਰਨ ਘਟਨਾਵਾਂ ਤੇ ਨਾਇਕ ਦੀ ਮੌਤ ਦੇ ਮਗਰੋਂ ਲੋਕਾਂ ਤੇ ਪਏ ਪ੍ਰਭਾਵ ਨਾਲ ਸੰਬੰਧਿਤ ਹੈ।

ਛੇਵੀਂ ਗੱਲ ਇਹ ਹੈ ਕਿ ਪੁਸਤਕਾਂ ਦੇ ਅੰਤ ਵਿਚ ਆਮ ਤੌਰ ਤੇ ਪ੍ਰੇਰਨਾ ਮਈ ਪੈਰ੍ਹੇ ਲਿਖੇ ਹੋਏ ਮਿਲਦੇ ਹਨ। ਪੁਰਾਤਨ ਸਮੇਂ ਵਿਚ ਇਹ ਰਿਵਾਜ ਸੀ ਕਿ ਪੁਸਤਕ ਦੇ ਆਰੰਭ ਵਿਚ ਨਾਇਕ ਦੀ ਉਹੀ ਤਸਵੀਰ ਪੇਸ਼ ਕੀਤੀ ਜਾਂਦੀ ਸੀ ਜਿਹੜੀ ਲੇਖਕ ਦੇ ਮਨ ਵਿਚ ਸ਼ਰਧਾਵੱਸ ਜਾਂ ਕਿਸੇ ਹੋਰ ਕਾਰਨ ਕਰਕੇ ਬਣ ਚੁਕੀ ਹੁੰਦੀ ਸੀ। ਇਥੇ ਇਸ ਰਿਵਾਜ ਤੋਂ ਉਲਟ ਪੁਸਤਕ ਦੇ ਅੰਤ ਵਿਚ ਸਮੁੱਚੇ ਪ੍ਰਭਾਵ ਨੂੰ ਉਸ ਜੀਵਨ ਸਮਾਚਾਰ ਦੇ ਆਧਾਰ ਤੇ ਨਿਕਲਦੇ ਸਿੱਟੇ ਵਜੋਂ ਪੇਸ਼ ਕੀਤਾ ਹੈ।

ਇਤਿਹਾਸਿਕ ਵਿਅਕਤੀਆਂ ਤੇ ਮਹਾਂਪੁਰਸ਼ਾਂ ਦੇ ਜੀਵਨ, ਕਾਲ ਦੀਆਂ ਸੀਮਾਵਾਂ ਤੋਂ ਮੁਕਤ ਹੋ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸੋਮਾ ਬਣਦੇ ਹਨ। ਇਸ ਲਈ ਕਰਮ ਸਿੰਘ ਨੇ ਖਾਨਦਾਨ, ਬਚਪਨ, ਪੜ੍ਹਾਈ ਲਿਖਾਈ, ਮਹੱਤਵਪੂਰਨ ਕਾਰਜ/ਸੇਵਾਵਾਂ ਆਦਿ ਦਾ ਵਰਣਨ ਕਰਨ ਤੋਂ ਛੁਟ ਕੁਝ ਨਿੱਜੀ ਆਦਤਾਂ, ਸਰੀਰਕ ਬਣਤਰ, ਮਾਨਸਿਕ ਗੁਣਾਂ ਦੀ ਵਾਕਫ਼ੀ ਦੇਣੀ ਵੀ ਜ਼ਰੂਰੀ ਸਮਝੀ ਹੈ। ਇਉਂ ਪਾਠਕ ਨਾਇਕ ਨਾਲ ਨੇੜੇ ਦਾ, ਨਿੱਘਾ ਜਿਹਾ ਰਿਸ਼ਤਾ ਅਨੁਭਵ ਕਰਦਾ ਹੈ ਤੇ ਨਾਇਕ ਕੋਈ ਸੱਤਵੇਂ ਅਸਮਾਨ ਬੈਠਾ, ਕਰਾਮਾਤਾਂ ਵਿਖਾਉਣ ਵਿਚ ਲੀਨ, ਯਥਾਰਥ ਤੋਂ ਦੂਰ, ਅਪਹੁੰਚ ਵਿਅਕਤੀ ਨਹੀਂ ਜਾਪਦਾ

Digitized by Panjab Digital Library | www.panjabdigilib.org

ਜਿਸ ਦੇ ਪਾਏ ਪੂਰਨਿਆਂ ਤੇ ਤੁਰਨ ਬਾਰੇ ਉਹ ਸੋਚ ਵੀ ਨਾ ਸਕੇ। ਲੇਖਕ ਨੇ ਦੱਸਿਆ ਹੈ ਕਿ ਬਾਲਾ ਆਲਾ ਸਿੰਘ ਕਿਵੇਂ ਸਾਧਾਰਣ ਹਸਤੀ ਤੋਂ ਉੱਨਤੀ ਕਰ ਕੇ ਰਾਜ ਪਦਵੀ ਤਕ ਪੁੱਜੇ ਜਾਂ ਬੰਦਾ ਬਹਾਦਰ ਕਿਉਂ ਹਰ ਮੈਦਾਨ ਫਤਿਹ ਪ੍ਰਾਪਤ ਕਰਦਾ ਰਿਹਾ ਜਾਂ ਬੀਬੀ ਹਰਨਾਮ ਕੌਰ ਨੇ ਕਿਸ ਲਗਨ ਨਾਲ ਇਸਤ੍ਰੀ ਵਿਦਿਆ ਲਈ ਕੰਮ ਕੀਤਾ ਆਦਿ। ਇਨ੍ਹਾਂ ਗੱਲਾਂ ਨੂੰ ਪੜ੍ਹ ਕੇ ਸਾਧਾਰਣ ਪਾਠਕ ਵੀ ਉਤਸਾਹ ਮਹਿਸੂਸ ਕਰਦਾ ਹੈ ਤੇ ਕੌਮੀ ਜੀਵਨ ਵਿਚ ਆਪਣਾ ਯੋਗਦਾਨ ਪਾ ਸਕਦਾ ਹੈ।

ਸੋ ਕਰਮ ਸਿੰਘ ਦੇ ਕੀਤੇ ਇਨ੍ਹਾਂ ਵਾਧਿਆਂ ਨਾਲ ਪੰਜਾਬੀ ਜੀਵਨੀ ਸਾਹਿਤ ਵਿਚ ਨਿਰਸੰਦੇਹ ਸ਼ਲਾਘਾ ਯੋਗ ਉੱਨਤੀ ਹੋਈ ਹੈ।

Digitized by Panjab Digital Library | www.panjabdigilib.org

ਅਧਿਆਇ ਚੌਥਾ

ਨਿਬੰਧਾਤਮਕ ਰਚਨਾਵਾਂ

ਨਿਬੰਧ, ਅੰਗਰੇਜ਼ੀ ਸ਼ਬਦ ਐਸੇ (ESSAY) ਦਾ ਸਮਭਾਵੀ ਹੈ। ਭਾਵੇਂ ਇਸ ਭਾਂਤ ਦੀਆਂ ਲਿਖਤਾਂ ਲਈ, ਪੰਜਾਬੀ ਵਿਚ ਲਗਭਗ ਪਿਛਲੇ ਸੌ ਸਾਲ ਤੋਂ ਲੇਖ ਸ਼ਬਦ ਹੀ ਪ੍ਰਚਲਿਤ ਰਿਹਾ ਹੈ, ਪਰ ਅਜੋਕੇ ਯੁਗ ਵਿਚ ਇਹ ਧਾਰਨਾ ਬਣਦੀ ਜਾ ਰਹੀ ਹੈ ਕਿ ਨਿਬੰਧ ਨੂੰ ਐਸੇ ਦਾ ਸਮਾਨਾਰਥਕ ਮੰਨ ਕੇ ਲੇਖ ਨੂੰ ਅੰਗਰੇਜ਼ੀ ਸ਼ਬਦ Article ਲਈ ਰਾਖਵਾਂ ਕਰ ਦਿੱਤਾ ਜਾਵੇ।

ਵੱਖ ਵੱਖ ਵਿਸ਼ਵਕੋਸ਼ਾਂ ਅਤੇ ਵਿਦਵਾਨਾਂ ਦੀਆਂ ਲਿਖਤਾਂ ਵਿਚ ਨਿਬੰਧ ਦੀ ਪਰਿਭਾਸ਼ਾ ਦੇਣ ਦਾ ਜਤਨ ਕੀਤਾ ਗਿਆ ਹੈ। ਮਿਸਾਲ ਵਜੋਂ 'ਦੀ ਅਮੈਰੀਕਨ ਡਿਕਸ਼ਨਰੀ ਆਫ਼ ਇੰਗਲਿਸ਼ ਲੈਂਗੁਏਜ' ਅਨੁਸਾਰ ESSAY ਸ਼ਬਦ ਦਾ ਨਿਕਾਸ ਫਰਾਂਸੀਸੀ ਬੋਲੀ ਦੇ ਸ਼ਬਦ ESSAI ਜਾਂ ASSAI ਤੋਂ ਹੋਇਆ ਹੈ। ਇਨ੍ਹਾਂ ਸ਼ਬਦਾਂ ਦਾ ਪਿੱਛਾ ਲਾਤੀਨੀ ਭਾਸ਼ਾ ਦੇ ਸ਼ਬਦ EXASIUM ਨਾਲ ਜੁੜਦਾ ਹੈ, ਜਿਸ ਦਾ ਮੂਲਭਾਵ ਪਰਖਣਾਂ ਜਾਂ ਤੋਲਣਾ ਦੱਸਿਆ ਗਿਆ ਹੈ। ਇਸ ਸ਼ਬਦ ਦੇ ਅਰਥ ਕੋਸ਼ਿਸ਼ ਜਾਂ ਜਤਨ ਵੀ ਕੀਤੇ ਗਏ ਹਨ।[1]

ਇਸੇ ਤਰ੍ਹਾਂ 'ਐਨਸਾਈਕਲੋਪੀਡੀਆ ਬ੍ਰਿਟੈਨਿਕਾ' ਵਿਚ ਦਿੱਤੀ ਹੋਈ ਪਰਿਭਾਸ਼ਾ ਅਨੁਸਾਰ "ਸਾਹਿਤ ਦੇ ਰੂਪ ਵਜੋਂ ਨਿਬੰਧ ਆਮ ਤੌਰ ਤੇ ਵਾਰਤਕ ਵਿਚ ਰਚੀ ਗਈ ਸੰਜਮੀ ਭਾਂਤ ਦੀ ਅਜੇਹੀ ਰਚਨਾ ਹੁੰਦੀ ਹੈ, ਜਿਸ ਵਿਚ ਕਿਸੇ ਇਕ ਵਿਸ਼ੇ ਨੂੰ ਅਤੇ ਕੇਵਲ ਉਸੇ ਹੀ ਵਿਸ਼ੇ ਨੂੰ ਲੇਖਕ ਦੇ ਦ੍ਰਿਸ਼ਟੀਕੋਣ ਤੇ ਸਰਲ ਤੇ ਸਰਸਰੀ ਜਿਹੇ ਢੰਗ ਨਾਲ ਨਿਭਾਇਆ ਗਿਆ ਹੋਵੇ।"[2]

ਹਰਬਰਟ ਰੀਡ ਦਾ ਵਿਚਾਰ ਹੈ ਕਿ ਨਿਬੰਧ ਮਨ ਵਿਚ ਲੁਕੀ ਕਿਸੇ ਭਾਵਨਾ, ਖਿਆਲ ਜਾਂ ਰਉਂ ਨੂੰ ਪ੍ਰਗਟਾਉਣ ਦੀ ਕੋਸ਼ਿਸ਼ ਹੈ। ਇਹ ਇਸ ਭਾਵ ਖਿਆਲ ਜਾਂ ਰਉਂ ਦੀ ਅਨੁਸਾਰੀ ਸ਼ਾਬਦਿਕ ਵੰਨਗੀ ਸਿਰਜਣ ਦਾ ਇਕ ਗੈਰ ਰਸਮੀ ਯਤਨ ਹੁੰਦਾ ਹੈ। ਵਾਰਤਕ ਵਿਚ ਇਸ ਦੀ ਉਹੀ ਥਾਂ ਹੈ ਜੋ ਕਵਿਤਾ ਵਿਚ ਗੀਤ ਦੀ।[3]

ਗਿਆਨਵਰਧਕ ਸਾਹਿਤ ਨਾਲੋਂ ਨਿਬੰਧ ਦਾ ਨਿਖੇੜਾ ਕਰਦਿਆਂ ਸਮਿਥ ਨੇ ਲਿਖਿਆ ਹੈ ਕਿ ਨਿਬੰਧਕਾਰ ਦਾ ਕੰਮ ਸੂਚਨਾ ਦੇਣਾ ਨਹੀਂ ਹੁੰਦਾ-ਨਾ ਹੀ ਉਸ ਤੋਂ ਇਹ ਆਸ ਰੱਖੀ ਜਾਣੀ ਚਾਹੀਦੀ ਹੈ।[4]

---

[1]ਉਹੀ ਪੰਨਾ 448.

[2]ਉਹੀ ਪੰਨੇ 716-17.

[3]English Prose Style, p. 66.

[4]Essays British & American, from perface.

Digitized by Panjab Digital Library | www.panjabdigilib.org

ਇਕ ਹੋਰ ਵਿਸ਼ਵਕੋਸ਼ ਵਿਚ ਲਿਖਿਆ ਹੈ ਕਿ ਨਿਬੰਧ ਦ ਨਿਸ਼ਾਨਾ ਨਾਵਲ ਨਾਟਕ ਜਾਂ ਕਹਾਣੀ ਵਾਂਗ ਪਾਤਰ ਸਿਰਜ ਕੇ ਕਹਾਣੀ ਦੱਸਣਾ ਨਹੀਂ ਹੁੰਦਾ। ਇਹ ਪਾਠਕ ਨਾਲ ਸਿੱਧਾ ਸੰਬੰਧਿਤ ਹੁੰਦਾ ਹੈ ਤੇ ਰੀਤਾਂ ਰਿਵਾਜਾਂ, ਘਟਨਾਵਾਂ, ਮਨੁੱਖਾਂ, ਕਲਾ, ਕਿਤਾਬਾਂ ਬਾਰੇ ਲੇਖਕ ਦੇ ਵਿਚਾਰ ਪ੍ਰਗਟਾਉਂਦਾ ਹੈ।[5]

ਹਿੰਦੀ ਦੇ ਪ੍ਰਸਿੱਧ ਵਿਦਵਾਨ ਤੇ ਆਲੋਚਕ ਪੰਡਿਤ ਰਾਮ ਚੰਦਰ ਸ਼ੁਕਲ ਦਾ ਵਿਚਾਰ ਹੈ ਕਿ ਨਿਬੰਧ, ਨਿਬੰਧਕਾਰ ਦੀ ਪੂਰਨ ਸ਼ਖਸੀਅਤ ਦਾ ਪ੍ਰਗਟਾਵਾ ਹੁੰਦਾ ਹੈ, ਉਨ੍ਹਾਂ ਅਨੁਸਾਰ

"ਤੱਤਵ ਚਿੰਤਨ ਜਾਂ ਵਿਗਿਆਨੀ ਨਾਲੋਂ ਨਿਬੰਧਕਾਰ ਦਾ ਵੱਖਰਾਪਣ ਇਸ ਗੱਲ ਵਿਚ ਵੀ ਹੁੰਦਾ ਹੈ ਕਿ ਉਹ ਜਿਧਰ ਜਾਂਦਾ ਹੈ, ਆਪਣੀ ਸਾਰੀ ਮਾਨਸਿਕ ਸ਼ਕਤੀ ਭਾਵ, ਬੁੱਧੀ ਅਤੇ ਭਾਵਨਾਤਮਕ ਹਿਰਦਾ ਦੋਹਾਂ ਨੂੰ ਨਾਲ ਲੈ ਕੇ ਤੁਰਦਾ ਹੈ"।[6]

ਬਾਬੂ ਗੁਲਾਬ ਰਾਇ ਦਸਦੇ ਹਨ ਕਿ, "ਨਿਬੰਧ ਸੀਮਿਤ ਆਕਾਰ ਦੀ ਇਕ ਅਜੇਹੀ ਰਚਨਾ ਹੁੰਦੀ ਹੈ ਜਿਸ ਵਿਚ ਨਿਬੰਧਕਾਰ ਕਿਸੇ ਵਿਸ਼ੇ ਦਾ ਵਰਣਨ ਜਾਂ ਪ੍ਰਗਟਾਵਾ ਪੂਰੀ ਨਿਜੱਤਾ, ਸਚਾਈ ਅਤੇ ਸਜੀਵਤਾ ਨਾਲ ਕਰਦਾ ਹੈ।"[7]

ਆਚਾਰੀਆ ਸੀਤਾ ਰਾਮ ਦ੍ਵਿਵੇਦੀ ਇਹ ਮੰਨਦੇ ਹਨ ਕਿ ਨਿਬੰਧ ਵਿਚ ਲੇਖਕ ਦੇ ਵਿਅਕਤੀਗਤ ਭਾਵਾਂ, ਅਨੁਭਵਾਂ ਅਤੇ ਵਿਸ਼ਵਾਸਾਂ ਦਾ ਵਿਵੇਚਨ ਹੁੰਦਾ ਹੈ।[8]

ਪ੍ਰੋ. ਹਰਦਿਆਲ ਸਿੰਘ ਅਨੁਸਾਰ ਨਿਬੰਧ ਦੀ ਪਛਾਣ ਕੇਵਲ "ਵਿਚਾਰਕ ਲੱਛਣ ਤੇ ਜ਼ਾਤੀਚਾਟ[9] ਤੋਂ ਹੀ ਹੁੰਦੀ ਹੈ, ਉਥੇ ਡਾ. ਉਜਾਗਰ ਸਿੰਘ ਦਾ ਵਿਚਾਰ ਹੈ ਕਿ ਇਸ ਵਿਚ "ਬੁੱਧੀ ਤੱਤ ਤੇ ਭਾਵ ਤੱਤ"[10] ਦਾ ਸੁਮੇਲ ਹੁੰਦਾ ਹੈ। ਪ੍ਰਿੰ ਅਮੋਲ ਇਹ ਮੰਨਦੇ ਹਨ ਕਿ ਨਿਬੰਧਕਾਰ ਕਦੇ ਸਿੱਧਾ ਪ੍ਰਚਾਰ ਨਹੀਂ ਕਰਦਾ ਅਤੇ ਨਾ ਹੀ ਪਾਠਕ ਨੂੰ ਕੋਈ ਗਲ ਜ਼ੋਰੀ ਮੰਨਣ ਲਈ ਮਜਬੂਰ ਕਰਦਾ ਹੈ, ਉਨ੍ਹਾਂ ਦੇ ਸ਼ਬਦਾਂ ਵਿਚ "ਨਿਬੰਧ ਪੜਦਿਆਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਮੈਂ ਨਿਬੰਧ ਲੇਖਕ ਦੇ ਵਿਚਾਰਾਂ ਦੀ ਸੁੰਦਰਤਾ, ਉਸ ਦੇ ਆਚਰਨ ਦੀ ਮਿੱਠਤ, ਉਸ ਦੀ ਸੂਝ ਤੇ ਸਹਿਨਸ਼ੀਲਤਾ, ਉਸ ਦੇ ਹਾਸਰਸ ਭਰਪੂਰ ਅਤੇ ਵਿਚਾਰ ਸ਼ੀਲ ਸਿੱਟਿਆ ਨੂੰ ਸ਼ਾਂਤੀ ਨਾਲ ਪੜ੍ਹ ਜਾਂ ਸੁਣ ਰਿਹਾ ਹਾਂ।"[11]

ਨਿਬੰਧ ਨੂੰ ਨਿਬੰਧਕਾਰ ਦੀ ਸ਼ਖਸੀਅਤ ਦੇ ਪ੍ਰਗਟਾਵੇ ਦਾ ਸਾਧਨ ਮੰਨਦਿਆਂ ਡਾ. ਪਿਆਰ ਸਿੰਘ ਨੇ ਲਿਖਿਆ ਹੈ :

"ਨਿਬੰਧ ਕਿਸੇ ਵਿਸ਼ੇ ਨੂੰ ਜਿਵੇਂ ਕਿ ਲੇਖਕ ਦੀ ਸ਼ਖਸੀਅਤ ਵਿਚੋਂ ਝਰਦਾ ਹੈ, ਸਹਿਜ

---

[5]'Compto's Pictured Encyelopedia & Fact Index', chicago, 1966 Vol. IV p. 398.

[6]'ਹਿੰਦੀ ਸਾਹਿਤ ਕਾ ਇਤਿਹਾਸ', ਅਨੁ : ਭਾਸ਼ਾ ਵਿਭਾਗ, ਪੰਜਾਬ, ਪੰਨਾ 371.

[7]'ਟੇਕ ਚੰਦ ਸ਼ਰਮਾ ਤੇ ਹੋਰ', ਆਦਰਸ਼ਾਲੋਚਨ, ਪੰਨਾ 221 ਉਤੇ ਬਾਬੂ ਗੁਲਾਬਰਾਇ ਵੱਲੋਂ ਦਿੱਤੀ ਪਰਿਭਾਸ਼ਾ ਅਨੁਸਾਰ :

[8]ਸੀਤਾ ਰਾਮ ਦ੍ਵਿਵੇਦੀ (ਅਚਾਰੀਆ) ਸਮੀਕਸ਼ਾ ਸ਼ਾਸਤ੍ਰ, ਪੰਨਾ 810.

[9]'ਪੰਜਾਬੀ ਸਾਹਿਤ-ਵਿਚਾਰ ਤੇ ਰੂਪ', ਪੰਨਾ 304.

[10]'ਭਾਵਏਕਤਾ ਤੇ ਹੋਰ ਨਿਬੰਧ', ਮੁਖਬੰਦ ਵਿਚੋਂ

[11]'ਮੇਰੇ ਚੋਣਵੇ ਨਿਬੰਧ', ਪੰਨਾ 16.

Digitized by Panjab Digital Library | www.panjabdigilib.org

ਸੁਭਾਵਕ ਹਲਕੇ ਫੁਲਕੇ, ਸਰਲ ਢੰਗ ਨਾਲ ਬੰਨ੍ਹ ਦੇਣ ਦਾ ਨਾਂ ਹੈ।"[12]

ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਦੇ ਵਿਦਵਾਨਾਂ ਤੇ ਆਲੋਚਕਾਂ ਦੀਆਂ ਉਪਰੋਕਤ ਰਾਵਾਂ ਦੇ ਅਧਿਐਨ ਮਗਰੋਂ ਨਿਬੰਧ ਦੀ ਪਰਿਭਾਸ਼ਾ ਇਉਂ ਦਿੱਤੀ ਜਾ ਸਕਦੀ ਹੈ :

"ਨਿਬੰਧ ਸੀਮਿਤ ਆਕਾਰ ਵਾਲੀ, ਆਪਣੇ ਆਪ ਵਿਚ ਸੰਪੂਰਨ ਇਕ ਅਜੇਹੀ ਵਾਰਤਕ ਰਚਨਾ ਹੁੰਦੀ ਹੈ ਜਿਸ ਵਿਚ ਨਿਬੰਧਕਾਰ ਆਪਣਾ ਨਿਜ ਦ੍ਰਿਸ਼ਟੀਕੋਣ ਤੇ ਭਾਵ, ਵਰਣਿਤ ਵਿਸ਼ੇ ਦੇ ਸੰਬੰਧ ਵਿਚ ਇਕ ਸਰਲ ਸਪੱਸ਼ਟ, ਸਾਦੀ ਤੇ ਸੁਹਿਰਦ, ਪਰ ਦਲੀਲ ਭਰਪੂਰ ਵਿਚਾਰ-ਲੜੀ ਦੇ ਰੂਪ ਵਿਚ ਪੇਸ਼ ਕਰਦਾ ਹੈ। ਉਹ ਕਿਸੇ ਨਾਵਲਕਾਰ ਵਾਂਗ ਪਾਤਰ ਨਹੀਂ ਸਿਰਜਦਾ। ਸਗੋਂ ਸੰਬੰਧਿਤ ਵਿਸ਼ੇ ਦੀ ਵਿਆਖਿਆ ਆਪ ਹੀ ਕਰਦਾ ਹੈ। ਨਿਬੰਧਕਾਰ ਦੀ ਰਚਨਾ ਦਾ ਆਧਾਰ ਮਨੁੱਖੀ ਮਨੋਭਾਵ ਹੁੰਦੇ ਹਨ ਉਹ ਇਹਨਾਂ ਦੀ ਵਿਆਖਿਆ ਅਜੇਹੇ ਢੰਗ ਨਾਲ ਕਰਦਾ ਹੈ ਕਿ ਮੂਲ ਭਾਵ ਖੰਡਿਤ ਨਹੀਂ ਹੁੰਦਾ ਸਗੋਂ ਪਾਠਕ ਨੂੰ ਉਸ ਵਿਚੋਂ ਇਕ ਅਪੂਰਵ ਸਾਹਿਤਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ।"

ਨਿਬੰਧ ਦੀ ਉਕਤ ਪਰਿਭਾਸ਼ਾ ਵਿੱਚੋਂ ਨਿਬੰਧ ਦੇ ਇਹ ਚਾਰ ਤੱਤ ਉਜਾਗਰ ਹੁੰਦੇ ਹਨ।

1. ਨਿਬੰਧਕਾਰ ਦਾ ਨਿਜਤ੍ਵ
2. ਬੌਧਿਕਤਾ ਤੇ ਭਾਵੁਕਤਾ ਦਾ ਸੁਮੇਲ
3. ਲੇਖਕ ਪਾਠਕ ਨੇੜਤਾ
4. ਸੰਖੇਪਤਾ ਅਤੇ ਸੰਪੂਰਨਤਾ।

ਨਿਬੰਧ ਵਿਚ ਨਿਬੰਧਕਾਰ ਦਾ ਨਿੱਜਤਵ ਉਸ ਦੇ ਨਿੱਜੀ ਦ੍ਰਿਸ਼ਟੀਕੋਣ, ਵਿਚਾਰਾਂ, ਮਨੋਭਾਵਾਂ, ਤਜਰਬਿਆਂ ਦਾ ਹੱਡ ਬੀਤੀਆਂ ਦੇ ਬਿਆਨ ਰਾਹੀਂ ਪ੍ਰਗਟ ਹੁੰਦਾ ਹੈ। ਨਿਬੰਧਕਾਰ ਉਤੇ ਵਰਣਿਤ ਵਿਸ਼ੇ ਨੇ ਕੀ ਅਸਰ ਪਾਇਆ ਹੈ ਅਤੇ ਜੀਵਨ ਦੇ ਕਿਸੇ ਵਿਸ਼ੇਸ਼ ਤਜਰਬੇ ਸੰਬੰਧੀ ਉਸ ਨੇ ਕੀ ਮਹਿਸੂਸ ਕੀਤਾ ਹੈ ਇਹ ਸਭ ਕੁਝ ਉਸ ਦਾ ਨਿਬੰਧ ਪੜ੍ਹ ਕੇ ਪਤਾ ਲੱਗ ਜਾਂਦਾ ਹੈ।

ਨਿਬੰਧ ਅਸਲ ਵਿਚ ਨਿਬੰਧਕਾਰ ਦੀ 'ਮੈਂ ਦਾ' ਪ੍ਰਕਾਸ਼ ਹੁੰਦਾ ਹੈ। ਇਹ ਉਸ ਦੇ ਨਿੱਜ ਦੀ ਪਛਾਣ ਵੀ ਹੁੰਦਾ ਹੈ ਤੇ ਸੱਚੀ ਤਸਵੀਰ ਵੀ। ਆਪਣੇ ਆਪ ਨੂੰ ਜਾਣਨ ਤੇ ਪ੍ਰਗਟਾਉਣ ਦਾ ਸਭ ਤੋਂ ਵਧੀਆ ਸਾਧਨ ਵੀ ਨਿਬੰਧ ਹੀ ਹੈ।

ਨਿਬੰਨ ਦਾ ਦੂਜਾ ਮੁੱਖ ਤੱਤ ਬੌਧਿਕਤਾ ਤੇ ਭਾਵੁਕਤਾ ਦਾ ਸੁਮੇਲ ਹੁੰਦਾ ਹੈ। ਨਿਬੰਧ ਦਾ ਮੂਲ ਆਧਾਰ ਹੀ ਨਿਬੰਧਕਾਰ ਦਾ ਨਿੱਜਤਵ ਹੈ। ਇਸ ਵਿਚ ਬੌਧਿਕਤਾ ਤੇ ਭਾਵੁਕਤਾ, ਦਲੀਲ ਤੇ ਜਜ਼ਬਾ ਦੋਵੇਂ ਹੀ ਸ਼ਾਮਲ ਹੁੰਦੇ ਹਨ। ਨਿਬੰਧਕਾਰ ਨਾ ਤਾਂ ਨਿਰੀ ਬੌਧਿਕਤਾ ਉੱਤੇ, ਨਾ ਹੀ ਨਿਰੀ ਭਾਵੁਕਤਾ ਉੱਤੇ ਨਿਰਭਰ ਕਰਦਾ ਹੈ। ਉਹ ਤਾਂ ਆਪਣੇ ਮਨੋਭਾਵਾਂ ਦੀ ਬੌਧਿਕ ਵਿਆਖਿਆ ਕਰਦਾ ਹੈ। ਇਸ ਲਈ ਚੰਗਾ ਨਿਬੰਧ ਤਰਕਸ਼ੀਲ ਹੁੰਦਾ ਹੋਇਆ ਵੀ ਖੁਸ਼ਕ ਤੇ ਅਕਾਊ ਨਹੀਂ ਹੁੰਦਾ ਸਗੋਂ ਦਿਲਚਸਪ ਤੇ ਖਿੱਚ ਪਾਊ ਹੁੰਦਾ ਹੈ। ਨਿਬੰਧ ਪੜ੍ਹਨ ਮਗਰੋਂ ਇਕ ਭਾਂਤ ਦੀ ਭਾਵੁਕ ਤ੍ਰਿਪਤੀ ਦਾ ਅਹਿਸਾਸ ਹੁੰਦਾ ਹੈ।

---

[12] 'ਪੰਜਾਬੀ ਨਿਬੰਧ ਸਾਹਿਤ', ਪੰਜਾਬੀ ਦੁਨੀਆਂ, ਟੈਗੋਰ ਅੰਕ, ਮਈ ਜੂਨ 1961 ਪੰਨਾ 47.

Digitized by Panjab Digital Library | www.panjabdigilib.org

ਨਿਬਧ ਰਚਨਾ ਰਾਹੀਂ ਨਿਬੰਧਕਾਰ ਆਪਣੇ ਮਨੋਭਾਵ ਪਾਠਕ ਨਾਲ ਸਿੱਧੇ ਤੌਰ ਤੇ ਸਾਂਝੇ ਕਰਦਾ ਹੈ। ਨਿਬੰਧਕਾਰ ਬੋਲਦਾ ਹੈ, ਪਾਠਕ ਸੁਣਦਾ ਹੈ। ਨਿਬੰਧਕਾਰ ਦਸਦਾ ਹੈ, ਪਾਠਕ ਸਮਝਦਾ ਹੈ। ਨਿਬੰਧਕਾਰ ਆਪਣਾ ਮਨਦਰ ਖੋਲ੍ਹ ਦੇਂਦਾ ਹੈ, ਪਾਠਕ ਉਸ ਦੇ ਅੰਦਰ ਝਾਕ ਲੈਂਦਾ ਹੈ। ਇਸ ਸਾਹਿਤ ਰੂਪ ਦੀ ਸਿਫਤ ਇਹ ਹੈ ਕਿ ਇਸ ਵਿਚ ਪਾਠਕ, ਲੇਖਕ ਅਤੇ ਵਿਸ਼ੇ ਦਾ ਸੰਗਮ ਹੁੰਦਾ ਹੈ। ਨਿਬੰਧਕਾਰ ਦੀ ਸ਼ਖਸੀਅਤ ਦਾ ਕੁਝ ਭਾਗ ਪਾਠਕ ਦੀ ਸ਼ਖਸੀਅਤ ਵਿਚ ਸ਼ਾਮਲ ਹੋ ਜਾਂਦਾ ਹੈ। ਇਥੇ ਇਕ ਸ਼ਖਸੀਅਤ ਕਿਉਂਕਿ ਦੂਜੀ ਵਲ ਤੁਰ ਰਹੀ ਹੁੰਦੀ ਹੈ ਇਸ ਲਈ ਇਹ ਸਾਹਿਤ ਰੂਪ ਗਤੀ ਹੀਣ ਹੋਣ ਦੀ ਥਾਂ ਗਤੀਸ਼ੀਲ ਹੋ ਜਾਂਦਾ ਹੈ।

ਇਕ ਵਧੀਆ ਨਿਬੰਧ ਸੰਖੇਪ ਹੁੰਦਾ ਹੋਇਆ ਵੀ ਸੰਪੂਰਨਤਾ ਦਾ ਪ੍ਰਭਾਵ ਪਾਉਂਦਾ ਹੈ। ਉਪਰੀ ਨਜਰੇ ਤੱਕਿਆਂ ਇਹ ਦੋਵੇਂ ਗੁਣ ਇਕ ਦੂਜੇ ਦੇ ਵਿਰੋਧੀ ਜਾਪਦੇ ਹਨ, ਇਸ ਲਈ ਵਿਆਖਿਆ ਦੀ ਮੰਗ ਕਰਦੇ ਹਨ।

ਨਿਬੰਧ ਦੇ ਸੰਖੇਪ ਹੋਣ ਤੋਂ ਭਾਵ ਇਹ ਹੁੰਦਾ ਹੈ ਕਿ ਇਸ ਵਿਚ ਇੱਕੋ ਵਿਸ਼ੇ ਦਾ ਇੱਕੋ ਪੱਖ ਜਾਂ ਕੁਝ ਪੱਖ ਪੇਸ਼ ਕੀਤੇ ਜਾਣ। ਇਹ ਸੰਖੇਪਤਾ, ਪੰਨਿਆਂ, ਸਤਰਾਂ ਜਾਂ ਸ਼ਬਦਾਂ ਦੀ ਗਿਣਤੀ ਨਾਲ ਸੰਬੰਧਿਤ ਨਹੀਂ ਹੁੰਦੀ।

ਇਸੇ ਤਰ੍ਹਾਂ ਕਿਸੇ ਨਿਬੰਧ ਦੇ ਸੰਪੂਰਨ ਹੋਣ ਤੋਂ ਭਾਵ ਇਹ ਨਹੀਂ ਹੁੰਦਾ ਉਸ ਵਿਚ ਨਿਬੰਧਕਾਰ ਨੇ ਸੰਬੰਧਿਤ ਵਿਸ਼ੇ ਬਾਰੇ ਆਖਰੀ ਸ਼ਬਦ ਕਹਿ ਦਿੱਤਾ ਹੈ ਸਗੋਂ ਇਹ ਹੁੰਦਾ ਹੈ ਕਿ ਉਸ ਨੇ ਉਹ ਸਭ ਕੁਝ ਕਹਿ ਦਿੱਤਾ ਹੈ ਜੋ ਕੁਝ ਉਹ ਉਸ ਵਿਸ਼ੇ ਬਾਰੇ ਆਪਣੇ ਮਾਨਸਿਕ ਪ੍ਰਤੀਕਰਮ ਦੇ ਸਿੱਟੇ ਵਜੋਂ ਕਹਿਣਾ ਚਾਹੁੰਦਾ ਸੀ। ਇਹੀ ਕਾਰਨ ਹੈ ਕਿ ਇਕ ਚੰਗਾ ਨਿਬੰਧ ਸੰਖੇਪ ਹੁੰਦਾ ਹੋਇਆ ਵੀ ਪਾਠਕ ਦੇ ਵਿਚਾਰਾਂ ਵਿਚ ਭਖਾ ਅਤੇ ਭਾਵਨਾਵਾਂ ਵਿਚ ਹਲਚਲ ਪੈਦਾ ਕਰ ਦਿੰਦਾ ਹੈ।

ਜਿਥੋਂ ਤਕ ਨਿਬੰਧ ਦੀ ਪ੍ਰਕਾਰ ਵੰਡ ਦਾ ਸੁਆਲ ਹੈ, ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਇਥੇ ਇਸ ਸੰਬੰਧੀ ਸਵਿਸਤਾਰ ਚਰਚਾ ਕਰਨੀ ਯੋਗ ਨਹੀਂ। ਸਾਰ ਰੂਪ ਵਿਚ ਕੇਵਲ ਇੰਨਾ ਹੀ ਕਿਹਾ ਜਾ ਸਕਦਾ ਹੈ ਕਿ ਨਿਬੰਧ-ਕਾਰ ਦੀ ਸ਼ਖਸੀਅਤ ਹੀ ਇਸ ਮਨੋਰਥ ਲਈ ਸਹੀ ਆਧਾਰ ਹੋ ਸਕਦੀ ਹੈ ਕਿਉਂਕਿ ਹੋਰ ਕਿਸੇ ਤੱਤ, ਲੱਛਣ, ਵਿਸ਼ੇ ਜਾਂ ਮੰਤਵ ਆਦਿ ਨੂੰ ਵੰਨਗੀ ਵੰਡ ਦਾ ਆਧਾਰ ਬਣਾਉਣ ਨਾਲ ਨਿਬੰਧ ਦਾ ਸਹੀ ਰੂਪ ਨਹੀਂ ਨਿਖਰਦਾ। ਇਹ ਅਨੇਕਾਂ ਹੋਰ ਰਚਨਾਵਾਂ ਨਾਲ ਮਿਲਦੀ ਜੁਲਦੀ ਰਚਨਾ ਜਾਪਣ ਲਗ ਪੈਂਦੀ ਹੈ। ਇਸ ਦੀ ਪਰਿਭਾਸ਼ਾ ਧੁੰਦਲੀ ਹੋ ਜਾਂਦੀ ਹੈ। ਸੋ ਨਿਬੰਧਕਾਰ ਦੀ ਸ਼ਖਸੀਅਤ ਦੇ ਵੱਖ ਵੱਖ ਪੱਖ ਹੀ, ਘੱਟ ਜਾਂ ਵੱਧ ਰੂਪ ਵਿਚ ਪ੍ਰਗਟ ਹੋ ਕੇ ਨਿਬੰਧ ਦੀ ਵੰਨਗੀ ਨਿਸ਼ਚਿਤ ਕਰਦੇ ਹਨ। ਇਸ ਤਰ੍ਹਾਂ ਨਿਬੰਧ ਦੀਆਂ ਕੇਵਲ ਤਿੰਨ ਹੀ ਵੰਨਗੀਆਂ ਨਿਸ਼ਚਿਤ ਹੁੰਦੀਆਂ ਹਨ। (ੳ) ਵਿਚਾਰਾਤਮਕ ਨਿਬੰਧ (ਅ) ਭਾਵਾਤਮਕ ਨਿਬੰਧ (ੲ) ਵਿਅਕਤਿਤਵ ਪ੍ਰਧਾਨ ਨਿਬੰਧ।

ਜਿਥੇ ਵਿਚਾਰਾਤਮਕ ਨਿਬੰਧਾਂ ਦੇ ਵਿਸ਼ੇ ਸਦੀਵੀ ਮਹੱਤਵ ਰੱਖਣ ਵਾਲੇ ਹੁੰਦੇ ਹਨ ਉਥੇ ਇਸ ਵੰਨਗੀ ਦੀਆਂ ਰਚਨਾਵਾਂ ਵਿੱਚੋਂ ਇਕ ਸੁਚੱਜੀ ਵਿਚਾਰ-ਲੜੀ ਵਿਦਿਤ ਹੁੰਦੀ ਹੈ। ਇਨ੍ਹਾਂ ਵਿਚ ਨਿਬੰਧਕਾਰ ਕਿਸੇ ਸਮੱਸਿਆ, ਘਟਨਾ, ਵਿਚਾਰ, ਰੀਤ ਰਿਵਾਜ ਜਾਂ

Digitized by Panjab Digital Library | www.panjabdigilib.org

ਸਾਹਿਤਕ ਰਚਨਾ ਆਦਿ ਬਾਰੇ ਆਪਣੇ ਵਿਚਾਰ ਪੂਰੀ ਡੂੰਘਾਈ ਤੇ ਗੰਭੀਰਤਾ ਨਾਲ ਪ੍ਰਗਟ ਕਰਦਾ ਹੈ।

ਭਾਵਾਤਮਕ ਨਿਬੰਧ ਵਿਚ ਭਾਵ ਤੱਤ ਦੀ ਪ੍ਰਧਾਨਤਾ ਹੁੰਦੀ ਹੈ। ਅਜਿਹੇ ਨਿਬੰਧਾਂ ਵਿਚ ਭਾਵਾਤਮਕ ਤੱਤ ਸਰਵਵਿਆਪਕ ਹੁੰਦਾ ਹੈ। ਇਨ੍ਹਾਂ ਵਿਚ ਭਾਵ ਤੋਂ ਪਿੱਛੋਂ ਕਲਪਨਾ ਅਤੇ ਫਿਰ ਵਿਚਾਰ ਤੱਤ ਆਉਂਦਾ ਹੈ। ਇਹ ਨਿਬੰਧ 'ਕੀ ?' ਦਾ ਉਤਰ ਦਿੰਦੇ ਹਨ, 'ਕਿਉਂ ?' ਦਾ ਨਹੀਂ। ਕਿਸੇ ਵਸਤੂ, ਦ੍ਰਿਸ਼, ਸਥਾਨ ਜਾਂ ਵਿਅਕਤੀ ਨਾਲ ਸੰਬੰਧਿਤ ਵਿਚਾਰ ਨਿਬੰਧਕਾਰ ਦੇ ਮਨ ਵਿਚ ਅਨੰਦ, ਵਿਸ਼ਾਦ, ਖਿੱਚ ਜਾਂ ਦੂਰੀ ਦੇ ਭਾਵ ਪੈਦਾ ਕਰਦੇ ਹਨ। ਨਿਬੰਧਕਾਰ ਇਹਨਾਂ ਭਾਵਾਂ ਨੂੰ ਨਿਬੰਧ ਰਾਹੀਂ ਪ੍ਰਗਟ ਕਰ ਕੇ ਭਾਵਾਤਮਕ ਨਿਬੰਧ ਨੂੰ ਜਨਮ ਦਿੰਦਾ ਹੈ।

ਅਜੇਹੇ ਨਿਬੰਧਾਂ ਦਾ ਵਿਸ਼ਾ ਸਦੀਵੀ ਮਨੁੱਖੀ ਜਜ਼ਬੇ, ਇਹਨਾਂ ਨਾਲ ਸੰਬੰਧਿਤ ਗੱਲਾਂ ਅਤੇ ਕੋਮਲ ਕਲਾਵਾਂ ਆਦਿ ਬਣਦੀਆਂ ਹਨ। ਇਹਨਾਂ ਦਾ ਪ੍ਰਭਾਵ, ਵਿਚਾਰਾਤਮਕ ਨਿਬੰਧ ਵਾਂਗ, ਕਿਸੇ ਵਿਗਿਆਨਕ ਚਿੰਤਨ ਦਾ ਨਹੀਂ ਸਗੋਂ ਭਾਵੁਕ ਤ੍ਰਿਪਤੀ ਅਤੇ ਸੰਤੁਸ਼ਟੀ ਦਾ ਹੁੰਦਾ ਹੈ।

ਵਿਚਾਰਾਤਮਕ ਨਿਬੰਧ ਵਿਚ ਜਿਥੇ ਵਿਅਕਤੀ ਅਤੇ ਵਿਸ਼ੇ ਵਿਚ ਸਮਤੋਲ ਪ੍ਰਾਪਤ ਹੁੰਦਾ ਹੈ ਉਥੇ ਵਿਅਕਤਿਤਵ ਪ੍ਰਧਾਨ ਨਿਬੰਧ ਨਿਰੋਲ ਵਿਅਕਤੀ ਨਾਲ ਸੰਬੰਧਿਤ ਹੁੰਦਾ ਹੈ। ਇਸ ਪ੍ਰਕਾਰ ਦੇ ਨਿਬੰਧਾਂ ਵਿਚ ਨਿਬੰਧਕਾਰ ਆਪ ਹੀ ਵਿਸ਼ਾ ਅਤੇ ਆਪ ਹੀ ਵਿਆਖਿਆਕਾਰ ਹੁੰਦਾ ਹੈ। ਇਹੋ ਜਿਹੇ ਨਿਬੰਧ ਲਿਖਣਾ ਸੌਖੀ ਗੱਲ ਵੀ ਹੈ ਅਤੇ ਔਖੀ ਵੀ। ਸੌਖੀ ਇਸ ਲਈ ਕਿ ਕਹਿਣ ਵਾਲੀ ਗੱਲ ਆਪਣੀ ਹੀ ਹੁੰਦੀ ਹੈ ਤੇ ਔਖੀ ਇਸ ਲਈ ਕਿ ਕੇਵਲ ਆਪਣੀ ਹੀ ਗੱਲ ਕਰ ਕੇ ਪਾਠਕ ਦੀਆਂ ਭਾਵਨਾਵਾਂ ਨੂੰ ਟੁੰਬਣਾ ਕੋਈ ਸੌਖਾ ਕੰਮ ਨਹੀਂ ਹੁੰਦਾ।

ਪੰਜਾਬੀ ਵਿਚ ਨਿਬੰਧ

ਨਿਬੰਧ ਦੀ ਪਰਿਭਾਸ਼ਾ ਨਿਸਚਿਤ ਕਰਨ, ਇਸ ਦੇ ਤੱਤਾਂ ਅਤੇ ਵੰਨਗੀਆਂ ਬਾਰੇ ਉਪਰੋਕਤ ਚਰਚਾ ਉਪਰੰਤ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਪੁਰਾਤਨ ਪੰਜਾਬੀ ਵਾਰਤਕ ਦੀ ਰਚਨਾ ਸਮੇਂ ਭਾਵ ਸਤਾਰ੍ਹਵੀਂ ਤੇ ਅਠਾਰ੍ਹਵੀਂ ਸਦੀ ਵਿਚ ਇਸ ਵੰਨਗੀ ਦੇ ਉਪਜਣ ਤੇ ਵਿਕਸਿਤ ਹੋਣ ਦੀ ਕੋਈ ਸੰਭਾਵਨਾ ਨਹੀਂ ਸੀ। ਇਸੇ ਲਈ ਉਦੋਂ ਜਨਮ ਸਾਖੀਆਂ, ਗੋਸ਼ਟਾਂ ਟੀਕੇ, ਰਹਿਤਨਾਮੇ, ਬਚਨ, ਹੁਕਮਨਾਮੇ ਆਦਿ ਵਾਰਤਕ ਰੂਪ, ਸਮਕਾਲੀ ਲੋੜਾਂ ਅਤੇ ਸਾਹਿਤਕ ਪ੍ਰਵਿਰਤੀਆਂ ਅਨੁਸਾਰ ਜਨਮੇ ਤੇ ਵਿਕਸਿਤ ਹੋਏ। ਉਸ ਸਮੇਂ ਨਿਬੰਧ ਦੇ ਵਿਕਸਿਤ ਨਾ ਹੋਣ ਦਾ ਇਕ ਹੋਰ ਕਾਰਨ ਇਹ ਵੀ ਸੀ ਕਿ ਉਦੋਂ ਸਾਹਿਤ ਵਿਚ ਨਿੱਜੀ ਸ਼ਖਸੀਅਤ ਦੇ ਪ੍ਰਗਟਾਵੇ ਨੂੰ ਕੋਈ ਬਹੁਤਾ ਮਹੱਤਵ ਪ੍ਰਾਪਤ ਨਹੀਂ ਸੀ।

ਸੋ, ਪੰਜਾਬੀ ਵਿਚ ਨਿਬੰਧ ਦੇ ਜਨਮ ਦੀ ਅਸਲ ਸੰਭਾਵਨਾ ਪੰਜਾਬ ਉਤੋਂ ਅੰਗਰੇਜ਼ਾਂ ਦੇ ਕਬਜ਼ੇ ਤੋਂ ਪਿੱਛੋਂ ਭਾਵ 1850-60 ਦੇ ਤੇੜੇ ਨੇੜੇ ਪੈਦਾ ਹੋਈ ਕਿਉਂਕਿ ਉਸ ਵੇਲੇ ਅਨੇਕਾਂ ਅਜੇਹੇ ਹਾਲਾਤ ਬਣੇ ਜਿਨ੍ਹਾਂ ਨੇ ਇਸ ਵੰਨਗੀ ਦੇ ਜਨਮ ਤੇ ਵਿਕਾਸ ਉਤੇ ਅਸਰ ਪਾਇਆ। ਇਨ੍ਹਾਂ ਵਿੱਚੋਂ ਸਭ ਤੋਂ ਪ੍ਰਮੁੱਖ ਥਾਂ ਵਿਦਿਅਕ ਪ੍ਰਣਾਲੀ ਦੀ ਹੈ। ਇਸ ਪ੍ਰਣਾਲੀ

Digitized by Panjab Digital Library | www.panjabdigilib.org

ਦੇ ਹੋਂਦ ਵਿਚ ਆਉਣ ਦੇ ਸਿੱਟੇ ਵਜੋਂ ਜਿਥੇ ਪੰਜਾਬੀਆਂ ਦਾ ਵਾਹ ਨਵੇਂ ਸਾਹਿਤ ਰੂਪਾਂ ਨਾਲ ਪਿਆ, ਉਥੇ ਪਰਮਾਰਥਕ ਵਿਦਿਆ ਦੀ ਥਾਂ ਦੁਨਿਆਵੀ ਤੇ ਪਦਾਰਥਕ ਵਿਦਿਆ ਪੜ੍ਹੇ ਲੋਕਾਂ ਨੇ ਇਸ ਵੰਨਗੀ ਨੂੰ ਅਪਣਾਇਆ ਤੇ ਪ੍ਰਚਲਿਤ ਕੀਤਾ। ਇਸ ਵਿਚਲੀ ਦਲੀਲ ਤੇ ਭਾਵੁਕਤਾ ਦੇ ਮੇਲ ਤੋਂ ਉਪਜੀ ਮਾਨਸਿਕ ਤ੍ਰਿਪਤੀ ਉਨ੍ਹਾਂ ਨੂੰ ਰਾਸ ਆਈ।

ਨਵੀਂ ਵਿਦਿਅਕ ਪ੍ਰਣਾਲੀ ਦੀ ਸਥਾਪਨਾ ਦੇ ਸਿੱਟੇ ਵਜੋਂ ਹੀ ਟੈਕਸਟ ਬੁਕ ਕਮੇਟੀ ਬਣੀ, ਜਿਸ ਲਈ ਪੰਜਾਬੀ ਦੇ ਪਹਿਲੇ ਨਿਬੰਧਕਾਰ ਲਾਲਾ ਬਿਹਾਰੀ ਲਾਲ ਪੁਰੀ ਨੇ ਵਿਦਿਆ ਰਤਨਾਕਰ ਨਾਂ ਦੀ ਪਾਠ ਪੁਸਤਕ ਲਿਖੀ। ਇਸ ਪੁਸਤਕ ਵਿਚ ਪਹਿਲੀ ਵਾਰ ਕੁਝ ਨਿਬੰਧ ਸ਼ਾਮਲ ਕੀਤੇ ਗਏ। ਭਾਵੇਂ ਪੁਰੀ ਸਾਹਿਬ ਨੇ ਆਪਣੀਆਂ ਇਨ੍ਹਾਂ ਰਚਨਾਵਾਂ ਨੂੰ ਕਾਂਡ ਹੀ ਲਿਖਿਆ ਹੈ, ਨਿਬੰਧ ਨਹੀਂ, ਪਰ ਇਨ੍ਹਾਂ ਕਾਂਡਾਂ ਵਿਚ ਨਿਬੰਧ ਦੇ ਸਾਰੇ ਤੱਤ ਬੀਜ ਰੂਪ ਵਿਚ ਮੌਜੂਦ ਹਨ। ਵਿਦਿਆ ਰਤਨਾਕਰ ਦੀ ਪ੍ਰਕਾਸ਼ਨ ਮਿਤੀ ਨਾ ਮਿਲ ਸਕਣ ਕਾਰਨ ਇਹ ਦੱਸਣਾ ਅਜੇ ਸੰਭਵ ਨਹੀਂ ਕਿ ਪਹਿਲਾ ਪੰਜਾਬੀ ਨਿਬੰਧ ਸੰਗ੍ਰਹਿ ਕਦੋਂ ਪ੍ਰਕਾਸ਼ਿਤ ਹੋਇਆ ਪਰ ਇਹ ਗੱਲ ਨਿਸ਼ਚਿਤ ਹੈ ਕਿ ਲਾਲਾ ਬਿਹਾਰੀ ਲਾਲ ਪੁਰੀ ਨੇ ਹੀ ਇਸ ਪਾਸੇ ਪਹਿਲਾ ਜਤਨ ਕੀਤਾ।

ਪੰਜਾਬੀ ਨਿਬੰਧ ਦੇ ਵਿਕਾਸ ਵਿਚ ਉਪਰੋਕਤ ਪ੍ਰਣਾਲੀ ਤੋਂ ਛੁੱਟ ਪੱਤਰਕਾਰੀ ਦੇ ਆਰੰਭ ਤੇ ਵਿਕਾਸ ਨੇ ਵੀ ਭਰਪੂਰ ਹਿੱਸਾ ਪਾਇਆ। ਇਸ ਦੇ ਨਾਲ ਹੀ ਗੌਣ ਰੂਪ ਵਿਚ ਕੰਮ ਕਰ ਰਹੇ ਕਾਰਨਾਂ ਵਿਚ ਅਸੀਂ ਬਰਤਾਨਵੀ ਰਾਜ ਹੇਠ ਹੋਏ ਖੋਜੀ ਰੁਚੀਆਂ ਵਿਚ ਵਾਧੇ ਸੰਪ੍ਰਦਾਇਕ ਵਖੇਵਿਆਂ, ਅੰਗਰੇਜ਼ੀ ਰਾਜ ਵਿਰੁਧ ਚੱਲੀਆਂ ਲਹਿਰਾਂ ਅਤੇ ਅੰਦੋਲਨਾਂ ਅਤੇ ਮੱਧ ਸ਼੍ਰੇਣੀ ਦੀ ਹੋਂਦ ਆਦਿ ਨੂੰ ਗਿਣ ਸਕਦੇ ਹਾਂ।

ਪੰਜਾਬੀ ਨਿਬੰਧ ਦੇ ਜਨਮ ਭਾਵ 1860 ਈ. (ਲਗਭਗ) ਤੋਂ ਲੈ ਕੇ ਇਸ ਦੇ ਹੁਣ ਤਕ ਹੋਏ ਵਿਕਾਸ ਦਾ ਸਰਵੇਖਣ ਕਰਨ ਲਈ ਇਸ ਅਰਸੇ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। (1) ਧਾਰਮਿਕ ਲਹਿਰਾਂ ਅਤੇ ਕੌਮੀ ਚੇਤੰਨਤਾ ਦਾ ਸਮਾਂ (1860 ਈ ਤੋਂ 1930) (2) ਰਾਜਨੀਤਿਕ ਅਤੇ ਸਮਾਜਕ ਚੇਤੰਨਤਾ ਦਾ ਸਮਾਂ (1930 ਈ. ਤੋਂ 1950) (3) ਸੁਤੰਤਰਤਾ ਪ੍ਰਾਪਤੀ ਤੋਂ ਮਗਰੋਂ ਦਾ ਸਮਾਂ (1950 ਈ. ਤੋਂ ਪਿੱਛੋਂ)

ਸਾਡਾ ਹੱਥਲਾ ਕਾਂਡ ਕਿਉਂਕਿ ਸ. ਕਰਮ ਸਿੰਘ ਦੀ ਨਿਬੰਧਕਲਾ ਨਾਲ ਸੰਬੰਧਿਤ ਹੈ ਅਤੇ ਉਨ੍ਹਾਂ ਦੇ ਨਿਬੰਧ ਪਹਿਲੇ ਕਾਲ ਭਾਵ 1860 ਤੋਂ 1930 ਈ. ਤਕ ਦੇ ਅਰਸੇ ਵਿਚ ਹੀ ਰੱਖੇ ਜਾ ਸਕਦੇ ਹਨ, ਇਸ ਲਈ ਇਥੇ ਅਸੀਂ ਕੇਵਲ ਪਹਿਲੇ ਪੜਾਅ ਦੇ ਸਾਹਿੱਤਿਕ ਝੁਕਾਵਾਂ ਬਾਰੇ ਹੀ ਸੰਖੇਪ ਚਰਚਾ ਕਰ ਰਹੇ ਹਾਂ।

ਜਿਥੋਂ ਤਕ ਪਹਿਲੇ ਪੜਾਅ ਦਾ ਸੰਬੰਧ ਹੈ, ਧਰਮ ਅਤੇ ਧਾਰਮਿਕ ਚੇਤੰਨਤਾ ਇਸ ਦੀ ਮੁੱਖ ਸੰਚਾਲਕ ਸ਼ਕਤੀ ਬਣ ਜਾਣ ਕਾਰਨ ਇਸ ਨੂੰ ਸਹਿਜੇ ਹੀ ਧਾਰਮਿਕ ਲਹਿਰਾਂ ਅਤੇ ਕੌਮੀ ਚੇਤੰਨਤਾ ਦਾ ਸਮਾਂ ਆਖਿਆ ਜਾ ਸਕਦਾ ਹੈ। ਇਸ ਦੇ ਪਿਛੋਕੜ ਵਿਚ ਕੰਮ ਕਰਦੇ ਕਾਰਨਾਂ ਵਿਚ ਅਸੀਂ ਭਾਰਤੀਆਂ ਵੱਲੋਂ ਆਜ਼ਾਦੀ ਦੀ ਪ੍ਰਾਪਤੀ ਲਈ ਕੀਤੇ ਗਏ ਮੁੱਢਲੇ ਜਤਨਾਂ ਦੀ ਅਸਫ਼ਲਤਾ, ਅੰਗਰੇਜ਼ਾਂ ਵਲੋਂ ਭਾਰਤੀਆਂ ਦੇ ਕੌਮੀ ਆਚਰਣ ਨੂੰ ਡੇਗਣ ਲਈ ਕੀਤੇ ਗਏ ਜਤਨਾਂ ਅਤੇ ਫਿਰਕੂ ਨੀਤੀ ਦਾ ਪ੍ਰਚਾਰ, ਭਾਰਤੀਆਂ ਵਿਚ ਸਵੈ ਸਤਿਕਾਰ ਦੀ ਘਾਟ, ਆਰਥਿਕ ਮੰਦਵਾੜੇ ਦੇ ਸਿੱਟੇ ਵਜੋਂ ਆਈ ਗਰੀਬੀ ਅਤੇ ਬਦੇਸ਼ੀ ਧਰਮ ਦਾ ਠੋਸਿਆ ਜਾਣਾ

Digitized by Panjab Digital Library | www.panjabdigilib.org

ਆਦਿ ਨੂੰ ਗਿਣ ਸਕਦੇ ਹਾਂ। ਇਨ੍ਹਾਂ ਸਾਰੀਆਂ ਗੱਲਾਂ ਦਾ ਸਾਂਝਾ ਅਸਰ ਲੋਕਾਂ ਵਿਚ ਅਤਰ-ਮੁਖਤਾ ਪੈਦਾ ਕਰਨ, ਧਰਮ ਅਤੇ ਧਾਰਮਿਕ ਪ੍ਰਚਾਰ ਦਾ ਵਾਧਾ ਕਰਨ ਅਤੇ ਆਪੋ ਆਪਣੇ ਇਤਿਹਾਸ ਤੇ ਸੁਨਹਿਰੀ ਭੂਤ ਦੀ ਫੋਲਾ ਫਾਲੀ ਕਰਨ ਵਾਲੀਆਂ ਰੁਚੀਆਂ ਦੇ ਰੂਪ ਵਿਚ ਪ੍ਰਗਟ ਹੋਇਆ।

ਇਸ ਰੁਚੀ ਦੇ ਸਿੱਟੇ ਵਜੋਂ ਇਸ ਕਾਲ ਦੀ ਵਿਸ਼ੇਸ਼ਤਾ ਨਵੇਂ ਵਿਚਾਰ ਨਹੀਂ ਸਗੋਂ ਨਵੇਂ ਸਾਹਿਤ ਰੂਪਾਂ ਦੀ ਉਪਜ ਹੈ। ਨਿਬੰਧ, ਇਕ ਸਾਹਿਤ ਰੂਪ ਵਜੋਂ, ਸਿੰਘ ਸਭਾ ਲਹਿਰ ਦੇ ਪ੍ਰਚਾਰਕਾਂ ਵੱਲੋਂ ਅਤੇ ਹੋਰ ਧਾਰਮਿਕ ਅਦਾਰਿਆਂ ਵੱਲੋਂ ਰੱਜ ਕੇ ਇਸ ਮੰਤਵ ਲਈ ਵਰਤਿਆ ਗਿਆ ਹੈ। ਇਹਨਾਂ ਨਿਬੰਧਾਂ ਵਿਚ ਪੁਰਾਤਨ ਧਾਰਮਿਕ ਕੀਮਤਾਂ ਸੁਰਜੀਤ ਕਰਨ ਉੱਤੇ ਹੀ ਬਹੁਤ ਜ਼ੋਰ ਦਿੱਤਾ ਗਿਆ ਹੈ। ਲੋਕਾਂ ਨੂੰ ਬੀਤੇ ਦੇ ਸ਼ਾਨਦਾਰ ਦ੍ਰਿਸ਼ ਵਿਖਾ ਕੇ ਨਵੀਂ ਸਭਿਅਤਾ ਦੇ ਅਸਰਾਂ ਤੋਂ ਬਚਣ ਲਈ ਜ਼ੋਰਦਾਰ ਪ੍ਰੇਰਨਾ ਦਿੱਤੀ ਗਈ ਹੈ।

ਫਲਸਰੂਪ ਇਸ ਸਮੇਂ ਲਿਖੇ ਗਏ ਨਿਬੰਧਾਂ ਵਿਚ ਧਰਮ ਬਾਰੇ ਪਰੰਪਰਾਵਾਦੀ ਦ੍ਰਿਸ਼ਟੀ-ਕੋਣ ਹੀ ਪ੍ਰਧਾਨ ਰਹਿੰਦਾ ਹੈ। ਇਸ ਪੜਾਅ ਦੀਆਂ ਲਿਖਤਾਂ ਦੇ ਮੰਤਵ ਵੀ ਉਹੀ ਹਨ, ਜਿਨ੍ਹਾਂ ਅਧੀਨ ਜਨਮ ਸਾਖੀਆ ਗੋਸ਼ਟਾਂ ਅਤੇ ਅਜੇਹੀਆਂ ਹੋਰ ਵਾਰਤਕ ਵੰਨਗੀਆਂ, ਦੀ ਰਚਨਾ ਹੋਈ ਸੀ, ਜਿਵੇਂ ਗੁਰੂ ਸਾਹਿਬਾਨ ਵਲ ਅਪੂਰਵ ਨਿਸ਼ਠਾ, ਪੁਰਾਤਨ ਰੀਤਾਂ, ਰਸਮਾਂ, ਰਿਵਾਜਾਂ ਰਹਿਤਾਂ ਦਾ ਪ੍ਰਚਾਰ ਆਦਿ ਗੱਲਾਂ। ਇਸ ਤੋਂ ਛੁੱਟ ਦੂਜੇ ਧਰਮਾਂ ਨਾਲ ਤੁਲਨਾਤਮਕ ਅਧਿਐਨ ਵੀ ਵਿਸ਼ਾ ਬਣਿਆ ਹੈ। ਆਮ ਤੌਰ ਤੇ ਇਨ੍ਹਾਂ ਵਿਚ ਸਦਾਚਾਰਕ ਗੁਣਾਂ ਦੀ ਮਹੱਤਤਾ ਦਰਸਾਈ ਗਈ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿ ਤੋਂ ਬਚਣ ਲਈ ਪ੍ਰੇਰਿਆ ਗਿਆ ਹੈ।

ਸ. ਕਰਮ ਸਿੰਘ ਤੋਂ ਛੁਟ, ਇਸ ਅਰਸੇ ਵਿਚ ਜਿਨ੍ਹਾਂ ਨਿਬੰਧਕਾਰਾਂ ਦੀਆਂ ਰਚਨਾਵਾਂ ਸੁਲਭ ਹਨ, ਉਨ੍ਹਾਂ ਦੇ ਨਾਂ ਹਨ, ਲਾਲਾ ਬਿਹਾਰੀ ਲਾਲ ਪੁਰੀ, ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ, ਸ. ਗਹਿਲ ਸਿੰਘ, ਸ. ਬੁੱਧ ਸਿੰਘ, ਭਾਈ ਲਾਹੌਰਾ ਸਿੰਘ, ਭਾਈ ਸੇਵਾ ਸਿੰਘ ਗਿਆਨੀ ਮਹਿੰਦਰ ਸਿੰਘ, ਭਾਈ ਉਜਾਗਰ ਸਿੰਘ, ਸ. ਬਲਵੰਤ ਸਿੰਘ ਚਤਰਥ ਅਤੇ ਪ੍ਰੋ. ਪੂਰਨ ਸਿੰਘ।

ਨਿਬੰਧ ਦੀ ਪਰਿਭਾਸ਼ਾ, ਤੱਤਾਂ, ਵੰਨਗੀਆਂ, ਕਾਲ ਵੰਡ ਅਤੇ ਪੰਜਾਬੀ ਵਿਚ ਮੁਢਲੇ ਕਾਲ ਦੀ ਨਿਬੰਧ ਰਚਨਾ ਬਾਰੇ ਉਪਰੋਕਤ ਸੰਖੇਪ ਜਿਹੇ ਸਰਵੇਖਣ ਉਪਰੰਤ ਸ. ਕਰਮ ਸਿੰਘ ਦੀ ਇਸ ਖੇਤਰ ਵਿਚ ਦੇਣ ਬਾਰੇ ਵਿਚਾਰ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ।

ਇਹ ਤਾਂ ਸਪਸ਼ਟ ਹੀ ਹੈ ਕਿ ਨਿਬੰਧ ਦੀ ਉਕਤ ਪਰਿਭਾਸ਼ਾ ਅਨੁਸਾਰ ਸ. ਕਰਮ ਸਿੰਘ ਦੀਆਂ ਇਤਿਹਾਸਕ ਪੁਸਤਕਾਂ ਅਤੇ ਵਾਰਤਕ ਲਿਖਤਾਂ ਦਾ ਕੇਵਲ ਥੋੜਾ ਜਿਹਾ ਹਿੱਸਾ ਹੀ ਇਸ ਘੇਰੇ ਵਿਚ ਆਉਂਦਾ ਹੈ। ਜਿਵੇਂ ਉਪਰ ਦੱਸਿਆ ਜਾ ਚੁੱਕਾ ਹੈ, ਨਿਬੰਧ ਕੇਵਲ ਸੂਚਨਾ, ਵਿਵਰਣ ਜਾਂ ਵਰਣਨ ਦਾ ਨਾਂ ਹੀ ਨਹੀਂ ਹੈ, ਇਹ ਤਾਂ ਲੇਖਕ ਦੇ ਨਿਜੀ ਪ੍ਰਤੀਕਰਮ ਤੇ ਉਸ ਦੇ ਵਿਅਕਤਿਤ੍ਵ ਦੀ ਪਛਾਣ ਹੈ। ਇਸ ਦੇ ਉਲਟ ਇਤਿਹਾਸ ਤੇ ਇਤਿਹਾਸਕਾਰੀ ਗਿਆਨ ਮਈ ਸਾਹਿਤ ਦੇ ਘੇਰੇ ਵਿਚ ਆਉਂਦੇ ਹਨ। ਇਨ੍ਹਾਂ ਵਿਚ ਲੇਖਕ ਯਥਾਰਥਕ ਧਰਾਤਲ ਤੇ ਵਿਚਰਦਿਆਂ, ਕਲਪਨਾ ਤੋਂ ਲੜ ਛੁਡਾ ਕੇ, ਕੇਵਲ ਤੱਥਾਂ ਨੂੰ ਸਹੀ ਤੇ ਸਪਸ਼ਟ ਰੂਪ ਵਿਚ ਪੇਸ਼ ਕਰਨ ਦਾ ਮੰਤਵ ਹੀ ਸਾਹਮਣੇ ਰਖਦਾ ਹੈ। ਸੋ 'ਕੱਤਕ ਕਿ ਵਸਾਖ' ਗੁਰ-

Digitized by Panjab Digital Library | www.panjabdigilib.org

ਪੁਰਬ ਨਿਰਣੈ, ਬੰਦਾ ਬਹਾਦਰ ਕੌਣ ਸੀ ? 'ਕੇਸ ਤੇ ਸਿੱਖੀ' ਆਦਿ ਪੁਸਤਕਾਂ ਸੂਚਨਾਮਈ ਹੋਣ ਕਾਰਨ ਨਿਬੰਧ ਦੇ ਘੇਰੇ ਵਿਚ ਨਹੀਂ ਆਉਂਦੀਆਂ। ਇਸੇ ਤਰ੍ਹਾਂ ਜੀਵਨ ਬੀਬੀ ਹਰਨਾਮ ਕੌਰ, ਜੀਵਨ ਬੀਬੀ ਸਦਾ ਕੌਰ, ਬਾਬਾ ਆਲਾ ਸਿੰਘ ਅਤੇ ਬੰਦਾ ਬਹਾਦਰ ਆਦਿ ਲਿਖਤਾਂ ਵਿਚ ਕਿਤੇ ਕਿਤੇ, ਨਿਬੰਧ ਦੇ ਤੱਤ-ਜਿਵੇਂ ਨਿਜੀਪਣ ਤੇ ਲੇਖਕ ਪਾਠਕ ਨੇੜਤਾ ਆਦਿ ਝਲਕਦੇ ਹਨ, ਪਰ ਇਨ੍ਹਾਂ ਰਚਨਾਵਾਂ ਨੂੰ ਨਿਰੋਲ ਨਿਬੰਧ ਦੇ ਸਿਰਲੇਖ ਹੇਠ ਰੱਖਣਾ ਉਚਿਤ ਨਹੀਂ ਜਾਪਦਾ। ਇਨ੍ਹਾਂ ਵਿਚ ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਜੀਵਨੀ ਤੇ ਤੱਤ ਵਧੇਰੇ ਵਿਦਮਾਨ ਹਨ। ਫੁਲਵਾੜੀ ਵਿਚ ਛਪਦੇ ਰਹੇ ਲੇਖਾਂ, ਜਿਵੇਂ ਸਾਡਾ ਇਤਿਹਾਸ ਨੰ: 1,2,3, ਆਦਿ ਵਿਚ ਵੀ ਇਹੀ ਗੱਲ ਦ੍ਰਿਸ਼ਟੀਗੋਚਰ ਹੁੰਦੀ ਹੈ।

ਸੋ ਨਿਬੰਧ ਰਚਨਾ ਦੇ ਖੇਤਰ ਵਿਚ ਸ. ਕਰਮ ਸਿੰਘ ਦੀ ਦੇਣ ਉਨ੍ਹਾਂ ਦੀ ਇਕੋ ਇਕ ਪੁਸਤਕ 'ਅਮਰ ਖਾਲਸਾ' ਵਿਚ ਸੰਮਿਲਤ ਨਿਬੰਧਾਂ ਤਕ ਹੀ ਸੀਮਤ ਹੈ। ਭਾਵੇਂ ਗਿਣਤੀ ਪੱਖੋਂ ਇਹ ਦੇਣ ਨਿਗੂਣੀ ਜਿਹੀ ਹੈ, ਫਿਰ ਵੀ ਇਹ ਇਸ ਗੱਲ ਦੀ ਪ੍ਰਤੀਕ ਹੈ ਕਿ ਜੇ ਕਰਮ ਸਿੰਘ ਸਿਰਜਣਾਤਮਕ ਸਾਹਿੱਤ ਵਲ ਧਿਆਨ ਦੇਣ ਲਈ ਸਮਾਂ ਕੱਢ ਸਕਦੇ ਤਾਂ ਲਾਜ਼ਮੀ ਤੌਰ ਤੇ ਪੰਜਾਬੀ ਨਿਬੰਧ ਸਾਹਿੱਤ ਵਿਚ ਕਾਫੀ ਮਹੱਤਵਪੂਰਨ ਥਾਂ ਪ੍ਰਾਪਤ ਕਰ ਸਕਦੇ ਸਨ। ਉਂਝ ਵੀ, ਸਾਹਿਤ ਵਿਚ, ਗਿਣਤੀ ਦਾ ਕੋਈ ਬਹੁਤਾ ਮਹਤ੍ਵ ਨਹੀਂ ਹੁੰਦਾ। ਸਾਹਿਤ ਦੇ ਇਤਿਹਾਸ ਵਿਚ ਇਹ ਵੇਖਣ ਵਿਚ ਆਉਂਦਾ ਹੈ ਕਿ ਕਿਸੇ ਲੇਖਕ ਦੀ ਇੱਕੋ ਰਚਨਾ ਹੀ ਉਸ ਨੂੰ ਅਮਰ ਕਰ ਦੇਂਦੀ ਹੈ ਤੇ ਉਸੇ ਲਿਖਤ ਨੂੰ ਹੀ ਉਸ ਦਾ ਸ਼ਾਹਕਾਰ ਮੰਨ ਲਿਆ ਜਾਂਦਾ ਹੈ। ਦੂਜੇ ਪਾਸੇ ਗਿਣਤੀ ਦੇ ਪੱਖੋਂ ਅਨੇਕਾਂ ਰਚਨਾਵਾਂ ਦੇਣ ਵਾਲੇ ਸਾਹਿਤਕਾਰ, ਪ੍ਰਤਿਭਾ ਦੀ ਅਣਹੋਂਦ ਕਾਰਨ ਨਾ ਤਿੰਨਾਂ ਵਿਚ ਗਿਣੇ ਜਾਂਦੇ ਹਨ ਤੇ ਨਾ ਤੇਰਾਂ ਵਿਚ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1932 ਈ. ਵਿਚ ਪ੍ਰਕਾਸ਼ਿਤ ਇਸ ਪੁਸਤਕ 'ਅਮਰ ਖਾਲਸਾ' ਵਿਚ ਸ਼ਾਮਲ ਨਿਬੰਧ ਹਨ : ਮੁਸੀਬਤ ਸਮੇਂ ਖਾਲਸਾਈ ਕਰਤੱਵ, ਗੁਰਦੁਆਰਿਆਂ ਸੰਬੰਧੀ ਖਾਲਸਈ ਕਰਤੱਵ, ਮਿਲਵਰਤਨ ਤੇ ਨਾ ਮਿਲਵਰਤਨ, ਸੰਮਤੀ ਭੇਦ ਅਤੇ ਦ੍ਰਿੜਤਾ। ਹੀਰਾ ਸਿੰਘ ਦਰਦ ਦੇ ਕਥਨ ਅਨੁਸਾਰ, "ਅਕਾਲੀ ਲਹਿਰ ਵਿਚ ਫਿਰ ਆਪ ਦੀ ਛੋਟੀ ਜਿਹੀ ਪੁਸਤਕ ਅਮਰ ਖਾਲਸਾ ਪ੍ਰਕਾਸ਼ਿਤ ਹੋਈ। ਇਸ ਵਿਚ ਗਜ਼ਬ ਦੀ ਸਿੱਖੀ ਸਪਿਰਟ ਭਰੀ ਹੋਈ ਸੀ। ਇਸ ਦੇ ਪੜ੍ਹਨ ਨਾਲ ਸੀਨੇ ਵਿਚ ਸਿੱਖੀ ਜੋਸ਼ ਉਬਾਲੇ ਲੈਣ ਲਗ ਪੈਂਦਾ ਸੀ।"[13]

ਇਸ ਪੁਸਤਕ ਦੀ ਰਚਨਾ ਦਾ ਮਨੋਰਥ ਸਿੱਖ ਕੌਮ ਦੇ ਇਤਿਹਾਸ ਨੂੰ ਆਧਾਰ ਬਣਾ ਕੇ ਸਿੱਟੇ ਕਢਣਾ ਤੇ ਕੌਮੀ ਚੇਤੰਨਤਾ ਵਿਚ ਵਾਧਾ ਕਰਨਾ ਹੈ। ਲੇਖਕ ਦੇ ਆਪਣੇ ਸ਼ਬਦਾਂ ਵਿਚ :

> "ਸਿੱਖ ਕੌਮ ਦਾ ਇਤਿਹਾਸ ਸਾਡੇ ਸਾਹਮਣੇ ਹੈ। ਇਸ ਦੇ ਚਾਨਣੇ ਵਿਚ ਅਸੀਂ ਵੇਖਣਾ ਹੈ ਕਿ ਖਾਲਸਈ ਕਰਤੱਵ ਕੀ ਚੀਜ਼ ਹੈ। ਮੁਸੀਬਤ ਦਾ ਸਿੱਖਾਂ ਉਤੇ ਕੀ ਅਸਰ ਹੁੰਦਾ ਹੈ, ਗੁਰਦੁਆਰਿਆਂ ਸੰਬੰਧੀ ਸਿੱਖਾਂ ਅੰਦਰ ਕੀ ਸਪਰਿਟ ਹੈ, ਜਦ ਸਿੱਖ ਕਿਸੇ ਕੰਮ ਲਈ ਲੱਕ ਬੰਨ੍ਹ ਲੈਂਦੇ ਹਨ ਤਾਂ ਉਸ ਨੂੰ ਪੂਰਾ ਕਰਨ ਲਈ ਉਹ ਕੀ ਕੁਝ

---

[13]'ਫੁਲਵਾੜੀ (ਮਾਸਕ)', ਕਰਮ ਸਿੰਘ ਨੰਬਰ, ਪੰਨਾ 1057.

Digitized by Panjab Digital Library | www.panjabdigilib.org

ਕਰ ਗੁਜ਼ਰਦੇ ਹਨ। ਜਦ ਆਪੋ ਵਿਚ ਸੰਮਤੀ ਭੇਦ ਹੋਵੇ, ਤਾਂ ਸਿੱਖ ਕੀ ਕੀਤਾ ਕਰਦੇ ਸਨ, ਸਿੱਖਾਂ ਵਿਚ ਗਰਮ ਦਲ ਤੇ ਨਰਮ ਦਲ ਕਿਸ ਹੱਦ ਤੀਕ ਅੱਡੋ ਅੱਡ ਰਹਿੰਦੇ ਹਨ ਤੇ ਕਿਥੇ ਆ ਕੇ ਇਕ ਹੋ ਜਾਂਦੇ ਹਨ, ਇਹ ਗੱਲਾਂ ਹਨ, ਜਿਨ੍ਹਾਂ ਦਾ ਉਤਰ ਕੇਵਲ ਸਿੱਖ ਇਤਿਹਾਸ ਦੇ ਸਕਦਾ ਹੈ। ਮੇਰੀ ਸੰਮਤੀ ਯਾ ਆਪ ਦੀ ਸੰਮਤੀ ਕੁਝ ਅਰਥ ਨਹੀਂ ਰਖਦੀ। ਜੋ ਸੰਮਤੀ ਇਤਿਹਾਸ ਦੀ ਹੈ, ਉਹ ਹੀ ਠੀਕ ਹੈ। ਇਤਿਹਾਸ ਮੁੜ ਮੁੜ ਆਪ ਨੂੰ ਦੁਹਰਾਇਆ ਕਰਦਾ ਹੈ। ਜੋ ਕੰਮ ਕੋਈ ਕੌਮ ਪਿਛੇ ਕਰ ਚੁੱਕੀ ਹੈ, ਉਹੋ ਹੀ ਅੱਗੇ ਨੂੰ ਕਰੇਗੀ "[14]

ਸਪਸ਼ਟ ਹੈ ਕਿ ਕਰਮ ਸਿੰਘ ਦੇ ਇਹ ਨਿਬੰਧ ਕੌਮੀ ਚੇਤੰਨਤਾ ਪੈਦਾ ਕਰਨ ਦੇ ਮੰਤਵ ਨੂੰ ਸਾਹਮਣੇ ਰੱਖ ਕੇ ਲਿਖੇ ਗਏ ਹਨ ਅਤੇ ਵੰਨਗੀ ਵਜੋਂ ਵਿਚਾਰਤਮਕ ਨਿਬੰਧ ਦੇ ਘੇਰੇ ਵਿਚ ਆਉਂਦੇ ਹਨ। ਨਿਬੰਧ ਸ਼ੈਲੀ ਵਜੋਂ ਲੇਖਕ ਨੇ ਜਿਹੜੀ ਜੁਗਤ ਵਰਤੀ ਹੈ ਉਹ ਕਿਸੇ ਇਕ ਵਿਚਾਰ, ਨਿਰਣੇ ਜਾਂ ਧਾਰਣਾ ਨੂੰ ਨਿਬੰਧ ਦੇ ਆਰੰਭ ਵਿਚ ਪੇਸ਼ ਕਰਨਾ ਅਤੇ ਉਸ ਦੀ ਪੁਸ਼ਟੀ ਲਈ ਸਿੱਖ ਇਤਿਹਾਸ ਵਿੱਚੋਂ ਮਿਸਾਲਾਂ ਦੇਣਾ ਹੈ।

ਨਿਬੰਧ ਦਾ ਮੁੱਖ ਤੱਤ ਨਿਜਤ੍ਵ ਜਾਂ ਲੇਖਕ ਦੀ ਸ਼ਖਸੀਅਤ ਇਥੇ ਭਰਪੂਰ ਰੂਪ ਵਿਚ ਪ੍ਰਾਪਤ ਹੈ। ਹਰ ਸ਼ਬਦ ਤੇ ਸਤਰ ਵਿਚ ਲੇਖਕ ਦੀ ਸਿੱਖ ਧਰਮ ਪ੍ਰਤੀ ਸ਼ਰਧਾ, ਅਟੁੱਟ ਵਿਸ਼ਵਾਸ ਤੇ ਇਤਿਹਾਸਕ ਕਾਰਨਾਮਿਆਂ ਲਈ ਪ੍ਰਸੰਸਾ ਦੀ ਭਾਵਨਾ ਉਜਾਗਰ ਹੁੰਦੀ ਹੈ। ਲੇਖਕ ਦਾ ਨਿੱਜਤਵ ਮੈਂ ਦੇ ਰੂਪ ਵਿਚ ਘੱਟ ਅਤੇ ਵਿਚਾਰਾਂ ਤੇ ਧਾਰਣਾਵਾਂ ਦੇ ਪੱਖੋਂ ਬਹੁਤਾ ਪ੍ਰਗਟ ਹੋਇਆ ਹੈ। ਮਿਸਾਲ ਵਜੋਂ ਹੇਠ ਲਿਖੀਆਂ ਟੂਕਾਂ ਤੋਂ ਇਹ ਗੱਲ ਸਪਸ਼ਟ ਹو ਜਾਂਦੀ ਹੈ :

(1) "ਮੁਸੀਬਤ ਨੂੰ ਸਾਹਮਣੇ ਵੇਖ ਕੇ ਜੈ ਕਾਰਾ ਗਜਾਉਣਾ ਮੁਸੀਬਤ ਨੂੰ ਵੰਗਾਰਨਾ ਹੈ ਕਿ ਤੂੰ ਆਪਣਾ ਜ਼ੋਰ ਲਾ ਲੈ, ਅਸੀਂ ਚੜ੍ਹਦੀਆਂ ਕਲਾਂ ਵਿਚ ਹੀ ਰਹਿਣਾ ਹੈ। ਮੁਸੀਬਤ ਦਾ ਦਾਰੂ ਜੈ ਕਾਰਾ ਹੈ, ਇਹ ਭੇਤ ਖਾਲਸੇ ਨੇ ਜੰਗਲਾਂ ਵਿਚ ਰਹਿ ਕੇ ਲੱਭਾ ਸੀ। ਹਰ ਕੋਈ ਪਰਤਿਆ ਕੇ ਵੇਖ ਸਕਦਾ ਹੈ ਕਿ ਮੁਸੀਬਤ ਦੇ ਸਮੇਂ ਦਿਲ ਖੋਲ ਕੇ ਜੈਕਾਰਾ ਗਜਾਇਆ ਜਾਵੇ ਤਾਂ ਮੁਸੀਬਤ ਦਾ ਅਸਰ ਕਿਤਨਾ ਕੁ ਘਟ ਜਾਂਦਾ ਹੈ।"[15]

(2) ਧਰਮ ਖਾਤਰ ਸੀਸ ਦੇਣ ਦਾ ਸਮਾਂ ਆਵੇ ਤਾਂ ਸਿੱਖਾਂ ਨੂੰ ਚਾਉ ਚੜ੍ਹ ਜਾਂਦਾ ਹੈ। ਐਸੀ ਸੂਰਤ ਵਿਚ ਉਹ ਹਾਣ ਲਾਭ ਨਹੀਂ ਵਿਚਾਰਦੇ। ਕੁਝ ਅੱਗਾਂ ਪਿੱਛਾ ਨਹੀਂ ਸੋਚਦੇ। ਹਰ ਇਕ ਸਿੱਖ ਦੀ ਇਹੋ ਚਾਹਨਾ ਹੁੰਦੀ ਹੈ ਕਿ ਸਭ ਤੋਂ ਪਹਿਲਾਂ ਉਸ ਦਾ ਸੀਸ ਲੱਗੇ ਉਸ ਨੂੰ ਇਹ ਦੁਨੀਆਂ ਨਜ਼ਰ ਨਹੀਂ ਆਉਂਦੀ ਹੁੰਦੀ। ਉਸ ਸਤਿਗੁਰ ਜੀ ਦਾ ਦਰਬਾਰ ਦਿਸਦਾ ਹੁੰਦਾ ਹੈ। ਉਹ ਇਸ ਦਰਬਾਰ ਵਿਚ ਪੁੱਜਣ ਲਈ ਕਾਹਲਾ ਹੁੰਦਾ ਹੈ, ਇਸੇ ਲਈ ਸਭ ਤੋਂ

---

[14]'ਅਮਰ ਖਾਲਸਾ', ਪੰਨਾ 4

[15]ਉਹੀ, ਪੰਨਾ 6.

Digitized by Panjab Digital Library | www.panjabdigilib.org

ਪਹਿਲਾਂ ਸਿਰ ਵਾਰਦਾ ਹੈ।"[16]

ਲੇਖਕ ਦੇ ਇਹਨਾਂ ਨਿਬੰਧਾਂ ਵਿਚ ਨਿਜਤ੍ਵ ਦੀ ਸਿਫਤ ਤਾਂ ਹੈ ਹੀ, ਨਾਲ ਹੀ ਬੌਧਿਕਤਾ ਤੇ ਭਾਵੁਕਤਾ ਦੇ ਸੁਮੇਲ ਦਾ ਗੁਣ ਵੀ ਲਭਦਾ ਹੈ। ਭਾਵਾਤਮਕ ਪ੍ਰਗਟਾਵੇ ਨਾਲ ਨਿਬੰਧ ਪੜ੍ਹਨ ਯੋਗ ਸਾਹਿੱਤਕ ਲਿਖਤ ਬਣਦਾ ਹੈ ਤੇ ਦਲੀਲ ਦੀ ਹੋਂਦ ਇਸ ਨੂੰ ਮੰਨਣ ਯੋਗ ਬਣਾਉਂਦੀ ਹੈ। ਅਹਿਮਦ ਸ਼ਾਹ ਅਬਦਾਲੀ ਨਾਲ ਟ੍ਾਕਰੇ ਵੇਲੇ ਸਿੰਘਾਂ ਦਾ ਬਹੁਤ ਨੁਕਸਾਨ ਹੋਇਆ ਸੀ। ਅਬਦਾਲੀ ਨੂੰ ਇਹ ਭੁਲੇਗਾ ਲਗ ਗਿਆ ਕਿ ਉਹ ਸਿੰਘਾਂ ਦਾ ਲੱਕ ਤੋੜਨ ਵਿਚ ਸਫ਼ਲ ਹੋ ਗਿਆ ਹੈ। ਪਰ ਖਾਲਸੇ ਦੀ ਚੜ੍ਹਦੀ ਕਲਾ ਸੀ। ਉਸ ਸਥਿਤੀ ਦਾ ਵਰਣਨ ਕਰਮ ਸਿੰਘ ਨੇ ਇਉਂ ਕੀਤਾ ਹੈ :

"ਪਰ ਇਹ ਉਸਦੀ ਭੁੱਲ ਸੀ। ਖਾਲਸੇ ਨੂੰ ਨਿਰਸੰਦੇਹ ਬੜੀ ਭਾਰੀ ਸੱਟ ਵੱਜੀ ਸੀ। (ਉਸ ਸਮੇਂ ਦੇ ਖਿਆਲ ਅਨੁਸਾਰ ਪੰਜਾਹ ਹਜ਼ਾਰ ਖਾਲਸਾ ਸ਼ਹੀਦ ਹੋ ਗਿਆ ਸੀ) ਪਰ ਖਾਲਸੇ ਦਾ ਦਿਲ ਨਹੀਂ ਡੋਲਿਆ ਸੀ। ਜਦ ਸੰਝ ਨੂੰ ਖਾਲਸਾ ਇਕੱਠਾ ਹੋਇਆ ਤਾਂ ਇਕ ਸਿੰਘ ਨੇ ਗੱਜ ਕੇ ਆਖਿਆ ਕਿ ਜੋ ਖੋਟ ਸੀ ਨਿਕਲ ਗਿਆ ਹੁਣ ਤੱਤ ਖਾਲਸਾ ਹੀ ਰਹਿ ਗਿਆ ਹੈ। ਜਿਸ ਕੌਮ ਦਾ ਮੁਸੀਬਤ ਵੇਲੇ ਐਸਾ ਸਾਹਸ ਹੋਵੇ, ਉਹ ਕੌਮ ਕਦੇ ਡੋਲ ਨਹੀਂ ਸਕਦੀ। ਕਿਸੇ ਮੈਦਾਨ ਵਿਚ ਹਾਰ ਨਹੀਂ ਸਕਦੀ।"[17]

ਇਸੇ ਤਰ੍ਹਾਂ ਗੁਰਦੁਆਰਿਆਂ ਸੰਬੰਧੀ ਖਾਲਸਈ ਕਰੱਤਵ ਵਿਚ ਸਿੱਖਾਂ ਦੀ ਕੁਰਬਾਨੀ ਬਾਰੇ ਦਸਦਿਆਂ ਕਰਮ ਸਿੰਘ ਨੇ ਇਹ ਗ਼ਣ ਪੈਦਾ ਕੀਤਾ ਹੈ :

"ਸਿੱਖਾਂ ਵਿਚ ਕੁਰਬਾਨੀ ਦਾ ਮਾਦਾ ਸਭ ਨਾਲੋਂ ਵਧੀਕ ਕਿਉਂ ਹੈ? ਸਿੱਖ ਧਰਮ ਖਾਤਰ ਐਡੀ ਛੇਤੀ ਜਾਨਾਂ ਵਾਰਨ ਨੂੰ ਕਿਉਂ ਤਿਆਰ ਹ�ो ਜਾਂਦੇ ਹਨ, ਕੇਵਲ ਇਸ ਕਰਕੇ ਕਿ ਐਸਾ ਕਰਨਾ ਸਤਿਗੁਰੂ ਜੀ ਦੇ ਦਰਬਾਰ ਵਿਚ ਪੁੱਜਣ ਦਾ ਸੁਖਾਲਾ ਵਸੀਲਾ ਹੈ।"[18]

ਜਿਵੇਂ ਕਿ ਉਪਰ ਸੰਕੇਤ ਕੀਤਾ ਜਾ ਚੁਕਾ ਹੈ, ਕਰਮ ਸਿੰਘ ਨੇ ਹਰ ਨਿਬੰਧ ਵਿਚ ਪਹਿਲਾਂ ਸਿਧਾਂਤ ਸਾਹਮਣੇ ਰਖਿਆ ਹੈ, ਫਿਰ ਪੁਸ਼ਟੀ ਲਈ ਸਿੱਖ ਇਤਿਹਾਸ ਵਿੱਚੋਂ ਢੁਕਵੀਆਂ ਮਿਸਾਲਾ ਪੇਸ਼ ਕੀਤੀਆਂ ਹਨ। ਮਿਸਾਲ ਵਜੋਂ ਮੁਸੀਬਤ ਸਮੇਂ ਖਾਲਸਮਈ ਕਰੱਤਵ ਦੇ ਆਰੰਭ ਵਿਚ ਦੱਸਿਆ ਸਿਧਾਂਤ ਇਹ ਹੈ ਕਿ ਖਾਲਸੇ ਦਾ ਜਨਮ ਹੀ ਮੁਸੀਬਤ ਸਮੇਂ ਹੋਇਆ ਸੀ, ਇਸ ਲਈ ਸਿੰਘਾਂ ਨੇ ਆਉਣ ਵਾਲੀ ਹਰ ਮੁਸੀਬਤ ਦਾ ਸਾਹਮਣਾ ਬਹਾਦਰੀ ਨਾਲ ਕੀਤਾ। ਇਸ ਦੀ ਪੁਸ਼ਟੀ ਲਈ ਛੋਟੇ ਤੇ ਵੱਡੇ ਘਲੂਘਾਰੇ ਦੀ ਮਿਸਾਲ ਦਿੱਤੀ ਹੈ। ਇਸੇ ਤਰ੍ਹਾਂ ਗੁਰਦੁਆਰਿਆਂ ਸੰਬੰਧੀ ਖਾਲਸਈ ਕਰਤੱਵ' ਦਾ ਵਿਸ਼ਾ ਹੈ ਕਿ ਗੁਰਦੁਆਰੇ ਦੀ ਬੇਅਦਬੀ ਵੇਲੇ ਸਿੰਘ ਕਿਵੇਂ ਸੀਸ ਵਾਰਨ ਲਈ ਤਿਆਰ ਹੋ ਜਾਂਦੇ ਹਨ। ਇਤਿਹਾਸ ਵਿੱਚੋਂ ਇਸ ਤੱਥ ਦੀ ਪੁਸ਼ਟੀ ਲਈ ਸ਼ਹੀਦ ਬਾਬਾ ਦੀਪ ਸਿੰਘ ਦੀ ਮਿਸਾਲ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤੀ ਹੈ। ਅਹਿਮਦ ਸ਼ਾਹ ਅਬਦਾਲੀ ਵੱਲੋਂ ਹਰਿਮੰਦਰ ਸਾਹਿਬ

---

[16]'ਅਮਰ ਖਾਲਸਾ', ਪੰਨਾ 26.

[17]ਉਹੀ, ਪੰਨਾ 23.

[18]ਉਹੀ, ਪੰਨਾ 26.

Digitized by Panjab Digital Library | www.panjabdigilib.org

ਦੀ ਬੇ ਅਦਬੀ ਕਰਨ ਵੇਲੇ ਸ਼ਹੀਦ ਸ. ਗੁਰਬਖਸ਼ ਸਿੰਘ ਜੀ ਨੇ ਕੇਵਲ ਤੀਹ ਸਿੰਘਾਂ ਦੀ ਸਹਾਇਤਾ ਨਾਲ ਇਹ ਕੰਮ ਕਰਨ ਦਾ ਬੀੜਾ ਚੁਕਿਆ ਤੇ ਸ਼ਹੀਦ ਹੋਏ ਇਨ੍ਹਾਂ ਮਿਸਾਲਾਂ ਤੋਂ ਪਤਾ ਲਗਦਾ ਹੈ ਕਿ ਨਿਬੰਧਕਾਰ ਨੇ ਕੇਵਲ ਇਕ ਹੀ ਵਿਚਾਰ, ਧਾਰਣਾ ਜਾਂ ਵਿਸ਼ਵਾਸ ਨੂੰ ਨਿਬੰਧ ਵਿਚ ਪੇਸ਼ ਕੀਤਾ ਹੈ ਤੇ ਢੁਕਵੀਂ ਮਿਸਾਲ, ਪੁਸ਼ਟੀ ਲਈ ਭਾਵਪੂਰਤ ਸ਼ੈਲੀ ਵਿਚ ਦਿੱਤੀ ਹੈ। ਇਉਂ ਇਹ ਨਿਬੰਧ ਵਿਸ਼ੇ ਤੇ ਉਦੇਸ਼ ਦੇ ਪੱਖੋਂ ਸੰਪੂਰਨ ਹੁੰਦੇ ਹੋਏ ਵੀ ਆਪਣੇ ਆਪ ਵਿਚ ਸੰਪੂਰਨ ਰਚਨਾਵਾਂ ਹਨ।

ਇਨ੍ਹਾਂ ਰਚਨਾਵਾਂ ਦਾ ਪਾਠ ਕਰਨ ਉਪਰੰਤ ਅਸੀਂ ਇਸ ਸਿੱਟੇ ਤੇ ਵੀ ਪੁੱਜਦੇ ਹਾਂ ਕਿ ਕਿ ਲੇਖਕ ਦਾ ਮੰਤਵ ਪਾਠਕ ਦੇ ਦਿਲ ਵਿਚ ਸੰਬੰਧਿਤ ਵਿਚਾਰ ਲਈ ਥਾਂ ਬਣਾਉਣਾ ਤੇ ਉਸ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰਨਾ ਹੈ। ਇਹ ਗੁਣ ਜਿਥੇ ਲੇਖਕ ਦੀ ਪਾਠਕ ਪ੍ਰਤੀ ਨੇੜਤਾ ਦਾ ਸੂਚਕ ਹੈ ਉਥੇ ਅੰਧਵਿਸ਼ਵਾਸ ਦੀ ਅਣਹੋਂਦ ਦਾ ਪ੍ਰਤੀਕ ਵੀ ਹੈ। ਲੇਖਕ ਨੇ ਠੋਸ ਇਤਿਹਾਸਕ ਤੱਥ ਪੇਸ਼ ਕੀਤੇ ਹਨ, ਸ਼ਰਧਾਵਸ ਕੀਤੇ ਹਨ, ਪਰ ਅੰਧ-ਵਿਸ਼ਵਾਸ ਤੋਂ ਦੂਰ ਰਹਿ ਕੇ।

ਵਿਚਾਰਾਂ ਦੇ ਪ੍ਰਗਟਾਵੇ ਦੇ ਨਾਲ ਨਿਬੰਧਾਂ ਦਾ ਆਰੰਭ ਤੇ ਅੰਤ ਵੀ ਕਾਫੀ ਮਹੱਤਵ ਪੂਰਨ ਹੁੰਦਾ ਹੈ। ਕਿਸੇ ਰਚਨਾ ਦਾ ਆਰੰਭ, ਸਿੱਧਾ ਸਪਸ਼ਟ, ਝਟਪਟਾ ਵੀ ਹੋ ਸਕਦਾ ਹੈ ਤੇ ਭੂਮਿਕਾ ਯੁਕਤ ਵੀ। ਕਰਮ ਸਿੰਘ ਨੇ ਇਹ ਦੋਵੇਂ ਹੀ ਤਰੀਕੇ ਅਪਣਾਏ ਹਨ। 'ਦ੍ਰਿੜ੍ਹਤਾ, ਨਿਬੰਧ ਵਿੱਚੋਂ ਲਈ ਗਈ ਹੇਠ ਲਿਖੀ ਟੂਕ ਪਹਿਲੀ ਕਿਸਮ ਦੇ ਆਰੰਭ ਦੀ ਉਦਾਹਰਣ ਹੈ :

> "ਕਿਸੇ ਕੰਮ ਨੂੰ ਪੂਰਾ ਕਰਨ ਦਾ ਸੰਕਲਪ ਕਰਨਾ ਅਤੇ ਫੇਰ ਸੌ ਔਕੜਾਂ ਦੇ ਹੁੰਦਿਆਂ ਸੁੰਦਿਆਂ ਵੀ ਉਸ ਨੂੰ ਪੂਰਾ ਕਰਕੇ ਛੱਡਣਾ, ਇਹ ਦ੍ਰਿੜ੍ਹਤਾ ਹੈ ਅਤੇ ਇਹ ਐਸਾ ਗੁਣ ਹੈ ਕਿ ਇਸ ਤੋਂ ਬਿਨਾਂ ਕੋਈ ਕੌਮ ਜੀਉਂਦੀ ਨਹੀਂ ਰਹਿ ਸਕਦੀ।[19]

ਇਸੇ ਤਰ੍ਹਾਂ 'ਸੰਮਤੀ ਭੇਦ' ਨਿਬੰਧ ਦਾ ਆਰੰਭ ਇਉਂ ਕੀਤਾ ਹੈ :

> "ਸੰਮਤੀ ਭੇਦ ਜੀਉਂਦਿਆਂ ਦੀ ਨਿਸ਼ਾਨੀ ਹੈ। ਵਿਚਾਰਵਾਨਾਂ ਦੀ ਨਿਸ਼ਾਨੀ ਹੈ। ਭੇਡਾਂ ਇਕ ਭੇਡ ਦੇ ਮਗਰ ਲਗ ਤੁਰਦੀਆਂ ਹਨ ਤੇ ਉਸ ਦੇ ਮਗਰ ਤੁਰੀਆਂ ਜਾਂਦੀਆਂ ਹਨ ਭਾਵੇਂ ਖੂਹ ਖਾਤੇ ਵਿਚ ਹੀ ਜਾ ਪੈਣ।"[20]

ਲੰਮੀ ਭੂਮਿਕਾ ਵਾਲੇ ਆਰੰਭ ਦੀ ਮਿਸਾਲ ਲਈ 'ਮੁਸੀਬਤ ਸਮੇਂ ਖਾਲਸਈਕਰਤੱਵ ਤੇ ਗੁਰਦੁਆਰਿਆਂ ਸੰਬੰਧੀ ਖਾਲਸਈ ਕਰਤੱਵ ਆਦਿ ਵੇਖੇ ਜਾ ਸਕਦੇ ਹਨ। 'ਗੁਰਦੁਆਰਿਆਂ ਸੰਬੰਧੀ ਖਾਲਸਈ ਕਰਤੱਵ ਦੇ ਆਰੰਭਕ ਵਾਕ ਹਨ :

> "ਸਿੱਖ ਦਾ ਜੀਵਨ ਸਭ ਤੋਂ ਪਹਿਲਾਂ ਧਾਰਮਕ ਜੀਵਨ ਹੈ ਤੇ ਭਾਈਚਾਰਕ ਜਾਂ ਵਿਹਾਰਕ ਜੀਵਨ ਇਸ ਤੋਂ ਮਗਰੋਂ ਹੈ। ਕੋਈ ਲਾਲਚ ਰੋਹਬ ਜਾਂ ਡਰ ਸਿੱਖ ਨੂੰ ਆਪਣੇ ਧਾਰਮਕ ਜੀਵਨ ਤੋਂ ਨਹੀਂ ਟਾਲ ਸਕਦਾ। ਸਿੱਖਾਂ ਦਾ ਨਿਸ਼ਚਾ ਹੈ ਕਿ ਧਰਮ ਖਾਤਰ ਜਿਤਨੇ ਦੁਖ ਸਹਾਰੇ ਜਾਣ, ਉਤਨੇ ਹੀ ਧੰਨਭਾਗ ਹਨ।"[21]

---

[19]'ਅਮਰ ਖਾਲਸਾ', ਪੰਨਾ 45.
[20]ਉਹੀ, ਪੰਨਾ 42.
[21]ਉਹੀ, ਪੰਨਾ 25.

Digitized by Panjab Digital Library | www.panjabdigilib.org

ਜਿਥੋਂ ਤਕ ਰਚਨਾਵਾਂ ਦੇ ਅੰਤ ਦਾ ਸੁਆਲ ਹੈ, ਕਰਮ ਸਿੰਘ ਨੇ ਸਿੱਟਾ ਪ੍ਰਧਾਨ ਅੰਤ ਦਾ ਤਰੀਕਾ ਹੀ ਵਰਤਿਆ ਹੈ। ਜਿਵੇਂ ਆਰੰਭ ਥੀਸਿਸ ਨਾਲ, ਫਿਰ ਮਿਸਾਲਾਂ ਤੇ ਅੰਤ ਵਿਚ ਉਸੇ ਥੀਸਿਸ ਦੀ ਪੁਸ਼ਟੀ। ਇਸ ਪੱਖੋਂ 'ਦ੍ਰਿੜਤਾ' ਦੀ ਹੀ ਮਿਸਾਲ ਲਈ ਜਾ ਸਕਦੀ ਹੈ :

"ਜਿਸ ਕੌਮ ਦੇ ਵਿਚ ਐਸੀ ਦ੍ਰਿੜ੍ਹਤਾ ਹੋਵੇ, ਉਹ ਕੌਮ ਜੋ ਵੀ ਸੰਕਲਪ ਧਾਰੇਗੀ, ਉਸ ਨੂੰ ਜ਼ਰੂਰ ਪੂਰਿਆਂ ਕਰ ਲਏਗੀ। ਐਸੀ ਕੌਮ ਦੇ ਵਿਚ ਸਤਿਗੁਰ ਜੀ ਆਪ ਬਰਕਤ ਪਾਇਆ ਕਰਦੇ ਹਨ।"[22]

ਇਨ੍ਹਾਂ ਰਚਨਾਵਾਂ ਵਿਚ ਨਿਬੰਧ ਦੇ ਤੱਤਾਂ ਦੀ ਹੋਂਦ ਤਾਂ ਹੈ ਹੀ, ਰਸੀਲੀ, ਵਹਾਉਪੂਰਨ ਭਾਵ ਪੂਰਤ ਵਾਰਤਕ ਦੀਆਂ ਵੀ ਅਨੇਕ ਮਿਸਾਲਾਂ ਮਿਲਦੀਆਂ ਹਨ। ਜਿਨ੍ਹਾਂ ਨੂੰ ਪੜ੍ਹ ਕੇ ਸਾਡੀ ਉਪਰੋਕਤ ਧਾਰਣਾ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਜੇ ਕਰਮ ਸਿੰਘ ਦੀ ਪ੍ਰਤਿਭਾ ਸਿਰਜਣਾ ਵਲ ਖਰਚ ਹੁੰਦੀ ਤਾਂ ਪੰਜਾਬੀ ਵਾਰਤਕ ਸਾਹਿਤ ਵਿਚ ਵੀ ਅਣਮੋਲ ਵਾਧਾ ਹੋ ਸਕਦਾ ਸੀ। ਪਾਠਕਾ ਦੀ ਦਿਲਚਸਪੀ ਲਈ ਕੁਝ ਮਿਸਾਲਾਂ ਪੇਸ਼ ਹਨ :

(1) ਹਰ ਇਕ ਸਿੱਖ ਦੀਆਂ ਅੱਖਾਂ ਸਾਹਮਣੇ ਇਕ ਨਜ਼ਾਰਾ ਹੈ। ਉਹ ਕਲਗੀਧਰ ਜੀ ਦਾ ਦਰਬਾਰ ਲੱਗਾ ਹੋਇਆ ਵੇਖਦਾ ਹੈ। ਚਾਰੇ ਸਾਹਿਬਜ਼ਾਦੇ ਹਾਜ਼ਰ ਹਨ। ਇੰਨ੍ਹਾਂ ਦੇ ਪਿੱਛੇ ਭਾਈ ਮਨੀ ਸਿੰਘ ਜੀ ਖੜੇ ਹਨ, ਮਸਨਦ ਦੇ ਪਾਸ ਹੀ ਪੰਜ ਪਿਆਰੇ ਬੈਠੇ ਹਨ ਅਤੇ ਸਤਿਗੁਰੂ ਜੀ ਦੇ ਸਾਹਮਣੇ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਸ਼ਹੀਦ ਸਿੰਘ ਬੈਠੇ ਹਨ। ਇਸ ਦਰਬਾਰ ਦੀ ਸ਼ੋਭਾ ਐਸੀ ਖਿੱਚ ਪਾਉਣ ਵਾਲੀ ਹੈ ਕਿ ਹਰ ਇਕ ਸਿੱਖ ਦਾ ਦਿਲ ਉਥੇ ਪੁੱਜਣ ਨੂੰ ਲੋਚਦਾ ਹੈ"।[23]

(2) "ਐਸਾ ਸ਼ਹਿਰ ਜੋ ਕੁਝ ਚਿਰ ਪਹਿਲਾਂ ਦਿੱਲੀ ਤੇ ਲਾਹੌਰ ਦੇ ਟਾਕਰੇ ਦਾ ਸੀ, ਹੁਣ ਖੋਲੇ ਹੋ ਗਿਆ ਇਸ ਤੋਂ ਦੋ ਸਾਲ ਮਗਰੋਂ ਜਦ ਅਹਿਮਦ ਸ਼ਾਹ ਇਸ ਇਸ ਸ਼ਹਿਰ ਵਿਚ ਵੜਿਆ ਤਾਂ ਹੈਰਾਨ ਸੀ ਕਿ ਸਾਰੇ ਸ਼ਹਿਰ ਵਿਚ ਇਕ ਵੀ ਬੰਦਾ ਨਜ਼ਰ ਨਹੀਂ ਆਉਂਦਾ ਸੀ।"[24]

---

[22]'ਅਮਰ ਖਾਲਸਾ', ਪੰਨਾ 48.
[23]ਉਹੀ, ਪੰਨਾ 26.
[24]ਉਹੀ, ਪੰਨਾ 48.

Digitized by Panjab Digital Library | www.panjabdigilib.org

ਅਧਿਆਇ ਪੰਜਵਾਂ

ਇਤਿਹਾਸਕਾਰੀ ਦੇ ਖੇਤਰ ਵਿਚ ਕਰਮ ਸਿੰਘ ਦੀ ਦੇਣ

ਸ. ਕਰਮ ਸਿੰਘ ਜੀ ਦੀਆਂ ਛਪੀਆਂ, ਅਣਛਪੀਆਂ ਲਿਖਤਾਂ ਦੇ ਆਧਾਰ ਤੇ ਇਸ ਖੇਤਰ ਵਿਚ ਉਨ੍ਹਾਂ ਦੀ ਦੇਣ ਬਾਰੇ ਕੁਝ ਕਹਿਣ ਤੋਂ ਪਹਿਲਾਂ ਸਰਦਾਰ ਜੀ ਦੇ ਪੂਰਵਕਾਲੀ ਤੇ ਸਮਕਾਲੀ ਕੁਝ ਪ੍ਰਮੁੱਖ ਇਤਿਹਾਸਕਾਰਾਂ ਦੀਆਂ ਲਿਖਤਾਂ ਦੇ ਸੰਖੇਪ ਅਧਿਐਨ[1] ਦੇ ਆਧਾਰ ਤੇ ਇਸ ਗੱਲ ਦਾ ਨਿਰਣਾ ਕਰ ਲੈਣਾ ਉਚਿਤ ਜਾਪਦਾ ਹੈ ਕਿ ਕਰਮ ਸਿੰਘ ਦੇ ਇਸ ਖੇਤਰ ਵਿਚ ਪੈਰ ਧਰਨ ਤੋਂ ਪਹਿਲਾਂ ਕੀ ਸਥਿਤੀ ਸੀ। ਸਾਡੇ ਕੋਲ ਕਿਹੋ ਜਿਹੀਆਂ ਤੇ ਕਿਸ ਪੱਧਰ ਦੀਆਂ ਇਤਿਹਾਸਿਕ ਲਿਖਤਾਂ ਦਾ ਭੰਡਾਰ ਮੌਜੂਦ ਸੀ? ਸਾਡੇ ਬਾਰੇ ਦੂਜੇ ਇਤਿਹਾਸਕਾਰਾਂ ਦੀ ਕੀ ਰਾਇ ਸੀ? ਇਨ੍ਹਾਂ ਕੁਝ ਪ੍ਰਸ਼ਨਾਂ ਦੇ ਉੱਤਰ ਲੱਭਣ ਤੋਂ ਮਗਰੋਂ ਹੀ ਅਸੀਂ ਇਸ ਖੇਤਰ ਵਿਚ ਇਸ ਲੇਖਕ ਦੀ ਦੇਣ ਤੋਂ ਜਾਣੂੰ ਹੋ ਸਕਦੇ ਹਾਂ।

ਇਹ ਤਾਂ ਸਰਵਵਿਦਿਤ ਹੈ ਕਿ ਸਿੱਖਾਂ ਨੇ ਇਤਿਹਾਸ ਸਿਰਜਿਆ ਬਹੁਤਾ ਤੇ ਲਿਖਿਆ ਘੱਟ ਹੈ। ਇਸ ਪਾਸੇ, ਹੁਣ ਤਕ ਦੀ ਖੋਜ ਅਨੁਸਾਰ, ਪਹਿਲਾ ਯਤਨ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਰਾਹੀਂ ਕੀਤਾ। ਵਿਦਵਾਨਾਂ ਦਾ ਵਿਚਾਰ ਹੈ ਕਿ ਭਾਰਤ ਵਿਚ ਇਤਿਹਾਸ-ਕਾਰੀ ਦਾ ਹੁਨਰ ਮੁਸਲਮਾਨਾਂ ਤੇ ਈਸਾਈਆਂ ਦੇ ਪ੍ਰਭਾਵ ਹੇਠ ਹੀ ਪੈਦਾ ਹੋਇਆ ਹੈ। ਸਿੱਖਾਂ ਦੇ ਸੰਘਰਸ਼ਮਈ ਜੀਵਨ ਕਾਰਨ ਤੇ ਪੰਜਾਬ ਦੀ ਭੂਗੋਲਿਕ ਸਥਿਤੀ ਕਾਰਨ, ਬੜੀ ਦੇਰ ਤਕ ਇਸ ਪਾਸੇ ਕੋਈ ਨਿੱਗਰ ਕੰਮ ਨਹੀਂ ਹੋ ਸਕਿਆ। ਭਾਈ ਗੁਰਦਾਸ ਨੇ ਆਪਣੀ ਪਹਿਲੀ ਤੇ ਗਿਆਰ੍ਹਵੀਂ ਵਾਰ ਵਿਚ ਇਸ ਦਾ ਉਦਘਾਟਨ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਦੀਆਂ ਪ੍ਰਮੁੱਖ ਘਟਨਾਵਾਂ, ਵਿਅਕਤੀਆਂ ਆਦਿ ਦਾ ਵਰਣਨ ਕਾਵਿਯੁਕਤ ਇਤਿਹਾਸ ਰਾਹੀਂ ਕੀਤਾ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਹੀ ਜਨਮ ਸਾਖੀਆਂ ਲਿਖਣ ਦਾ ਰਿਵਾਜ ਵੀ ਪ੍ਰਚਲਿਤ ਹੋ ਗਿਆ ਸੀ। ਪੁਰਾਤਨ ਜਨਮ ਸਾਖੀ, ਭਾਈ ਬਾਲੇ ਵਾਲੀ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ ਤੇ ਮਗਰੋਂ ਜਾ ਕੇ ਲਿਖੀਆਂ ਗਈਆਂ ਰਚਨਾਵਾਂ-ਭਾਈ ਮਨੀ ਸਿੰਘ ਦੀ ਸਾਖੀ, ਸੇਵਾ ਦਾਸ ਦੀਆਂ ਪਰਚੀਆਂ ਤੇ ਅੱਡਣਸ਼ਾਹ ਦੀਆਂ ਪਰਚੀਆਂ, ਆਦਿ ਨੂੰ ਇਤਿਹਾਸਿਕ ਤੇ ਸਾਹਿੱਤਕ ਦੋਹਾਂ ਹੀ ਪੱਖਾਂ ਤੋਂ ਵਾਚਿਆ ਜਾ ਸਕਦਾ ਹੈ। ਇਉਂ ਇਹ ਗੱਲ ਵੀ ਸਪਸ਼ਟ ਹੋ ਜਾਂਦੀ ਹੈ ਕਿ ਪਹਿਲਾਂ ਪਹਿਲ ਸਿੱਖ ਇਤਿਹਾਸ ਤੇ ਪੰਜਾਬੀ ਸਾਹਿੱਤ ਆਪਸ ਵਿਚ ਰਲਗੱਡ ਰੂਪ ਵਿਚ ਪ੍ਰਾਪਤ ਸਨ। ਉਪਰੋਕਤ ਰਚਨਾਵਾਂ ਨੂੰ ਪੰਜਾਬੀ

---

[1]ਇਸ ਅਧਿਐਨ ਦਾ ਆਧਾਰ ਮੁਖ ਤੌਰ ਤੇ ਸ. ਜਸਬੀਰ ਸਿੰਘ ਦੇ ਖੋਜ-ਨਿਬੰਧ, 'ਕਰਮ ਸਿੰਘ ਦੀ ਇਤਿਹਾਸਕ ਵਾਰਤਕ,' ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1968 ਈ. ਨੂੰ ਹੀ ਬਣਾਇਆ ਗਿਆ ਹੈ।

Digitized by Panjab Digital Library | www.panjabdigilib.org

ਵਾਰਤਕ ਦਾ ਇਤਿਹਾਸ ਉਲੀਕਣ ਲਈ ਵੀ ਹਵਾਲੇ ਵਜੋਂ ਵਰਤਿਆ ਜਾਂਦਾ ਹੈ।

ਛੰਦਾ ਬੰਦੀ ਵਿਚ ਇਤਿਹਾਸ ਲਿਖਣ ਦੀ ਪਰੰਪਰਾ ਭਾਈ ਗੁਰਦਾਸ ਤੋਂ ਮਗਰੋਂ ਕਵੀ ਸੈਨਾਪਤੀ ਦੀ ਪ੍ਰਸਿੱਧ ਰਚਨਾ 'ਸ੍ਰੀ ਗੁਰੂ ਸੋਭਾ' ਵਿਚ ਮੁੜ ਸੁਰਜੀਤ ਹੋਈ। ਇਹ ਕਵੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿੱਚੋਂ ਇੱਕ ਸੀ। ਕਵੀ ਕੰਕਣ ਨੇ ਵੀ ਗੁਰੂ ਸਾਹਿਬ ਦਾ ਇਤਿਹਾਸ ਛੰਦਾ ਬੰਦੀ ਵਿਚ ਲਿਖਿਆ।

ਉਦੋਂ ਤਕ ਇਤਿਹਾਸ ਨੂੰ ਮਿਤੀ ਵਾਰ ਘਟਨਾਵਾਂ ਦਾ ਵੇਰਵਾ ਸਮਝਣ ਦਾ ਰਿਵਾਜ ਨਹੀਂ ਸੀ ਪਿਆ। ਬਾਵਾ ਸਰੂਪ ਦਾਸ ਭੱਲਾ ਦੀ ਰਚਨਾ 'ਸ੍ਰੀ ਗੁਰੂ ਮਹਿਮਾ ਪ੍ਰਕਾਸ਼' ਵਿਚ ਇਹ ਰਿਵਾਜ ਪਹਿਲੀ ਵਾਰ ਆਇਆ ਜਾਪਦਾ ਹੈ। ਇਸ ਵਿਚ ਦਸ ਗੁਰੂ ਸਾਹਿਬਾਨ ਦਾ ਜੀਵਨ ਲਿਖਿਆ ਹੋਇਆ ਮਿਲਦਾ ਹੈ। ਸ. ਕੇਸਰ ਸਿੰਘ ਛਿੱਬਰ ਨੇ 'ਬੰਸਾਵਲੀਨਾਮਾ ਪਾਤਸ਼ਾਹੀਆਂ ਦਸਾਂ ਕਾ' ਅਤੇ 'ਸੋਭਾ ਸ੍ਰੀ ਅੰਮ੍ਰਿਤਸਰ ਜੀ ਕੀ' ਰਚਨਾਵਾਂ ਲਿਖ ਕੇ ਸਿੱਖ ਇਤਿਹਾਸਕਾਰੀ ਦੇ ਖੇਤਰ ਨੂੰ ਵਿਸ਼ਾਲ ਕੀਤਾ।

ਸਿੱਖਾਂ ਦੀਆਂ ਇਤਿਹਾਸਿਕ ਪੁਸਤਕਾਂ ਦੇ ਸੰਬੰਧ ਵਿਚ ਅਗਲਾ ਪ੍ਰਸਿੱਧ ਨਾਂ ਕਵੀ ਸੰਤੋਖ ਸਿੰਘ ਜੀ ਦਾ ਹੈ। ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਤੇ (ਪੂਰਵਾਰਧ ਤੇ ਉੱਤਰਾਰਧ) ਗੁਰੂ ਪ੍ਰਤਾਪ ਸੂਰਜ ਗਰੰਥ ਆਦਿ ਵਡਅਕਾਰੇ ਗ੍ਰੰਥਾਂ ਦੀ ਰਚਨਾ ਕਰ ਕੇ ਇਸ ਖੇਤਰ ਵਿਚ ਅਨੇਕ ਵਾਧੇ ਕੀਤੇ। ਉਨ੍ਹਾਂ ਦੀ ਭਾਸ਼ਾ ਤਾਂ ਸੰਸਕ੍ਰਿਤ ਤੇ ਬ੍ਰਿਜੀ ਦਾ ਮਿਲਗੋਭਾ ਹੈ। ਪਰ ਇਹ ਪੁਸਤਕਾਂ ਇਤਿਹਾਸਕਾਰੀ ਦੇ ਖੇਤਰ ਵਿਚ ਕਾਫ਼ੀ ਮਹੱਤਵ ਰਖਦੀਆਂ ਹਨ।

ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਦੀ ਘਟਨਾ ਦਾ ਭਾਵਪੂਰਤ ਬਿਆਨ ਸ਼ਾਹ ਮੁਹੰਮਦ ਨੇ ਆਪਣੇ 'ਜੰਗਨਾਮੇ' ਵਿਚ ਕੀਤਾ। ਇਹ ਰਚਨਾ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਮਗਰੋਂ ਲਾਹੌਰ ਦਰਬਾਰ ਵਿਚ ਵਾਪਰੀਆਂ ਘਟਨਾਵਾਂ ਦਾ ਪ੍ਰਮਾਣਿਕ ਵਰਣਨ ਹੈ ਕਿਉਂਕਿ ਸ਼ਾਹ ਮੁਹੰਮਦ ਦੇ ਕਈ ਰਿਸ਼ਤੇਦਾਰ ਲਾਹੌਰ ਦਰਬਾਰ ਵਿਚ ਨੌਕਰੀਆਂ ਕਰ ਚੁਕੇ ਸਨ। ਭਾਵੇਂ ਇਸ ਰਚਨਾ ਦੇ ਸਾਹਿੱਤਕ ਗੁਣਾਂ ਕਰ ਕੇ ਇਸ ਦੀ ਗਿਣਤੀ ਹੁਣ ਤਕ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਹੀ ਹੁੰਦੀ ਰਹੀ ਹੈ, ਪਰ ਇੱਕ ਇਤਿਹਾਸਿਕ ਦਸਤਾਵੇਜ਼ ਵਜੋਂ ਵੀ ਇਸ ਦਾ ਮਹੱਤਵ ਘੱਟ ਨਹੀਂ ਹੈ।

ਸਿੱਖਾਂ ਵਿਚ ਇਤਿਹਾਸ ਲਿਖਣ ਪ੍ਰਤੀ ਚੇਤੰਨਤਾ ਵਿਚ ਵਾਧਾ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਮਗਰੋਂ ਹੀ ਹੋਇਆ। ਅੰਗਰੇਜ਼ਾਂ ਨੇ ਆਪ ਵੀ ਇਸ ਪੱਖੋਂ ਯਤਨ ਕੀਤੇ ਤੇ ਆਪਣੀ ਮਨ ਮਰਜ਼ੀ ਨਾਲ ਇਤਿਹਾਸਿਕ ਪੁਸਤਕਾਂ ਦੀ ਰਚਨਾ ਕਰਵਾਈ। ਉਨ੍ਹਾਂ ਨੇ ਆਪਣੇ ਰਾਜ ਨੂੰ ਹਰ ਪੱਖੋਂ ਚੰਗੇਰਾ ਤੇ ਭਾਰਤੀਆਂ ਲਈ ਵਰਦਾਨ ਸਿੱਧ ਕਰਨ ਲਈ ਸਾਡੇ ਇਤਿਹਾਸ ਵਿਚ ਮਨ ਮਰਜ਼ੀ ਦੀਆਂ ਗੱਲਾਂ ਲਿਖਵਾਈਆਂ। ਸ. ਹੀਰਾ ਸਿੰਘ ਦਰਦ ਅਨੁਸਾਰ :

> 'ਸਾਡੇ ਕਿਸੇ ਅੰਜਾਣੇ ਇਤਿਹਾਸਕਾਰ ਨੇ ਇਹ ਗੱਲ ਲਿਖ ਮਾਰੀ ਜਾਂ ਉਸ ਤੋਂ ਲਿਖਵਾਈ ਗਈ ਕਿ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਤੋਂ ਪਹਿਲਾਂ ਇਹ ਗੱਲ ਕਹੀ ਸੀ ਕਿ "ਮੈਂ ਟੋਪੀ ਵਾਲੇ ਸਿੱਖਾਂ ਨੂੰ (ਭਾਵ ਅੰਗਰੇਜ਼ਾਂ) ਵੇਖ ਰਿਹਾ ਹਾਂ ਜੋ ਭਾਰਤ ਵਿਚ ਆ ਕੇ ਮੁਗਲ ਰਾਜ ਨੂੰ ਖਤਮ ਕਰਨਗੇ।" ਅੰਗਰੇਜ਼ੀ ਰਾਜ ਭਗਤ ਸਿੱਖਾਂ ਨੇ ਇਸ ਗੱਲ ਨੂੰ ਇਤਨਾ ਪ੍ਰਚਾਰਿਆ ਕਿ ਆਮ ਸਿੱਖ ਵੀ ਇਸ ਨੂੰ ਸੱਚ ਮੰਨਣ ਲਗ ਪਏ। ਗੁਰਦੁਆਰਿਆ ਵਿਚ ਅੰਗਰੇਜ਼ੀ ਰਾਜ ਜੁਗੋਂ

Digitized by Panjab Digital Library | www.panjabdigilib.org

ਜੁਗ ਅਟਲ ਦੇ ਅਰਦਾਸੇ ਵੀ ਹੋਣ ਲਗ ਪਏ। ਆਖਰ ਇਹ ਭੁਲੇਖਾ ਉਦੋਂ ਦੂਰ ਹੋਇਆ ਜਦੋਂ ਸ. ਸਰਦੂਲ ਸਿੰਘ ਕਵੀਸ਼ਰ ਦੀ ਐਡੀਟਰੀ ਵਿਚ ਪ੍ਰਕਾਸ਼ਿਤ ਹੋਣ ਵਾਲੇ ਅੰਗਰੇਜ਼ੀ ਮਾਸਕ ਪੱਤਰ ਸਿੱਖ ਰੀਵੀਊ, ਦਿੱਲੀ ਵਿਚ ਇਕ ਵਿਦਵਾਨ ਇਤਿਹਾਸਕਾਰ ਦਾ ਲੇਖ ਛਪਿਆ, ਜਿਸ ਵਿਚ ਉਸ ਨੇ ਸਿੱਧ ਕਰ ਕੇ ਦੱਸਿਆ ਕਿ ਇਹ ਗੱਲ ਬਿਲਕੁਲ ਮਨਘੜਤ ਹੈ ਤੇ ਸਿੱਖਾਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਕਬੂਲ ਕਰਨ ਲਈ ਘੜ ਕੇ ਪ੍ਰਚਾਰੀ ਗਈ ਹੈ।"[2]

ਇਸੇ ਤਰ੍ਹਾਂ ਸ਼ਰਧਾ ਰਾਮ ਫਲੌਰੀ ਦੀ ਪੁਸਤਕ 'ਸਿੱਖਾਂ ਦੇ ਰਾਜ ਦੀ ਵਿਥਿਆ' ਵਿਸ਼ੇਸ਼ ਮੰਤਵ ਨਾਲ ਲਿਖੀ ਤੇ ਲਿਖਵਾਈ ਗਈ ਪੁਸਤਕ ਹੈ ਜਿਸ ਵਿਚ ਸਿੱਖ ਇਤਿਹਾਸ ਦੇ ਇਕ ਵਿਸ਼ੇਸ਼ ਕਾਲ ਦਾ ਵਰਣਨ ਸੰਕੀਰਣ ਜਿਹੇ ਦ੍ਰਿਸ਼ਟੀਕੋਣ ਤੋਂ ਕੀਤਾ ਗਿਆ ਹੈ। ਅਪ੍ਰਮਾਣਿਕ ਰਚਨਾ ਦੀ ਵੰਨਗੀ ਹੋਣ ਕਾਰਨ ਤੇ ਖੋਜ ਦੀ ਘਾਟ ਹੋਣ ਕਾਰਨ, ਵਿਦਵਾਨਾਂ ਲਈ ਇਸ ਪੁਸਤਕ ਦਾ ਕੋਈ ਮਹੱਤਵ ਨਹੀਂ ਹੈ।

ਐਮ. ਏ. ਮੈਕਾਲਿਫ਼ ਦੀ ਰਚਨਾ 'ਦੀ ਸਿੱਖ ਰਿਲੀਜਨ' ਇਸੇ ਸਮੇਂ ਲਿਖੇ ਗਏ ਇਤਿਹਾਸਾਂ ਵਿੱਚੋਂ ਇੱਕ ਹੈ। ਉਸ ਨੇ ਪੰਜਾਬੀ ਵਿਚ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵੀ ਲਿਖੀ। ਮੈਕਾਲਿਫ਼ ਦੇ ਨਾਲ ਹੀ ਇੱਕ ਹੋਰ ਅੰਗਰੇਜ਼ ਇਤਿਹਾਸਕਾਰ ਕਨਿੰਘਮ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਉਸ ਦੀ ਰਚਨਾ 'ਹਿਸਟਰੀ ਆਫ਼ ਦੀ ਸਿਖਸ' ਇਸ ਲੜੀ ਦੀ ਪ੍ਰਸਿੱਧ ਪੁਸਤਕ ਹੈ।

ਭਾਈ ਰਤਨ ਸਿੰਘ ਭੰਗੂ ਨੇ, ਜੋ ਸਰਦਾਰ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਪੋਤਰਾ ਸੀ, ਸਿੱਖ ਗੁਰੂ ਸਾਹਿਬਾਨ ਬਾਰੇ ਤੇ ਸਿੱਖ ਇਤਿਹਾਸ ਬਾਰੇ ਹਾਲਾਤ ਆਪਣੇ ਬਜ਼ੁਰਗਾਂ ਦੀ ਜ਼ਬਾਨੀ ਸੁਣ ਕੇ ਲਿਖੇ। ਪ੍ਰਮਾਣਿਕਤਾ ਦੇ ਪੱਖੋਂ ਉਸ ਦੀਆਂ ਲਿਖਤਾਂ 'ਗੁਰੂ ਪੰਥ ਪ੍ਰਕਾਸ਼' ਤੇ ਪ੍ਰਾਚੀਨ ਪੰਥ ਪ੍ਰਕਾਸ਼ ਦਾ ਬੜਾ ਮਹੱਤਵ ਹੈ। ਭਾਈ ਰਤਨ ਸਿੰਘ ਤੋਂ ਮਗਰੋਂ ਹੋਏ ਇਤਿਹਾਸਕਾਰਾਂ ਨੇ ਉਸ ਦੀ ਰਚਨਾ ਨੂੰ ਆਧਾਰ ਬਣਾ ਕੇ ਪੁਸਤਕਾਂ ਲਿਖੀਆਂ ਹਨ।

ਗਿਆਨੀ ਗਿਆਨ ਸਿੰਘ ਨੇ 'ਤਵਾਰੀਖ ਗੁਰੂ ਖਾਲਸਾ', 'ਰਾਜ ਖਾਲਸਾ', 'ਸ਼ਮਸ਼ੇਰ ਖਾਲਸਾ', 'ਪੰਥ ਪ੍ਰਕਾਸ਼' ਤੇ 'ਅੰਮ੍ਰਿਤਸਰ ਦਾ ਇਤਿਹਾਸ' ਆਦਿ ਪੁਸਤਕਾਂ ਲਿਖ ਕੇ ਸਿੱਖ ਇਤਿਹਾਸਕਾਰੀ ਦੇ ਖੇਤਰ ਵਿਚ ਅਣਮੋਲ ਵਾਧਾ ਕੀਤਾ। ਉਸ ਨੇ ਪਹਿਲੀ ਵਾਰ ਸਮੁੱਚੀ ਕੌਮ ਦਾ ਇਤਿਹਾਸ ਲਿਖਣ ਦਾ ਯਤਨ ਕੀਤਾ ਹੈ। ਇਨ੍ਹਾਂ ਰਚਨਾਵਾਂ ਵਿਚ ਸਿੱਖ ਗੁਰੂਆਂ ਤੋਂ ਛੁਟ ਦੂਜੇ ਮਹਾਂਪੁਰਸ਼ਾਂ ਤੇ ਕੌਮੀ ਸੇਵਕਾਂ ਦਾ ਜੀਵਨ ਵੀ ਦਿੱਤਾ ਹੋਇਆ ਹੈ।

ਮੁਸਲਮਾਨ ਇਤਿਹਾਸਕਾਰਾਂ ਵਿਚ ਸਈਅਦ ਮੁਹੰਮਦ ਲਤੀਫ਼ ਕਰਤਾ 'ਪੰਜਾਬ ਦਾ ਇਤਿਹਾਸ' ਦਾ ਨਾਂ ਲਿਆ ਜਾ ਸਕਦਾ ਹੈ।

ਸਿੰਘ ਸਭਾ ਲਹਿਰ ਦੇ ਅਸਰ ਹੇਠ ਇਤਿਹਾਸਿਕ ਖੋਜ ਦਾ ਕੰਮ ਕਰਨ ਵਾਲੇ ਵਿਦਵਾਨਾਂ ਵਿਚ ਭਾਈ ਵੀਰ ਸਿੰਘ, ਭਾਈ ਦਿੱਤ ਸਿੰਘ, ਗਿਆਨੀ ਹਜ਼ਾਰਾ ਸਿੰਘ ਤੇ ਸ. ਕਰਮ ਸਿੰਘ ਦੇ ਨਾਂ ਪ੍ਰਸਿੱਧ ਹਨ। ਭਾਈ ਵੀਰ ਸਿੰਘ ਨੇ ਗੁਰੂ ਸਾਹਿਬਾਨ ਦੇ ਜੀਵਨ ਬਾਰੇ 'ਗੁਰੂ ਨਾਨਕ ਚਮਤਕਾਰ', 'ਅਸ਼ਟ ਗੁਰੂ ਚਮਤਕਾਰ' ਅਤੇ ਗੁਰੂ ਕਲਗੀਧਰ ਚਮਤਕਾਰ ਆਦਿ

---

[2]'ਇਤਿਹਾਸਕ ਖੋਜ,' ਪੰਨਾ 6.

Digitized by Panjab Digital Library | www.panjabdigilib.org

ਪੁਸਤਕਾਂ ਲਿਖੀਆਂ। ਉਨ੍ਹਾਂ ਦੇ ਨਾਵਲਾਂ ਦਾ ਆਧਾਰ ਵੀ ਅਠਾਰ੍ਹਵੀਂ ਸਦੀ ਦਾ ਸਿੱਖ ਇਤਿਹਾਸ ਹੀ ਹੈ।

ਭਾਈ ਦਿੱਤ ਸਿੰਘ ਨੇ 'ਜਨਮ ਸਾਖੀ ਗੁਰੂ ਨਾਨਕ ਦੇਵ ਜੀ' ਨਾਮਕ ਪੁਸਤਕ ਲਿਖੀ। ਇਸ ਤੋਂ ਛੁਟ ਉਨ੍ਹਾਂ ਦੀਆਂ ਖੋਜ-ਪੁਸਤਕਾਂ ਵਿਚ 'ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ', 'ਜੀਵਨ ਕਥਾ ਗੁਰੂ ਤੇਗ ਬਹਾਦਰ ਜੀ' ਤੇ 'ਗੁਰੂ ਨਾਨਕ ਪ੍ਰਬੋਧ' ਆਦਿ ਸ਼ਾਮਲ ਹਨ। ਗਿਆਨੀ ਹਜ਼ਾਰਾ ਸਿੰਘ ਨੇ ਜੀਵਨ ਸ੍ਰੀ ਗੁਰੂ ਹਰਿ ਕ੍ਰਿਸ਼ਨ ਤੇ ਜੀਵਨ ਸ੍ਰੀ ਗੁਰੂ ਹਰ ਰਾਇ ਜੀ ਆਦਿ ਪੁਸਤਕਾਂ ਲਿਖੀਆਂ।

ਸ. ਕਰਮ ਸਿੰਘ ਤੋਂ ਪਹਿਲਾਂ ਸਿੱਖ ਇਤਿਹਾਸ ਬਾਰੇ ਹੋਈ ਖੋਜ ਤੇ ਰਚੀਆਂ ਗਈਆਂ ਉਪਰੋਕਤ ਪੁਸਤਕਾਂ, ਇਤਿਹਾਸਿਕ ਤੱਥਾਂ ਦੀ ਖੋਜ ਤੇ ਭਾਲ, ਤਰਤੀਬ, ਨਿਰਪੱਖਤਾ ਪ੍ਰਮਾਣਿਕਤਾ ਆਦਿ ਪੱਖਾਂ ਤੋਂ ਇਤਨੀਆਂ ਮਹੱਤਵਪੂਰਨ ਨਹੀਂ ਕਿਉਂਕਿ ਇਨ੍ਹਾਂ ਦੇ ਲੇਖਕਾਂ ਦੀ ਰੁਚੀ ਵਿਗਿਆਨਿਕ ਘੱਟ ਅਤੇ ਸ਼ਰਧਾ ਪੂਰਣ ਵਧੇਰੇ ਹੈ।

ਕਰਮ ਸਿੰਘ ਨੇ ਪੂਰਵਵਰਤੀ ਇਤਿਹਾਸਕਾਰੀ ਨੂੰ ਸ਼ਰਧਾ ਦੇ ਘੇਰੇ ਵਿੱਚੋਂ ਕੱਢ ਕੇ ਵਿਗਿਆਨਿਕਤਾ ਦੇ ਘੇਰੇ ਵਿਚ ਲੈ ਆਂਦਾ ਅਤੇ ਵਾਸਤਵਿਕਤਾ ਤਕ ਪਹੁੰਚਣ ਦਾ ਜਤਨ ਕੀਤਾ। ਇਹ ਗੱਲ 'ਕੱਤਕ ਕਿ ਵਸਾਖ' ਨਾਂ ਦੀ ਪੁਸਤਕ ਵਿਚ ਜੁਟਾਈ ਸਮਗਰੀ ਦੇ ਇਤਿਹਾਸਿਕ ਆਧਾਰ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ।

ਦੂਜੇ ਇਤਿਹਾਸਕਾਰਾਂ ਜਿਵੇਂ ਸ. ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਆਦਿ ਨੇ ਵੀ ਸ਼ਰਧਾ ਤੇ ਆਦਰਸ਼ ਨੂੰ ਹੀ ਮੁੱਖ ਰਖਿਆ ਹੈ। ਇਤਿਹਾਸ ਵਿਚ ਮਿਲਾਵਟ ਦੀ ਮਿਸਾਲ ਵੇਖਣ ਲਈ ਭਾਈ ਬੰਨੋ ਵਾਲੀ ਬੀੜ ਪੇਸ਼ ਕੀਤੀ ਜਾ ਸਕਦੀ ਹੈ। ਕਈ ਜਨਮ ਸਾਖੀਆਂ ਵਿਚ ਸਾਖੀਆਂ ਦੀ ਗਿਣਤੀ ਸਮੇਂ ਦੇ ਬੀਤਣ ਨਾਲ ਲਗਾਤਾਰ ਵਧਦੀ ਗਈ ਹੈ।

ਪੰਜਾਬ ਦਾ ਇਤਿਹਾਸ ਪਹਿਲਾਂ ਪਹਿਲ ਮੁਸਲਮਾਨਾਂ ਤੇ ਅੰਗਰੇਜ਼ਾਂ ਨੇ ਲਿਖਿਆ। ਇਸ ਲਈ ਜ਼ਰੂਰੀ ਸੀ ਕਿ ਉਨ੍ਹਾਂ, ਲਿਖੀਆਂ ਜਾਂ ਲਿਖਵਾਈਆਂ ਗਈਆਂ ਲਿਖਤਾਂ ਵਿਚ ਉਹ ਲੋਕ ਆਪਣਾ ਹੀ ਪੱਖ ਪੂਰਦੇ, ਕਿਉਂਕਿ ਸਿੱਖਾਂ ਨੇ ਉਨ੍ਹਾਂ ਵਿਰੁਧ ਸੰਘਰਸ਼ ਕੀਤਾ ਸੀ। ਮਿਸਾਲ ਵਜੋਂ ਮੁਸਲਮਾਨ ਲੇਖਕ ਸਈਅਦ ਮੁਹੰਮਦ ਲਤੀਫ ਨੇ 'ਪੰਜਾਬ ਦਾ ਇਤਿਹਾਸ' ਲਿਖਦਿਆਂ ਕਿੰਨੇ ਹੀ ਗ਼ਲਤ ਤੱਥ ਤੇ ਵਿਚਾਰ ਪੇਸ਼ ਕੀਤੇ। ਉਸ ਦੀ ਉਪਰੋਕਤ ਪੁਸਤਕ ਦੇ ਪੰਨਾ 268 ਤੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦਰ ਸ਼ਾਹ ਦੀ ਨੌਕਰੀ ਕਰ ਲਈ ਸੀ।[3] ਇਸੇ ਤਰ੍ਹਾਂ ਪੰਨਾ 79 ਉੱਤੇ ਬੰਦੇ ਬਾਰੇ ਲਿਖਦਿਆਂ ਉਸ ਨੂੰ ਜ਼ਾਲਮ ਤੇ ਮੁਸਲਮਾਨਾਂ ਦਾ ਖੂਨ ਖਰਾਬਾ ਕਰਨ ਵਾਲਾ ਦੱਸਿਆ ਹੈ।[4] ਲੇਖਕ ਅਨੁਸਾਰ, ਸਰਹਿੰਦ ਦੀ ਜਿੱਤ ਸਮੇਂ ਉਸ ਨੇ ਮੁਰਦਿਆਂ ਨੂੰ ਕਬਰਾਂ ਵਿੱਚੋਂ ਕੱਢ ਕੇ ਸਾੜਿਆ ਜਾਂ ਕਤਲ ਕੀਤਾ।

ਅੰਗਰੇਜ਼ ਇਤਿਹਾਸਕਾਰਾਂ ਨੇ ਵੀ ਕੋਈ ਘੱਟ ਨਹੀਂ ਕੀਤੀ। ਮੈਕਾਲਿਫ਼[5] ਨੇ ਆਪਣੇ

---

[3]ਜਸਬੀਰ ਸਿੰਘ, 'ਕਰਮ ਸਿੰਘ ਦੀ ਇਤਿਹਾਸਕ ਵਾਰਤਕ,' ਪੰਜਾਬੀ ਯੂ. ਚੰਡੀਗੜ੍ਹ 1968 ਪੰਨਾ 26

[4]ਉਹੀ, ਪੰਨਾ 27.

[5]ਉਹੀ, ਪੰਨਾ 27.

Digitized by Panjab Digital Library | www.panjabdigilib.org

ਕੋਲੋਂ ਹੀ ਲਿਖ ਦਿੱਤਾ ਜਾਪਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੰਦੇ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਗੁਰਬਖਸ਼ ਸਿੰਘ ਬਣਾ ਦਿੱਤਾ ਸੀ। ਇਸ ਤਰ੍ਹਾਂ ਕਨਿੰਘਮ[6] ਨੇ ਬੰਦੇ ਨੂੰ ਖੂਨੀ ਦਿਓ ਵਜੋਂ ਪੇਸ਼ ਕੀਤਾ ਹੈ।

ਅੰਗਰੇਜ਼ਾਂ ਦੀ ਸਰਪ੍ਰਸਤੀ ਵਿਚ ਲਿਖਣ ਵਾਲੇ ਇਤਿਹਾਸ ਲੇਖਕ ਪੰਡਿਤ ਸ਼ਰਧਾ ਰਾਮ ਫਲੌਰੀ ਨੇ ਵੀ ਖੁਦਗਰਜ਼ੀ ਵਸ ਅੰਗਰੇਜ਼ਾਂ ਦੀ ਬੇਲੋੜੀ ਸਿਫ਼ਤ ਕੀਤੀ ਹੈ ਤੇ ਸਿੱਖ ਧਰਮ ਤੇ ਸਿੱਖ ਰਾਜ ਨੂੰ ਨੀਵਾਂ ਦੱਸਿਆ ਹੈ। ਗੁਰੂ ਨਾਨਕ ਦੇਵ ਜੀ ਬਾਰੇ ਅਨੁਚਿਤ ਸ਼ਬਦ ਵਰਤਣ ਤੋਂ ਇਲਾਵਾ ਉਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਵੀ ਕਾਫ਼ੀ ਨਿੰਦਾ ਕੀਤੀ ਹੈ।

ਸਰ ਜਾਦੂ ਨਾਥ ਸਰਕਾਰ ਵਰਗੇ ਲੇਖਕਾਂ ਨੇ ਵੀ ਬਿਨਾਂ ਬਹੁਤੀ ਘੋਖ ਪੜਤਾਲ ਕੀਤਿਆਂ ਕਈ ਗੱਲਾਂ ਗਲਤ ਲਿਖ ਦਿੱਤੀਆਂ ਹਨ। ਮਿਸਾਲ ਵਜੋਂ ਉਸ ਦੇ ਵਿਚਾਰ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਰਾਜਨੀਤਕ ਹੀ ਸੀ। ਹਾਲਾਂਕਿ ਤੁਜ਼ਕਿ ਜਹਾਂਗੀਰੀ ਵਿਚ ਇਸ ਗੱਲ ਦਾ ਖੰਡਨ ਕੀਤਾ ਗਿਆ ਹੈ। ਆਪਣੀ ਪੁਸਤਕ 'ਹਿਸਟਰੀ ਆਫ਼ ਦੀ ਔਰੰਗਜ਼ੇਬ' ਭਾਗ ਤੀਜਾ, ਪੰਨਾ 308 ਉਤੇ ਉਸ ਨੇ ਲਿਖਿਆ ਹੈ :

> "Guru Arjan Dev mainly suffered
> because he was a political offender."[7]

ਇਸੇ ਪੁਸਤਕ ਦੇ ਪਨਾ 320-21 ਉੱਤੇ ਬੰਦੇ ਦੇ ਆਚਰਨ ਦੀ ਨਿੰਦਾ ਵੀ ਕੀਤੀ ਗਈ ਹੈ। ਕਰਮ ਸਿੰਘ ਦੇ ਪਰਵਰਤੀਆਂ ਵਿੱਚੋਂ ਡਾ. ਗੰਡਾ ਸਿੰਘ (ਜਨਮ-1900 ਈ.) ਨੇ ਇਤਿਹਾਸਿਕ ਖੋਜ ਦੇ ਖੇਤਰ ਵਿਚ ਅਤਿਅੰਤ ਸ਼ਲਾਘਾਯੋਗ ਕਾਰਜ ਕੀਤਾ ਹੈ। ਉਨ੍ਹਾਂ ਨੂੰ ਸਰਦਾਰ ਜੀ ਦਾ ਸਹੀ ਵਾਰਸ ਕਹਿਣਾ ਬਣਦਾ ਹੈ। 1930 ਈ. ਵਿਚ ਜਦੋਂ ਉਹ ਦੇਸ ਪਰਤੇ ਤਾਂ ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਸ. ਕਰਮ ਸਿੰਘ ਨਾਲ ਮਿਲ ਕੇ ਪੰਜਾਬ ਅਤੇ ਸਿੱਖ ਇਤਿਹਾਸ ਬਾਰੇ ਵਿਗਿਆਨਿਕ ਖੋਜ ਕੀਤੀ ਜਾਵੇ ਤੇ ਸਰਦਾਰ ਜੀ ਦੇ ਛੋਹੇ ਹੋਏ ਕੰਮ ਨੂੰ ਸਿਰੇ ਚੜ੍ਹਾਇਆ ਜਾਵੇ। ਪਰ ਕਰਮ ਸਿੰਘ ਜੀ ਦੀ ਅਚਾਨਕ, ਬੇਵਕਤ ਮੌਤ ਹੋ ਜਾਣ ਕਾਰਨ ਉਨ੍ਹਾਂ ਦੀ ਇੱਛਾ ਪੂਰੀ ਨਹੀਂ ਹੋ ਸਕੀ।

ਫਿਰ ਵੀ ਡਾ. ਗੰਡਾ ਸਿੰਘ ਨੇ ਪੰਜਾਬ ਅਤੇ ਸਿਖਾਂ ਦੇ ਇਤਿਹਾਸ ਬਾਰੇ ਅੰਗਰੇਜ਼ੀ, ਪੰਜਾਬੀ ਤੇ ਫਾਰਸੀ ਵਿਚ ਸੌ ਤੋਂ ਉੱਤੇ ਪੁਸਤਕਾਂ ਤੇ ਖੋਜ ਪੱਤਰ ਪ੍ਰਕਾਸ਼ਿਤ ਕਰਵਾ ਕੇ ਇੱਕ ਖੋਜੀ ਵਜੋਂ ਅਦੁਤੀ ਲਗਨ ਦਾ ਸਬੂਤ ਦਿੱਤਾ ਹੈ। ਉਨ੍ਹਾਂ ਦੀਆਂ ਰਚਨਾਵਾਂ, ਜਿਵੇਂ ਸ. ਸ਼ਾਮ ਸਿੰਘ ਅਟਾਰੀ, ਵਾਲਾ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਿੱਖ ਇਤਿਹਾਸ ਬਾਰੇ, ਸਿੱਖ ਇਤਿਹਾਸ ਵੱਲ, ਕੂਕਿਆਂ ਦੀ ਵਿਥਿਆ, ਪੰਜਾਬ (1849-1960) ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ, ਬਰੀਫ ਅਕਾਊਂਟ ਆਫ ਦੀ ਸਿਖਸ, ਬੰਦਾ ਸਿੰਘ' ਬਹਾਦਰ, ਮਹਾਰਾਜਾ ਕੌੜਾ ਮਲ ਅਤੇ ਅਨੇਕਾਂ ਹੋਰ ਵਿਗਿਆਨਿਕ, ਇਤਿਹਾਸਿਕ ਖੋਜ ਵਜੋਂ ਅਤਿਅੰਤ ਮਹੱਤਵਪੂਰਨ ਹਨ। ਸਾਦੀ ਤੇ ਸਰਲ ਬੋਲੀ ਵਿਚ ਲਿਖੀਆਂ ਇਹ ਪੁਸਤਕਾਂ ਲੇਖਕ ਦੀ ਲਗਨ ਤੇ ਮਿਹਨਤ ਦਾ ਜੀਉਂਦਾ ਜਾਗਦਾ ਪਰਮਾਣ ਹਨ।

---

[6]ਜਸਬੀਰ ਸਿੰਘ, 'ਕਰਮ ਸਿੰਘ ਦੀ ਇਤਿਹਾਸਕ ਵਾਰਤਕ,' ਪੰਜਾਬ ਯੂ. ਚੰਡੀਗੜ੍ਹ 1968 ਪੰਨਾ 27.
[7]ਉਹੀ, ਪੰਨਾ 28.

Digitized by Panjab Digital Library | www.panjabdigilib.org

ਡਾ. ਸਾਹਿਬ ਨੇ ਨਾ ਕੇਵਲ ਆਪ ਹੀ ਖੋਜ ਕੀਤੀ ਹੈ, ਖੋਜ ਦੇ ਸਿੱਟਿਆਂ ਨੂੰ ਪੇਸ਼ ਕਰਨ ਲਈ ਅਨੇਕਾਂ ਪੁਸਤਕਾਂ ਲਿਖੀਆਂ ਹਨ ਸਗੋਂ ਇਸ ਕਾਰਜ ਨੂੰ ਨਿਰੰਤਰ ਚਲਦਾ ਰੱਖਣ ਲਈ ਕਿੰਨੀਆਂ ਹੀ ਸੰਸਥਾਵਾਂ ਵੀ ਸਥਾਪਿਤ ਕੀਤੀਆਂ ਜਾਂ ਕਰਵਾਈਆਂ, ਖੋਜ ਦੇ ਸਿੱਟੇ ਪ੍ਰਕਾਸ਼ਿਤ ਕਰਨ ਲਈ ਰਸਾਲਿਆਂ ਦੇ ਪ੍ਰਕਾਸ਼ਨ ਤੇ ਸੈਮੀਨਾਰਾਂ ਆਦਿ ਨੂੰ ਉਤਸਾਹਿਤ ਕੀਤਾ ਹੈ। ਖਾਲਸਾ ਕਾਲਿਜ, ਅੰਮ੍ਰਿਤਸਰ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਸਥਾਪਿਤ ਕੀਤੇ ਇਤਿਹਾਸਿਕ ਖੋਜ ਵਿਭਾਗ ਉਨ੍ਹਾਂ ਦੀ ਇਸ ਲਗਨ ਦੇ ਹੀ ਸਿੱਟੇ ਹਨ।

ਡਾ. ਫੌਜਾ ਸਿੰਘ (1918-1983) ਦੀ ਇਸ ਖੇਤਰ ਵਿਚ ਦੇਣ ਦਾ ਜ਼ਿਕਰ ਕੀਤੇ ਬਿਨਾਂ ਇਹ ਚਰਚਾ ਪੂਰੀ ਨਹੀਂ ਸਮਝੀ ਜਾਣੀ ਚਾਹੀਦੀ। ਡਾ. ਗੰਡਾ ਸਿੰਘ ਦੀਆਂ ਪਾਈਆਂ ਲੀਹਾਂ ਤੇ ਤੁਰਦਿਆਂ ਹੋਇਆਂ ਡਾ. ਫੌਜਾ ਸਿੰਘ ਨੇ ਇਤਿਹਾਸਿਕ ਤੱਥਾਂ ਦੀ ਖੋਜ ਭਾਲ, ਪੁਣ ਛਾਣ ਤੇ ਸੰਭਾਲ ਦਾ ਕਾਰਜ ਜਾਰੀ ਰੱਖਿਆ ਅਤੇ ਪੰਜਾਬ ਦਾ ਇਤਿਹਾਸ, ਗੁਰੂ ਗੋਬਿੰਦ ਸਿੰਘ ਜੀ ਦੇ ਸਫਰਾਂ ਦਾ ਵੇਰਵਾ, ਗੁਰੂ ਤੇਗ ਬਹਾਦਰ—ਮਾਰਟਾਇਰ ਐਂਡ ਟੀਚਰ, ਮਿਲਟਰੀ ਸਿਸਟਮ ਆਫ ਸਿੱਖਸ, ਕੂਕਾ ਮੂਵਮੈਂਟ, ਗੁਰੂ ਅਮਰ ਦਾਸ, ਪੰਜਾਬੀ ਵੀਰ ਪਰੰਪਰਾ, ਸਟੇਟ ਐਂਡ ਸੋਸਾਇਟੀ ਅੰਡਰ ਰਣਜੀਤ ਸਿੰਘ ਅਤੇ ਆਫਟਰ ਰਣਜੀਤ ਸਿੰਘ ਆਦਿ ਮਹੱਤਵਪੂਰਨ ਪੁਸਤਕਾਂ ਲਿਖ ਕੇ ਜਾਂ ਸੰਪਾਦਿਤ ਕਰ ਕੇ ਪੰਜਾਬੀ ਵਿਚ ਇਤਿਹਾਸ-ਕਾਰੀ ਦੇ ਖੇਤਰ ਨੂੰ ਹੋਰ ਵਿਸ਼ਾਲ ਕੀਤਾ। ਉਨ੍ਹਾਂ ਦਾ ਪੰਜਾਬ ਦੇ ਇਤਿਹਾਸ ਤੇ ਖ਼ਾਸ ਕਰਕੇ ਸਿੱਖ ਕਾਲ-ਸੰਬੰਧੀ ਕੀਤਾ ਕੰਮ ਵਿਸ਼ੇਸ਼ ਮਹੱਤਵ ਰਖਦਾ ਹੈ। ਉਨ੍ਹਾਂ ਦੀਆਂ ਇਤਿਹਾਸਿਕ ਲਿਖਤਾਂ ਵਿਚ ਸਦਾਚਾਰਕ ਦ੍ਰਿੜ੍ਹਤਾ ਦੇ ਨਾਲ ਨਾਲ ਵਿਗਿਆਨਿਕ ਘੋਖ ਦਾ ਗੁਣ ਵੀ ਲੱਭਦਾ ਹੈ।

ਉਪਰੋਕਤ ਚਰਚਾ ਤੋਂ ਅਸੀਂ ਸਹਿਜੇ ਹੀ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸ. ਕਰਮ ਸਿੰਘ ਨੇ ਜਦੋਂ ਸਿੱਖਾਂ ਬਾਰੇ ਇਤਿਹਾਸਿਕ ਤੱਥਾਂ ਦੀ ਪੁਣਛਾਣ, ਖੋਜਭਾਲ ਤੇ ਪਰਖ ਪੜਚੋਲ ਦਾ ਬੀੜਾ ਚੁਕਿਆ, ਤਾਂ ਕੱਚੇ ਮਸਾਲੇ ਵਜੋਂ ਬਹੁਤ ਹੱਦ ਤਕ ਉਪਰੋਕਤ ਕਿਸਮ ਦੀਆਂ ਕਚਘਰੜ, ਬਾ-ਤਅੱਸਬ ਰਚਨਾਵਾਂ ਹੀ ਉਪਲਬਧ ਸਨ। ਉਨ੍ਹਾਂ ਨੇ ਇਸ ਸਥਿਤੀ ਨੂੰ ਵਿਗਿਆਨਿਕ ਇਤਿਹਾਸਕਾਰੀ ਦੇ ਰੂਪ ਵਿਚ ਬਦਲਣਾ ਸੀ। ਨਿਰਸੰਦੇਹ, ਇਹ ਇਕ ਬੜਾ ਔਖਾ ਕੰਮ ਸੀ। ਪਰ ਲੇਖਕ ਨੇ ਆਪਣੀ ਲਗਨ, ਦ੍ਰਿੜ੍ਹ ਇਰਾਦੇ, ਸੁਹਿਰਦਤਾ ਤੇ ਨਿਰਪੱਖਤਾ ਨਾਲ ਇਸ ਪਾਸੇ ਕੰਮ ਸ਼ੁਰੂ ਕਰ ਕੇ ਆਪਣੇ ਸੰਖੇਪ ਜੀਵਨ ਕਾਲ (ਲਗਭਗ 46 ਸਾਲ) ਵਿਚ ਹੀ ਕੁਝ ਨਮੂਨੇ ਦੀਆਂ ਲਿਖਤਾਂ ਪੇਸ਼ ਕਰ ਕੇ ਆਉਣ ਵਾਲੇ ਇਤਿਹਾਸਕਾਰਾਂ ਲਈ ਪੂਰਨੇ ਪਾ ਦਿੱਤੇ, ਜਿਨ੍ਹਾਂ ਤੇ ਤੁਰਦਿਆ ਡਾ. ਗੰਡਾ ਸਿੰਘ ਤੇ ਡਾ. ਫੌਜਾ ਸਿੰਘ ਵਰਗੇ ਇਤਿਹਾਸਕਾਰਾਂ ਨੇ ਇਸ ਖੇਤਰ ਵਿਚ ਸ਼ਲਾਘਾ ਯੋਗ ਪ੍ਰਾਪਤੀਆਂ ਕੀਤੀਆਂ।

ਸਰਦਾਰ ਜੀ ਦੀਆਂ ਲਿਖਤਾਂ ਦਾ ਸੰਖੇਪ ਅਧਿਐਨ ਪਿਛਲੇ ਕਾਂਡਾਂ ਵਿਚ ਪ੍ਰਸਤੁਤ ਕੀਤਾ ਜਾ ਚੁੱਕਾ ਹੈ। ਇਥੇ ਕੇਵਲ ਉਸ ਦੇ ਆਧਾਰ ਤੇ ਨਿਕਲਦੇ ਸਿੱਟੇ ਹੀ ਸਾਂਝੇ ਕਰਨੇ ਹਨ।

ਸ. ਕਰਮ ਸਿੰਘ ਜੀ ਦੀ ਇਸ ਖੇਤਰ ਵਿਚ ਪਹਿਲੀ ਪ੍ਰਾਪਤੀ ਇਹ ਹੈ ਕਿ ਉਹ ਇੱਕ ਸ਼ਰਧਾਲੂ ਸਿੱਖ ਹੋਣ ਦੇ ਬਾਵਜੂਦ ਅੰਧ-ਵਿਸ਼ਵਾਸ ਤੋਂ ਕੋਹਾਂ ਦੂਰ ਸਨ। ਅੰਧ-ਵਿਸ਼ਵਾਸ ਇਤਿਹਾਸਿਕ ਤੱਥਾਂ ਨੂੰ ਦਲੀਲ ਦੀਆਂ ਖੁੱਲ੍ਹੀਆਂ ਅੱਖਾਂ ਨਾਲ ਨਹੀਂ ਵੇਖਣ ਦਿੰਦਾ ਸਗੋਂ

Digitized by Panjab Digital Library | www.panjabdigilib.org

ਸੱਚਾਈ ਨੂੰ ਅੱਖੋਂ ਉਹਲੇ ਕਰ ਕੇ ਲੇਖਕ ਨੂੰ ਮਨਮਰਜ਼ੀ ਅਨੁਸਾਰ ਲਿਖਣ ਲਈ ਪ੍ਰੇਰਦਾ ਹੈ। ਇਹੋ ਜਿਹੇ ਲੇਖਕ ਦੀ ਲਿਖਤ ਜਿਥੇ ਉਸ ਦੀ ਆਪਣੀ ਕੌਮ ਦਾ ਘਾਣ ਤਾਂ ਕਰਦੀ ਹੀ ਹੈ, ਉਥੇ ਦੂਜੀਆਂ ਕੌਮਾਂ ਦੇ ਵਿਦਵਾਨਾਂ ਦੀਆਂ ਨਜ਼ਰਾਂ ਵਿਚ ਕੌਮੀ ਸ਼ਾਨ ਨੂੰ ਘਟਾਉਣ ਦਾ ਕਾਰਨ ਵੀ ਬਣਦੀ ਹੈ। ਕਰਮ ਸਿੰਘ ਦੇ ਸਿੱਖੀ ਸੰਬੰਧੀ ਸ਼ਰਧਾਲੂ ਰਵੱਈਏ ਬਾਰੇ ਤਾਂ ਅਨੇਕਾਂ ਮਿਸਾਲਾਂ ਉਪਲਬਧ ਹਨ ਪਰ ਅੰਧ-ਵਿਸ਼ਵਾਸ ਦੀ ਇੱਕ ਵੀ ਨਹੀਂ ਲੱਭਦੀ। ਬਗਦਾਦ ਦੀ ਯਾਤਰਾ ਸਮੇਂ ਵਾਪਰੀ ਘਟਨਾ, ਜਦੋਂ ਉਨ੍ਹਾਂ ਨੂੰ ਆਪਣੇ ਕੇਸ ਕੱਟੇ ਜਾਣ ਦਾ ਖਤਰਾ ਮਹਿਸੂਸ ਹੋਇਆ, ਉਨ੍ਹਾਂ ਦੇ ਸਿੱਖੀ ਜਜ਼ਬਿਆਂ ਦਾ ਜੀਉਂਦਾ ਜਾਗਦਾ ਸਬੂਤ ਹੈ। ਬਗਦਾਦ ਤੋਂ ਵਾਪਸ ਆ ਕੇ ਅਰਦਾਸ ਕਰਾਉਣ ਵਾਲੀ ਘਟਨਾ ਦਸਦੀ ਹੈ ਕਿ ਉਹ ਸਿੱਖੀ ਤੋਂ ਕੀ ਭਾਵ ਲੈਂਦੇ ਸਨ। ਅਮਰ ਖਾਲਸਾ ਪੁਸਤਕ ਵਿੱਚੋਂ ਚੁਣੀ ਗਈ ਹੇਠ ਲਿਖੀ ਟੂਕ ਵਿੱਚੋਂ ਭਾਵੇਂ ਉਨ੍ਹਾਂ ਦੀ ਸਿੱਖੀ ਸ਼ਰਧਾ ਡੁੱਲ੍ਹ ਡੁੱਲ੍ਹ ਪੈਂਦੀ ਹੈ, ਪਰ ਇਸ ਸ਼ਰਧਾ ਨੇ ਕਦੇ ਅੰਧ-ਵਿਸ਼ਵਾਸ ਦਾ ਰੂਪ ਧਾਰਿਆ ਹੋਵੇ, ਇਹ ਨਹੀਂ ਆਖਿਆ ਜਾ ਸਕਦਾ। ਅਮਰ ਖਾਲਸਾ ਵਿਚ ਉਨ੍ਹਾਂ ਨੇ ਲਿਖਿਆ ਹੈ :

> "ਸਿੱਖਾਂ ਵਿਚ ਕੁਰਬਾਨੀ ਦਾ ਮਾਦਾ ਸਭ ਤੋਂ ਵਧ ਕਿਉਂ ਹੈ ? ਸਿੱਖ ਧਰਮ ਖਾਤਰ ਜਾਨਾਂ ਵਾਰਨ ਲਈ ਕਿਉਂ ਐਡੀ ਛੇਤੀ ਤਿਆਰ ਹ�ो ਜਾਂਦੇ ਹਨ ? ਕੇਵਲ ਇਸ ਕਰਕੇ ਕਿ ਐਸਾ ਕਰਨਾ ਸਤਿਗੁਰ ਜੀ ਦੇ ਦਰਬਾਰ ਵਿਚ ਪੁੱਜਣ ਦਾ ਸੁਖਾਲਾ ਵਸੀਲਾ ਹੈ।"[8]

'ਕੱਤਕ ਕਿ ਵਸਾਖ' ਪੁਸਤਕ ਵਿਚ ਉਨ੍ਹਾਂ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਜ਼ੋਰਦਾਰ ਖੰਡਨ ਕੀਤਾ ਹੈ। ਇਸੇ ਪੁਸਤਕ ਵਿਚ ਲਿਖੀ ਗਈ ਹੇਠ ਲਿਖੀ ਗੱਲ ਨੂੰ ਪੜ੍ਹ ਕੇ ਸਪਸ਼ਟ ਹੋ ਜਾਂਦਾ ਹੈ ਕਿ ਉਹ ਸ਼ੁਧ ਤੇ ਵਿਗਿਆਨਿਕ ਰੂਪ ਵਿਚ ਹੀ ਤੱਥਾਂ ਨੂੰ ਅਪਨਾਉਣ ਲਈ ਤਿਆਰ ਹਨ ਨਾ ਕਿ ਪਰੰਪਰਾ ਅਨੁਸਾਰ ਪ੍ਰਚਲਿਤ ਹੋਈ ਜਾਂ ਸੁਣੀ ਸੁਣਾਈ ਹਰ ਗੱਲ ਨੂੰ ਅੱਖਾਂ ਮੀਟ ਕੇ ਮੰਨ ਲੈਂਦੇ ਸਨ। ਇਸੇ ਨੂੰ ਸ਼ਰਧਾ ਦੀ ਹੋਂਦ ਪਰ ਅੰਧ-ਵਿਸ਼ਵਾਸ ਦੀ ਅਣਹੋਂਦ ਕਿਹਾ ਜਾਂਦਾ ਹੈ। ਇਸ ਜਨਮ ਸਾਖੀ ਨੂੰ ਰੱਦ ਕਰਨ ਲਈ ਵਰਤੀਆਂ ਗਈਆਂ ਦਲੀਲਾਂ ਵਿੱਚੋਂ ਇੱਕ ਇਸ ਪੱਖ ਨਾਲ ਵੀ ਸੰਬੰਧਿਤ ਹੈ ਕਿ ਲੇਖਕ ਨੇ ਗੁਰਬਾਣੀ ਦੀਆਂ ਤੁਕਾਂ ਨੂੰ ਹੀ ਮਨ ਮਰਜ਼ੀ ਅਨੁਸਾਰ ਬਦਲ ਦਿੱਤਾ ਹੈ। ਹੁਣ ਅਨਪੜ੍ਹ ਤੇ ਅੰਧ-ਵਿਸ਼ਵਾਸੀ ਸਿੱਖ ਤਾਂ ਭਾਵੇਂ ਇਸ ਸਾਖੀ ਨੂੰ ਸੱਚ ਮੰਨ ਲੈਣ, ਇਸ ਦਾ ਸਤਿਕਾਰ ਕਰ ਲੈਣ ਪਰ ਕਰਮ ਸਿੰਘ ਦੀ ਖੋਜੀ ਅੱਖ ਇਹ ਕਿਵੇਂ ਕਰ ਸਕਦੀ ਹੈ। ਜਪੁਜੀ ਸਾਹਿਬ ਦੀ ਅੰਤਲੀ ਪਉੜੀ 'ਜਤ ਪਹਾਰਾ ਧੀਰਜ ਸੁਨਿਆਰ' ਦੀ ਥਾਂ ਲੇਖਕ ਨੇ ਇਹ ਤੁਕਾਂ ਲਿਖੀਆਂ ਹਨ :

> "ਜਤ ਪਹਾਰਾ ਧੀਰਜ ਸੁਨਿਆਰ,
> ਅਹਰਨ ਮਤ, ਵੇਦ ਹਥਿਆਰ।
> ਗੁਰ ਸ਼ਬਦ ਸਚ ਸੱਚੀ ਧਰਮ ਸਾਲ,
> ਸਚ ਕਰ ਭਾਂਡਾ ਤੱਤ ਲੈ ਢਾਲ
> ਘੜੀਐ ਸ਼ਬਦ ਸੱਚੀ ਟਕਸਾਲ

[8]ਪੰਨਾ 30.

Digitized by Panjab Digital Library | www.panjabdigilib.org

ਅੰਮ੍ਰਿਤ ਦ੍ਰਿਸ਼ਟ ਸਦਾ ਦਿਆਲ
ਨਾਨਕ ਨਦਰੀ ਨਦਰਿ ਨਿਹਾਲ ।"

ਇਹ ਤੁਕਾਂ ਪੜ੍ਹ ਕੇ ਸ. ਕਰਮ ਸਿੰਘ ਦਾ ਪ੍ਰਤੀਕਰਮ ਪੜ੍ਹਨ ਨਾਲ ਹੀ ਸੰਬੰਧ ਰਖਦਾ ਹੈ। ਉਹ ਲਿਖਦੇ ਹਨ :

"ਪਾਠਕ ਜੀ ! ਇਹ ਹੈ ਜਨਮ ਸਾਖੀ ਜਿਸ ਦੇ ਲਿਖਣ ਵਾਲਾ ਬਾਣੀ ਵਿਚੋਂ ਤੁਕਾਂ ਦੀਆਂ ਤੁਕਾਂ ਬਦਲਾ ਰਿਹਾ ਹੈ। ਸ਼ੋਕ ਹੈ ਸਾਡੇ ਉਤੇ ਮਹਾਂ ਸ਼ੋਕ ਹੈ ਸਾਡੀ ਸਿੱਖੀ ਉਤੇ ਜੇ ਅਸੀਂ ਅਜਿਹੀਆਂ ਅਯੋਗ ਪੋਥੀਆਂ ਨੂੰ ਅੱਖਾਂ ਮੀਟ ਕੇ ਮੰਨੀ ਜਾਵੀਏ। ਮੈਂ ਸੱਚ ਕਹਿੰਦਾ ਹਾਂ ਕਿ ਜੇਕਰ ਅੱਜ ਵੀ ਸਤਿਗੁਰੂ ਸਾਹਿਬਾਨ ਵਿਚੋਂ ਕੋਈ ਪਾਤਸ਼ਾਹੀ ਸੰਦੇਹ (ਦੇਹੀ ਸਮੇਤ) ਇਸ ਸੰਸਾਰ ਪੁਰ ਮੌਜੂਦ ਹੋਣ ਤਾਂ ਉਹ ਆਦਿ ਸਤਿਗੁਰ ਜੀ ਦੀ ਬਾਣੀ ਵਿਚ ਮਿਲਾਵਟਾਂ ਵੇਖ ਕੇ ਤੁਰਤ ਹੁਕਮ ਦੇ ਦੇਣ ਕਿ ਇਹ ਜਨਮ ਸਾਖੀ ਨੂੰ ਪੜ੍ਹਨ ਵਾਲਾ ਸਿੱਖ, ਸਿੱਖੀ ਤੋਂ ਖਾਰਜ ਸਮਝਿਆ ਜਾਵੇਗਾ।"[9]

ਜਿਥੇ ਅੰਧ-ਵਿਸ਼ਵਾਸ ਦੀ ਅਣਹੋਂਦ ਹੁੰਦੀ ਹੈ, ਉਥੇ ਦਲੀਲ ਦੀ ਨਿਰਸੰਕੋਚ ਵਰਤੋਂ ਦੀ ਹੋਂਦ ਹੁੰਦੀ ਹੈ। ਕਰਮ ਸਿੰਘ ਨੇ ਜਿਥੇ ਕਿਤੇ ਕਿਸੇ ਪ੍ਰਚਲਿਤ ਗੱਲ ਦਾ ਖੰਡਨ ਕੀਤਾ ਹੈ ਉਥੇ ਜ਼ਬਾਨੀ ਕਲਾਮੀ ਗੱਲਾਂ ਕਰ ਕੇ ਕੰਮ ਸਾਰਨ ਜਾਂ ਪਾਠਕਾਂ ਨੂੰ ਮਨਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਸਾਡੇ ਇਤਿਹਾਸਾਂ ਵਿਚ ਇਹ ਗੱਲ ਆਮ ਪ੍ਰਚਲਿਤ ਹੈ ਕਿ ਗੁਰੂ ਤੇਗ ਬਹਾਦਰ ਜੀ ਵੇਲੇ, ਗੁਰਿਆਈ ਦੇ ਨਿਰਣੇ ਤੋਂ ਪਹਿਲਾਂ 'ਬਾਬਾ ਬਕਾਲੇ' ਸ਼ਬਦਾਂ ਦੇ ਆਧਾਰ ਤੇ ਬਕਾਲੇ ਵਿਚ ਬਾਈ ਮੰਜੀਆਂ ਸਥਾਪਿਤ ਹੋ ਗਈਆਂ ਸਨ। ਕਰਮ ਸਿੰਘ ਨੇ 'ਗੁਰਪੁਰਬ ਨਿਰਣੈ' ਪੁਸਤਕ ਵਿਚ ਇਸ ਗੱਲ ਦਾ ਖੰਡਨ ਕੀਤਾ ਹੈ।[10] ਇਸ ਕਿਸਮ ਦੀਆਂ ਅਨੇਕਾਂ ਮਿਸਾਲਾਂ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਲੱਭੀਆਂ ਜਾ ਸਕਦੀਆਂ ਹਨ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦਰ ਸ਼ਾਹ ਦੀ ਨੌਕਰੀ ਕੀਤੀ ਜਾਂ ਨਹੀਂ ? ਕਿਹੜੇ ਸਾਹਿਬਜ਼ਾਦੇ ਕਿਥੇ ਸ਼ਹੀਦ ਹੋਏ ਤੇ ਕਿਵੇਂ ? ਗੁਰੂ ਨਾਨਕ ਦੇਵ ਜੀ ਦਾ ਗੁਰ ਪੁਰਬ ਵਸਾਖ ਦੀ ਥਾਂ ਕੱਤਕ ਵਿਚ ਕਿਉਂ ਮਨਾਇਆ ਜਾਣਾ ਸ਼ੁਰੂ ਹੋਇਆ ? ਆਦਿ ਪ੍ਰਸ਼ਨਾਂ ਦੇ ਉੱਤਰ ਅਕੱਟ ਦਲੀਲਾਂ ਨਾਲ ਦਿੱਤੇ ਹਨ।

ਇਸ ਲੇਖਕ ਦੀਆਂ ਲਿਖਤਾਂ ਦਾ ਇਕ ਹੋਰ ਉਭਰਵਾਂ ਗੁਣ ਇਹ ਹੈ ਕਿ ਇਨ੍ਹਾਂ ਵਿਚ ਹਰ ਗੱਲ ਦਲੀਲ ਦੇ ਨਾਲ ਕੀਤੀ ਗਈ ਹੈ ਅਤੇ ਅੰਧ-ਵਿਸ਼ਵਾਸ ਤੋਂ ਬਚਿਆ ਗਿਆ ਹੈ। ਲੇਖਕ ਨੇ ਕਿਤੇ ਆਪਣੀ ਵਿਦਵੱਤਾ ਨੂੰ ਵਾਧੂ ਚਮਕਾਣ ਦਾ ਯਤਨ ਨਹੀਂ ਕੀਤਾ, ਸਗੋਂ ਨਿਮਰਤਾ ਤੇ ਨਿਰਮਾਣਤਾ ਨੂੰ ਹੀ ਸਭ ਥਾਂ ਅਪਣਾਈ ਰਖਿਆ ਹੈ। ਸ. ਕਰਮ ਸਿੰਘ ਦੀ ਕਿਸੇ ਪੁਸਤਕ ਦਾ ਮੁਖ-ਬੰਧ ਪੜ੍ਹੋ, ਸਾਰੀ ਮਿਹਨਤ ਦਾ ਹਵਾਲਾ ਦੇ ਕੇ ਅੰਤ ਵਿਚ ਇਹੀ ਲਿਖਿਆ ਹੋਵੇਗਾ ਕਿ ਸੰਬੰਧਿਤ ਪੁਸਤਕ ਉਸ ਵਿਸ਼ੇ ਬਾਰੇ ਅੰਤਮ ਸ਼ਬਦ ਹੋਣ ਦਾ ਦਾਅਵਾ ਨਹੀਂ ਕਰਦੀ। ਅਜਿਹੇ ਰਵੱਈਏ ਦਾ ਲਾਭ ਇਹ ਹੁੰਦਾ ਹੈ ਕਿ ਲੇਖਕ

---

[9]ਪੰਨਾ 248.
[10]ਪੰਨਾ 163-64.

Digitized by Panjab Digital Library | www.panjabdigilib.org

ਹਰ ਖੋਜੀ ਦੀ ਕਦਰ ਕਰਦਾ ਹੋਇਆ, ਖੋਜ ਨੂੰ ਕਦੇ ਸੰਪੂਰਣ ਨਾ ਸਮਝਦਾ ਹੋਇਆ, ਉਸ ਵਿਸ਼ੇ ਬਾਰੇ ਹੋਰ ਖੋਜ ਕਰਨ ਲਈ ਪ੍ਰੇਰਦਾ ਪ੍ਰਤੀਤ ਹੁੰਦਾ ਹੈ। ਪਿਛਲੇ ਪੰਨਿਆਂ ਵਿਚ ਅਜਿਹੇ ਅਨੇਕਾਂ ਹਵਾਲੇ ਦਿਤੇ ਜਾ ਚੁੱਕੇ ਹਨ, ਇਸ ਲਈ ਉਨ੍ਹਾਂ ਨੂੰ ਦੁਹਰਾਉਣ ਦੀ ਲੋੜ ਨਹੀਂ ਜਾਪਦੀ।

ਸ. ਕਰਮ ਸਿੰਘ ਨਾ ਕੇਵਲ ਇਕ ਨਿਰਮਾਣ ਤੇ ਈਮਾਨਦਾਰ ਖੋਜੀ ਹੀ ਸਨ ਸਗੋਂ ਆਪਣੀਆਂ ਭੁੱਲਾਂ ਮੰਨ ਲੈਣ ਵਾਲੇ ਸੁਹਿਰਦ ਸੱਜਣ ਵੀ ਸਨ। ਆਮ ਤੌਰ ਤੇ ਆਪਣੀ ਆਖੀ ਹੋਈ ਗੱਲ ਨੂੰ ਕਿਸੇ ਵੇਲੇ ਆਪ ਹੀ ਗਲਤ ਕਹਿਣਾ ਅਸੰਭਵ ਜਿਹੀ ਗੱਲ ਜਾਪਦੀ ਹੈ, ਪਰ ਇਸ ਲੇਖਕ ਨੇ ਕਈ ਥਾਈਂ ਆਪਣੀਆਂ ਗਲਤੀਆਂ ਮੰਨੀਆਂ ਹਨ। ਗੁਰ ਗਾਥਾ ਨਿਰਣਯ, ਬੰਦਾ ਬਹਾਦਰ ਅਤੇ ਕੱਤਕ ਕਿ ਵਿਸਾਖ ਆਦਿ ਲਿਖਣ ਵੇਲੇ ਜੋ ਭੁੱਲਾਂ ਜਾਂ ਤਰੁਟੀਆਂ, ਰਹਿ ਗਈਆਂ ਤੇ ਮਗਰੋਂ ਕਿਸੇ ਵੇਲੇ ਸਾਹਮਣੇ ਆਈਆਂ ਸਭ ਮੰਨ ਲਈਆਂ ਹਨ।[11]

ਇਹੀ ਕਾਰਨ ਹੈ ਕਿ ਉਨ੍ਹਾਂ ਦੀ ਲਿਖਤ ਵਿਚ ਸ੍ਵੈ-ਵਿਸ਼ਵਾਸ ਦਾ ਗੁਣ ਮਿਲਦਾ ਹੈ। ਸ੍ਵੈ ਵਿਸ਼ਵਾਸ ਨਿੱਜੀ ਪੜਤਾਲ ਦਾ ਹੀ ਸਿੱਟਾ ਹੁੰਦਾ ਹੈ। ਕਈ ਵਾਰ ਇਉਂ ਵੀ ਹੋ ਜਾਂਦਾ ਹੈ ਕਿਸੇ ਗੱਲ ਜਾਂ ਤੱਥ ਬਾਰੇ ਮੌਕੇ ਤੇ ਸਬੂਤ ਨਾ ਪੇਸ਼ ਕੀਤਾ ਜਾ ਸਕਦਾ ਹੋਵੇ, ਪਰ ਉਸੇ ਤੱਥ ਬਾਰੇ ਪੜਤਾਲ ਕੀਤੀ ਹੋਈ ਹੋਵੇ ਤਾਂ ਬੰਦਾ ਪੂਰੇ ਵਿਸ਼ਵਾਸ਼ ਨਾਲ ਨਿੱਜੀ ਤੌਰ ਤੇ ਗੱਲ ਮੰਨ ਲੈਣ ਲਈ ਕਹਿ ਸਕਦਾ ਹੈ। ਮਿਸਾਲ ਵਜੋਂ ਲੇਖਕ ਦੀ ਪੁਸਤਕ 'ਕੇਸ ਤੇ ਸਿੱਖੀ' ਵੇਖੀ ਜਾ ਸਕਦੀ ਹੈ। ਇਸ ਵਿਚ ਕੇਸ ਰੱਖਣ ਦੀ ਹਿਦਾਇਤ ਸੰਬੰਧੀ ਦੋ ਹੁਕਮਨਾਮਿਆਂ ਦਾ ਜ਼ਿਕਰ ਹੈ ਜਿਨ੍ਹਾਂ ਦੀ ਨਕਲ ਲੇਖਕ ਕੋਲ ਹੈ ਸੀ, ਪਰ ਪੁਸਤਕ ਲਿਖਣ ਦੇ ਸਮੇਂ ਤਕ ਗੁੰਮ ਹੋ ਚੁਕੀ ਸੀ। ਸੋ ਲੇਖਕ ਨੇ ਨਿੱਜੀ ਤੌਰ ਤੇ ਕੇਸ ਰੱਖਣ ਬਾਰੇ ਹਦਾਇਤ ਨੂੰ ਸਹੀ ਮੰਨ ਲੈਣ ਲਈ ਬੇਨਤੀ ਕੀਤੀ ਹੈ।

ਇਸੇ ਸੰਬੰਧ ਵਿਚ ਦਿਲਚਸਪ ਗੱਲ ਇਹ ਹੈ ਕਿ ਜਿਥੇ ਕਿਤੇ ਵੀ ਉਨ੍ਹਾਂ ਨੂੰ ਰਤਾਮਾਸਾ ਸ਼ੱਕ ਹੁੰਦਾ ਸੀ, ਉਥੇ ਪੂਰੇ ਵਿਸ਼ਵਾਸ ਨਾਲ ਗੱਲ ਕਹਿਣ ਦੀ ਥਾਂ 'ਹੋ ਸਕਦਾ ਹੈ' ਸ਼ਬਦਾਂ ਦੀ ਵਰਤੋਂ ਵੀ ਕਰ ਲੈਂਦੇ ਸਨ। ਸਾਡੇ ਇਤਿਹਾਸਾਂ ਵਿਚ ਗੁਰੂ ਅਮਰਦਾਸ ਜੀ ਦੇ ਸਮੇਂ ਦੀ ਇੱਕ ਗੱਲ ਪ੍ਰਚਲਿਤ ਹੈ ਕਿ ਉਨ੍ਹਾਂ ਨੇ ਇਹ ਗੱਲ ਆਖੀ ਸੀ ਕਿ ਬਾਉਲੀ ਦਾ ਕੜ ਉਦੋਂ ਟੁੱਟੇਗਾ ਜਦੋਂ ਅਕਬਰ ਚਿਤੌੜ ਨੂੰ ਸਰ ਕਰੇਗਾ। ਓਪਰੀ ਨਜ਼ਰੇ ਵੇਖਿਆ ਇਨ੍ਹਾਂ ਦੋਹਾਂ ਗੱਲਾਂ ਦਾ ਆਪਸ ਵਿਚ ਕੋਈ ਸੰਬੰਧ ਨਹੀਂ ਜਾਪਦਾ ਪਰ ਲੇਖਕ ਨੇ ਇੱਕ ਥਾਂ ਇਸ ਬਾਰੇ ਆਪਣਾ ਵਿਚਾਰ ਪੇਸ਼ ਕੀਤਾ ਹੈ, ਪਰ ਨਿਰਣੇਜਨਕ ਗੱਲ ਆਖਣੋ ਸੰਕੋਚ ਕੀਤਾ ਹੈ।[12]

ਸ. ਕਰਮ ਸਿੰਘ ਇਤਿਹਾਸਿਕ ਤੱਥਾਂ ਸੰਬੰਧੀ ਨਿਰਣਾ ਕਰਨ ਵਿਚ ਕਦੀ ਵੀ ਕਾਹਲੀ, ਜਾਂ ਉਪਭਾਵੁਕਤਾ ਤੋਂ ਕੰਮ ਨਹੀਂ ਲੈਂਦੇ ਸਨ। ਮਿਸਾਲ ਵਜੋਂ ਬੰਦਾ ਬਹਾਦਰ ਦਾ ਜੀਵਨ ਲਿਖਦਿਆਂ ਲੋਹਗੜ੍ਹ ਦਾ ਕਿਲਾ ਛੱਡਣ ਬਾਰੇ ਵੱਖ ਵੱਖ ਇਤਿਹਾਸਕਾਰਾਂ ਨੇ ਵੱਖ ਵੱਖ ਸਾਖੀਆਂ ਦਿੱਤੀਆਂ ਹਨ। ਸੋ, ਲੇਖਕ ਨੇ ਜ਼ਰੂਰੀ ਸਮਝਿਆ ਹੈ ਕਿ ਉਨ੍ਹਾਂ ਦੀਆਂ ਰਾਵਾਂ ਦੇ ਕੇ, ਦਲੀਲਾਂ ਨਾਲ ਖੰਡਨ ਜਾਂ ਸਹਿਮਤੀ ਪ੍ਰਗਟ ਕਰ ਕੇ ਹੀ ਕਿਸੇ ਸਿੱਟੇ ਤੇ ਪੁੱਜਿਆ ਜਾਏ।

---

[11]ਵੇਖੋ : ਇਤਿਹਾਸਕ ਖੋਜ, ਪੰਨਾ 12-13.
[12]ਉਹੀ, ਪਨਾ 42.

Digitized by Panjab Digital Library | www.panjabdigilib.org

ਲੇਖਕ ਦਾ ਆਪਣਾ ਵਿਚਾਰ ਹੈ ਕਿ ਬੰਦਾ ਗੁਲਾਬੂ ਨਾਂ ਦੇ ਇੱਕ ਸ਼ਰਧਾਲੂ ਨਾਲ ਭੇਸ ਵਟਾ ਕੇ ਬਾਹਰ ਨਿਕਲ ਗਿਆ ਸੀ। ਇਹੀ ਗੱਲ ਸਾਹਿਬਜ਼ਾਦਿਆਂ ਦੀ ਸ਼ਹੀਦੀ ਸੰਬੰਧੀ ਆਖੀ ਜਾ ਸਕਦੀ ਹੈ। ਇਸ ਸੰਬੰਧੀ ਲੇਖਕ ਦੀ ਲਿਖੀ ਹੋਈ ਲੇਖ-ਲੜੀ ਸਾਕਾ ਸਰਹੰਦ ਨੰ: 1 ਤੇ 2 ਨੂੰ ਪੜ੍ਹਨਾ ਚਾਹੀਦਾ ਹੈ।

ਪ੍ਰਮਾਣਿਕਤਾ ਤਰੀਕਾਂ ਦੀ, ਘਟਨਾਵਾਂ ਦੀ, ਵਿਅਕਤੀਆਂ ਦੀ ਕਿਸੇ ਵੀ ਇਤਿਹਾਸਿਕ ਲਿਖਤ ਦਾ ਮੀਰੀ ਗੁਣ ਹੁੰਦੀ ਹੈ। ਇਹ ਗੱਲ ਜਿੰਨੇ ਵਿਸ਼ਵਾਸ ਨਾਲ ਕਰਮ ਸਿੰਘ ਦੀਆਂ ਲਿਖਤਾਂ ਬਾਰੇ ਕਹੀ ਜਾ ਸਕਦੀ ਹੈ, ਓਨੀ ਕਿਸੇ ਹੋਰ ਬਾਰੇ ਨਹੀਂ। ਲੇਖਕ ਨੇ ਇੱਕ ਇੱਕ ਤੱਥ, ਮਿਤੀ ਜਾਂ ਵੇਰਵੇ ਦਾ ਕਿੰਨੀ ਬਰੀਕੀ ਨਾਲ ਅਧਿਐਨ ਕੀਤਾ ਹੈ ਤੇ ਕਿੰਨੀ ਮਿਹਨਤ ਨਾਲ ਵਾਕਫ਼ੀ ਪ੍ਰਾਪਤ ਕੀਤੀ ਹੈ, ਇਸ ਦਾ ਕੁਝ ਅਨੁਮਾਨ ਉਨ੍ਹਾਂ ਦੀਆਂ ਪੁਸਤਕਾਂ ਦੇ ਮੁਖਬੰਧ[13] ਜਾਂ ਸਮੁੱਚੇ ਪਾਠ ਤੋਂ ਲਾਇਆ ਜਾ ਸਕਦਾ ਹੈ। ਜਿਥੇ ਉਨ੍ਹਾਂ ਨੇ ਆਪਣੀ ਕੀਤੀ ਖੋਜ, ਮਿਹਨਤ ਬਾਰੇ ਦਸਿਆ ਹੈ ਉਥੇ ਪਾਠਕਾਂ ਨੂੰ ਲੇਖਕ ਦੀਆਂ ਗਲਤੀਆਂ ਲੱਭਣ ਤੇ ਦੱਸਣ ਲਈ ਵੀ ਪ੍ਰੇਰਿਆ ਹੈ। ਕਿਉਂ ਕਿ ਇਨ੍ਹਾਂ ਪੁਸਤਕਾਂ ਵਿੱਚੋਂ ਢੁਕਵੀਆਂ ਟੂਕਾਂ, ਯੋਗ ਥਾਂਵਾਂ ਤੇ ਦਿੱਤੀਆਂ ਜਾ ਚੁਕੀਆਂ ਹਨ, ਇਸ ਲਈ ਇਥੇ ਦੁਹਰਾਉਣ ਦੀ ਲੋੜ ਨਹੀਂ ਜਾਪਦੀ।

ਜਦ ਉਹ 'ਗੁਰਪੁਰਬ ਨਿਰਣੈ' ਪੁਸਤਕ ਲਿਖ ਰਹੇ ਸਨ ਤਾਂ ਤਰੀਕਾਂ ਨਿਸ਼ਚਿਤ ਕਰਨ ਲਈ ਪੁਰਾਣੀਆਂ ਜੰਤਰੀਆਂ ਦੀ ਲੋੜ ਸੀ। ਪਹਿਲਾਂ ਰਾਜਪੂਤਾਨੇ ਦੇ ਰਾਜ ਜੋਤਸ਼ੀ ਲਾਲਾ ਦੇਵੀ ਪ੍ਰਸ਼ਾਦ ਦੀ ਲਿਖੀ ਹੋਈ ਜੰਤਰੀ 'ਕਾਰਨਾਮਏ ਨੌ ਆਈਨ' ਉਨ੍ਹਾਂ ਨੂੰ ਲੱਭ ਪਈ। ਪਰ ਇਸ ਨਾਲ ਉਨ੍ਹਾਂ ਦੀ ਤਸੱਲੀ ਨਹੀਂ ਹੋਈ। ਕੁਝ ਚਿਰ ਬਾਅਦ, ਖੋਜ ਦੌਰਿਆਂ ਦੌਰਾਨ, ਉਨ੍ਹਾਂ ਨੂੰ ਅੰਗਰੇਜ਼ਾਂ ਵੱਲੋਂ ਛਾਪੀ ਗਈ ਇਕ ਜੰਤਰੀ ਦਾ ਪਤਾ ਲੱਗਿਆ, ਜਿਸ ਤੋਂ ਸਭ ਕੁਝ ਪਤਾ ਲਗ ਸਕਦਾ ਸੀ ਤੇ ਜਿਸ ਦੀ ਕੀਮਤ ਉਸ ਸਮੇਂ ਇਕੱਤੀ ਰੁਪਏ ਪੰਜਾਹ ਪੈਸੇ ਸੀ। ਕਰਮ ਸਿੰਘ ਜੀ ਨੇ ਸ. ਤਖਤ ਸਿੰਘ (ਫੀਰੋਜ਼ਪੁਰ) ਦੀ ਸਹਾਇਤਾ ਨਾਲ ਉਹ ਜੰਤਰੀ ਖਰੀਦ ਲਈ। ਉਹ ਨਿੱਕੀ ਜਿਹੀ ਪੁਸਤਕ ਪ੍ਰਾਪਤ ਕਰ ਕੇ ਉਨ੍ਹਾਂ ਨੂੰ ਜੋ ਖੁਸ਼ੀ ਹੋਈ, ਉਸ ਦਾ ਬਿਆਨ ਹੇਠ ਦਿੱਤੀਆਂ ਜਾ ਰਹੀਆਂ ਸਤਰਾਂ ਵਿਚ ਮਿਲਦਾ ਹੈ :

> "ਇਸ ਜੰਤ੍ਰੀ ਨੂੰ ਵੇਖ ਕੇ ਜੋ ਖੁਸ਼ੀ ਮੈਨੂੰ ਪ੍ਰਾਪਤ ਹੋਈ ਉਸ ਨੂੰ ਮੈਂ ਹੀ ਜਾਣਦਾ ਹਾਂ, ਮਾਨੋਂ ਹਾਤਮਤਾਈ ਲਈ ਜਾਦੂ ਦਾ ਕਿਲਾ ਟੁਟ ਗਿਆ ਹੋਵੇ। ਇਸ ਜੰਤ੍ਰੀ ਦੀ ਸਹਾਇਤਾ ਨਾਲ ਮੈਂ ਹਰ ਤਰੀਕ ਪੜਤਾਲੀ ਅਤੇ ਪੰਜ ਮਹੀਨੇ ਲਗਾਤਾਰ ਦਿਨ ਰਾਤ ਮੇਹਨਤ ਕਰਦਾ ਰਿਹਾ।"[14]

ਇਸੇ ਤਰ੍ਹਾਂ ਮਹਾਰਾਜਾ ਆਲਾ ਸਿੰਘ ਦਾ ਜੀਵਨ ਲਿਖਣ ਸੰਬੰਧੀ ਜਿਹੜੀਆਂ ਔਕੜਾਂ ਆਈਆਂ ਤੇ ਜਿਵੇਂ ਉਨ੍ਹਾਂ ਨੂੰ ਹਲ ਕੀਤਾ, ਇਹ ਸਭ ਕੁਝ ਉਕਤ ਪੁਸਤਕ ਦੀ ਭੂਮਿਕਾ ਵਿੱਚੋਂ ਜਾਣਿਆ ਜਾ ਸਕਦਾ ਹੈ। ਪਾਠਕਾਂ ਦੀ ਦਿਲਚਸਪੀ ਲਈ ਕੇਵਲ ਇਕ ਮਿਸਾਲ ਦਿੱਤੀ ਜਾ ਰਹੀ ਹੈ :

---

[13]ਹਵਾਲੇ ਲਈ ਵੇਖੋ : ਗੁਰਪੁਰਬ ਨਿਰਣੈ, ਬਾਬਾ ਆਲਾ ਸਿੰਘ ਅਤੇ ਬੰਦਾ ਬਹਾਦਰ ਆਦਿ ਪੁਸਤਕਾਂ ਦੇ ਮੁੱਖਬੰਧ

[14]'ਗੁਰਪੁਰਬ ਨਿਰਣੈ,' ਪੰਨਾ 4-5.

Digitized by Panjab Digital Library | www.panjabdigilib.org

"ਅੱਡ ਅੱਡ ਇਤਿਹਾਸਾਂ ਤੋਂ ਜੋ ਕੁਝ ਮਿਲ ਸਕਦਾ ਸੀ, ਉਸ ਦੀ ਪਹਿਲਾਂ ਸਿਲੇ ਚੋਣ ਕੀਤੀ ਗਈ ਅਤੇ ਨਿੱਕੀ ਨਿੱਕੀ ਗੱਲ ਵਾਸਤੇ ਕਈ ਕਈ ਦਰਜਨ ਤਵਾਰੀਖਾਂ ਨੂੰ ਵੇਖਣਾ ਪਿਆ-ਕੇਵਲ ਪਾਣੀਪਤ ਦੀ ਲੜਾਈ ਵਿਚ ਮਹਾਰਾਜਾ ਆਲਾ ਸਿੰਘ ਦਾ ਨਾਮ ਵੇਖਣ ਲਈ ਲਗਪਗ ਵੀਹ ਪ੍ਰਮਾਣੀਕ ਤਵਾਰੀਖਾਂ ਵੇਖਣੀਆਂ ਪਈਆਂ ਹੋਣਗੀਆਂ। ਜਿਸ ਜਿਸ ਜਗਹਿ ਨਾਲ ਮਹਾਰਾਜਾ ਜੀ ਦਾ ਥੋੜਾ ਬਹੁਤ ਸੰਬੰਧ ਰਿਹਾ ਸੀ, ਉਸ ਉਸ ਥਾਂ ਆਪ ਜਾ ਕੇ ਲੋਕਾਂ ਪਾਸੋਂ ਹਾਲ ਪੁੱਛੇ ਗਏ। ਜਿਥੇ ਜਿਥੇ ਮਹਾਰਾਜਾ ਜੀ ਨੇ ਲੜਾਈਆਂ ਕੀਤੀਆਂ ਸਨ, ਉਨ੍ਹਾਂ ਸਭ ਰਣਭੂਮੀਆਂ ਨੂੰ ਅੱਖੀਂ ਜਾ ਕੇ ਡਿੱਠਾ, ਜਿਨ੍ਹਾਂ ਜਿਨ੍ਹਾਂ ਘਰਾਣਿਆਂ ਤੇ ਖਾਨਦਾਨਾਂ ਦਾ ਕਿਸੇ ਨਾ ਕਿਸੇ ਸ਼ਕਲ ਵਿਚ ਮਹਾਰਾਜ ਜੀ ਨਾਲ ਸੰਬੰਧ ਰਿਹਾ ਸੀ, ਉਨ੍ਹਾਂ ਪਾਸੋਂ ਪੁਛ ਪੁਛਾ ਕੇ ਹਾਲ ਜਮਾਂ ਕੀਤੇ ਗਏ।"[15]

ਇੱਕ ਨਹੀਂ ਅਨੇਕ ਮਿਸਾਲਾਂ ਇਸ ਕਿਸਮ ਦੀਆਂ ਦਿੱਤੀਆਂ ਜਾ ਸਕਦੀਆਂ ਹਨ, ਪਰ ਸੰਖੇਪਤਾ ਨੂੰ ਮੁਖ ਰਖਦਿਆਂ ਕੇਵਲ ਇੰਨਾ ਹੀ ਕਹਿ ਦੇਣਾ ਕਾਫ਼ੀ ਹੈ ਕਿ ਬਹੁਤ ਘੱਟ ਇਤਿਹਾਸਕਾਰ, ਲੇਖਕ ਅਜਿਹੇ ਹੋਣਗੇ ਜੋ ਪ੍ਰਮਾਣਿਕਤਾ ਨੂੰ ਇੰਨਾ ਮਹੱਤਵ ਦੇਂਦੇ ਹੋਣ ਤੇ ਇਸ ਦੀ ਪ੍ਰਾਪਤੀ ਲਈ ਇਤਨੀ ਮਿਹਨਤ ਕਰਦੇ ਹੋਣ। ਕਰਮ ਸਿੰਘ ਜੀ ਨਾ ਕੇਵਲ ਤਵਾਰੀਖਾਂ ਪੜ੍ਹਦੇ ਸਨ, ਲੋਕਾਂ ਨੂੰ ਮਿਲਦੇ ਸਨ, ਵੱਖ ਵੱਖ ਇਤਿਹਾਸਕਾਰਾਂ ਦੀ ਸੰਮਤੀ ਨੂੰ ਮੇਲ ਕੇ ਵੇਖਦੇ ਸਨ, ਆਪ ਜਾ ਕੇ ਥਾਵਾਂ ਵੇਖਦੇ ਸਨ, ਸਗੋਂ ਦੂਰ ਦੂਰ ਥਾਵਾਂ ਤੇ ਸਥਿਤ ਲਾਇਬ੍ਰੇਰੀਆਂ ਵਿਚ ਪਈਆਂ ਲਿਖਤਾਂ, ਸਰਕਾਰੀ ਕਾਗਜ਼ਾਂ ਤੇ ਖਾਨਦਾਨੀ ਰਿਕਾਰਡਾਂ ਤੋਂ ਵੀ ਜ਼ਰੂਰੀ ਗੱਲਾਂ ਦੀ ਤਸਦੀਕ ਕਰਨੀ ਜ਼ਰੂਰੀ ਸਮਝਦੇ ਸਨ। ਪੁਸਤਕਾਂ ਵਿਚਲੀਆਂ ਗਵਾਹੀਆਂ ਨੂੰ ਵੀ ਉਹ ਖੋਜ ਲਈ ਜ਼ਰੂਰੀ ਸੰਦ ਸਮਝਦੇ ਸਨ।

ਇਤਿਹਾਸਿਕ ਖੋਜ ਲਈ ਸੋਮਿਆਂ ਦੀ ਚੋਣ ਤੇ ਭਾਲ ਦਾ ਬਹੁਤ ਮਹੱਤਵ ਹੁੰਦਾ ਹੈ। ਉਪਰ ਕੁਝ ਸੋਮਿਆਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਦੀ ਵਰਤੋਂ ਕਰਨੀ ਤਾਂ ਔਖੀ ਗੱਲ ਹੈ ਹੀ, ਇਨ੍ਹਾਂ ਬਾਰੇ ਪੂਰੀ ਪੂਰੀ ਵਾਕਫ਼ੀ ਦੇ ਦੇਣੀ ਹੋਰ ਵੀ ਔਖੀ ਹੈ। ਪਹਿਲਾ ਤਾਂ ਇਸ ਲਈ ਕਿ ਹਰ ਲੇਖਕ ਇਹ ਚਾਹੁੰਦਾ ਹੈ ਕਿ ਪਾਠਕ ਉਸ ਦੇ ਕੱਢੇ ਸਿੱਟਿਆਂ ਨੂੰ ਹੀ ਸਹੀ ਸਮਝਣ ਤੇ ਸੋਮਿਆਂ ਦੀ ਨਿਜੀ ਤੌਰ ਤੇ ਪੜਤਾਲ ਨਾ ਕਰ ਸਕਣ। ਦੂਜੀ ਗੱਲ ਇਹ ਕਿ ਸੋਮੇ ਦੱਸ ਦੇਣ ਨਾਲ ਖੋਜ ਦਾ ਮਹੱਤਵ ਵੀ ਘਟਦਾ ਜਾਪਦਾ ਹੋਵੇਗਾ ਤੇ ਲੇਖਕ ਸਾਰੀ ਖੋਜ ਦਾ ਸਿਹਰਾ ਆਪਣੇ ਸਿਰ ਹੀ ਲੈਣਾ ਚਾਹੁੰਦੇ ਹਨ। ਪਰ ਕਰਮ ਸਿੰਘ ਇਨ੍ਹਾਂ ਦੋਸ਼ਾਂ ਤੋਂ ਬਰੀ ਹਨ। ਉਨ੍ਹਾਂ ਭਾਣੇ ਤਾਂ ਖੋਜ ਦਾ ਕੰਮ ਇੱਕ ਸਮਾਜਿਕ ਕੰਮ ਹੈ, ਸਭ ਦੀ ਸਾਂਝੀ ਜ਼ਿੰਮੇਵਾਰੀ ਹੈ। ਕੋਈ ਵੀ ਇਕੱਲਾ ਬੰਦਾ ਇਸ ਨੂੰ ਸਿਰੇ ਨਹੀਂ ਚੜ੍ਹਾ ਸਕਦਾ। ਇਸ ਲਈ ਲੇਖਕ ਨੇ ਜਿਥੇ 'ਬਾਬਾ ਆਲਾ ਸਿੰਘ' ਲਿਖਦਿਆਂ 54 ਦੁਰਲੱਭ ਪੁਸਤਕਾਂ ਦੀ ਸੂਚੀ ਦਿੱਤੀ ਹੈ ਉਥੇ ਬੰਦਾ ਬਹਾਦਰ ਲਿਖਦਿਆਂ ਉਨ੍ਹਾਂ ਸਭ ਤਵਾਰੀਖਾਂ ਬਾਰੇ ਦੱਸ ਦਿੱਤਾ ਹੈ ਜਿਨ੍ਹਾਂ ਤੋਂ ਸਹਾਇਤਾ ਲਈ ਹੈ। ਇਸੇ ਤਰ੍ਹਾਂ 'ਕੇਸ ਤੇ ਸਿੱਖੀ' ਵਿਚ ਗੁਪਾਲ ਸਿੰਘ ਨੂੰ ਲੰਡਨ ਵਿੱਚੋਂ ਸੁਲੱਭ ਤਵਾਰੀਖਾਂ ਦੀਆਂ ਨਕਲਾਂ ਕਰਵਾ ਕੇ ਭੇਜਣ ਲਈ ਕਿਹਾ ਹੈ। ਫੁਲਵਾੜੀ ਵਿਚ ਜੂਨ,

---

[15] 'ਬਾਬਾ ਆਲਾ ਸਿੰਘ,' ਪੰਨਾ 13-14.

Digitized by Panjab Digital Library | www.panjabdigilib.org

1929 ਵਿਚ ਛਪੇ ਇਕ ਲੇਖ 'ਰੀਸ ਹੀ ਸਹੀ' ਵਿਚ ਦਿੱਲੀ ਬੈਠੇ ਇੱਕ ਸੱਜਣ ਨੂੰ ਦੱਸਿਆ ਹੈ ਕਿ ਉਹ ਕਿਸ ਕਿਸ ਪੱਖੋਂ ਖੋਜ ਵਿਚ ਸਹਾਇਤਾ ਕਰ ਸਕਦਾ ਹੈ। ਇਸੇ ਤਰ੍ਹਾਂ ਆਪਣੇ ਇੱਕ ਲੇਖ 'ਸਿੱਖ ਇਤਿਹਾਸ ਨੰ: 1 (ਫੁਲਵਾੜੀ, ਮਾਰਚ, 1929) ਵਿਚ ਸਿੱਖ ਇਤਿਹਾਸ ਦੇ ਅਨੇਕ ਸੋਮਿਆਂ ਦੀ ਵਾਕਫ਼ੀ ਦਿੱਤੀ ਹੈ ਤਾਂ ਕਿ ਲੋਕ ਇਤਿਹਾਸ ਲਿਖਣ ਵਲ ਰੁਚਿਤ ਤੇ ਉਤਸਾਹਿਤ ਹੋ ਸਕਣ। ਸ. ਕਰਮ ਸਿੰਘ ਇਹ ਸਮਝਦੇ ਸਨ ਕਿ ਇਹ ਕੰਮ ਇੰਨਾਂ ਵੱਡਾ ਤੇ ਵਿਸ਼ਾਲ ਹੈ ਕਿ ਕੋਈ ਇੱਕ ਇਕੱਲਾ ਬੰਦਾ ਇਸ ਨੂੰ ਨਿਰੰਤਰ ਸਾਰਾ ਜੀਵਨ ਲਾ ਕੇ ਵੀ ਪੂਰਾ ਕਰਨ ਦਾਅਵਾ ਨਹੀਂ ਕਰ ਸਕਦਾ। ਦੂਜੀ ਗੱਲ, ਇਹ ਇੱਕ ਕੌਮੀ ਕੰਮ ਹੈ। ਕੌਮਾਂ ਦੇ ਇਤਿਹਾਸ ਕਿਸੇ ਇੱਕ ਬੰਦੇ ਦੀ ਨਹੀਂ, ਸਮੁੱਚੀ ਕੌਮ ਦੀ ਸ਼ਾਨ ਹੁੰਦੇ ਹਨ। ਇਸ ਸ਼ਾਨ ਨੂੰ ਪ੍ਰਗਟ ਕਰਨ ਵਿਚ ਹਰ ਕਿਸੇ ਨੂੰ ਆਪਣੇ ਵਸੀਲਿਆਂ ਅਨੁਸਾਰ ਤਿਲਫੁਲ ਆਹੂਤੀ ਜ਼ਰੂਰ ਪਾਉਣੀ ਚਾਹੀਦੀ ਹੈ। ਕਰਮ ਸਿੰਘ ਅਨੁਸਾਰ :

> "ਪੰਥ ਨੂੰ ਇਹ ਕੰਮ ਆਪਣੇ ਹੱਥ ਵਿਚ ਲੈਣਾ ਚਾਹੀਦਾ ਹੈ ਤੇ ਕਈ ਇਤਿਹਾਸ ਖੋਜੀ ਪੈਦਾ ਕਰਨੇ ਚਾਹੀਦੇ ਹਨ। ਪੰਥ ਦਾ ਇਤਿਹਾਸ ਇਕ ਦੋ ਦੇ ਲਿਖਣ ਦੀ ਗੱਲ ਨਹੀਂ। ਜੋ ਆਦਮੀ ਇਸ ਨੂੰ ਸੁਖਾਲਾ ਕੰਮ ਸਮਝਦੇ ਹਨ, ਉਹ ਇਸ ਕੰਮ ਦੀਆਂ ਔਕੜਾਂ ਤੋਂ ਜਾਣੂੰ ਨਹੀਂ ਹਨ। ਇਹ ਕੰਮ ਕਈ ਦਰਜਨ ਖੋਜੀਆਂ ਦੀ ਉਮਰਾਂ ਬੱਧੀ ਖੋਜ ਦਾ ਕੰਮ ਹੈ।"[16]

ਇਹੋ ਜਿਹੇ ਔਖੇ ਕੰਮ ਨੂੰ ਸਿਰੇ ਚੜ੍ਹਾਉਣ ਲਈ ਜਿਸ ਸਿਰੜ, ਲਗਨ ਤੇ ਦ੍ਰਿੜਤਾ ਦੀ ਲੋੜ ਹੁੰਦੀ ਹੈ ਉਹ ਕਰਮ ਸਿੰਘ ਵਰਗੇ ਵਿਰਲੇ ਵਿਦਵਾਨਾਂ ਦੇ ਹਿੱਸੇ ਹੀ ਆਉਂਦੀ ਹੈ। ਨਹੀਂ ਤਾਂ ਅਣਜਾਣ ਬੰਦਾ ਪੁਰਾਣੇ ਭਰਮ, ਭੁਲੇਖੇ ਕੱਢਦਾ ਕੱਢਦਾ, ਨਵੀਆਂ ਗੁੰਝਲਾਂ ਪਾ ਬੈਠਦਾ ਹੈ। ਸਿੱਖ ਇਤਿਹਾਸ ਦੀਆਂ ਅਨੇਕਾਂ ਘਟਨਾਵਾਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਕੋਈ ਸਪਸ਼ਟੀਕਰਣ ਦੇਣਾ ਔਖਾ ਹੈ। ਮਿਸਾਲ ਵਜੋਂ ਗੁਰੂ ਸਾਹਿਬਾਨ ਦੇ ਗੱਦੀ ਨਸ਼ੀਨ ਹੋਣ ਬਾਰੇ ਤਿੰਨ ਮੌਕੇ ਅਜਿਹੇ ਹਨ ਜਿਨ੍ਹਾਂ ਨੂੰ ਆਮ ਆਦਮੀ ਸਮਝ ਨਹੀਂ ਸਕਦਾ। ਪਹਿਲਾ ਹੈ—ਗੁਰੂ ਨਾਨਕ ਦੇਵ ਜੀ ਦਾ ਗੱਦੀ ਤੇ ਬੈਠਣਾ। ਦੂਜਾ-ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਿੱਲੀ ਜੋਤੀ ਜੋਤ ਸਮਾਉਣ ਤੋਂ ਮਗਰੋਂ ਗੁਰੂ ਤੇਗ ਬਹਾਦਰ ਜੀ ਦੀ ਭਾਲ ਹੋ ਜਾਣ ਤਕ ਗੱਦੀ ਦੇ ਸਮੇਂ ਦਾ ਨਿਰਣਾ। ਤੀਜਾ-ਗੁਰੂ ਗੋਬਿੰਦ ਸਿੰਘ ਜੀ ਦੇ ਗੱਦੀ ਨਸ਼ੀਨ ਹੋਣ ਦਾ ਤੇ ਗੁਰੂ ਤੇਗ ਬਹਾਦਰ ਜੀ ਦੇ ਦਿੱਲੀ ਵਿਚ ਸ਼ਹੀਦ ਹੋਣ ਦਾ ਦਿਨ, ਇੱਕੋ ਹੀ ਹੋਣਾ। ਸ. ਕਰਮ ਸਿੰਘ ਨੇ ਆਪਣੀ ਪੁਸਤਕ 'ਗੁਰਪੁਰਬ ਨਿਰਣੈ' ਵਿਚ ਇਨ੍ਹਾਂ ਸਾਰੀਆਂ ਹੀ ਸਮੱਸਿਆਵਾਂ ਨੂੰ ਇਤਿਹਾਸਕਾਰ ਦੀ ਦ੍ਰਿਸ਼ਟੀ ਤੋਂ ਵੇਖਦਿਆਂ, ਸ਼ਰਧਾਲੂ ਸਿੱਖ ਵਜੋਂ ਵੀ ਫੈਸਲੇ ਦਿੱਤੇ ਹਨ। ਇਥੇ ਕੇਵਲ ਇੱਕੋ ਹੀ ਮਿਸਾਲ ਲੈਂਦੇ ਹਾਂ। ਗੁਰੂ ਹਰਿਕ੍ਰਿਸ਼ਨ ਜੀ ਤੋਂ ਮਗਰੋਂ ਦੇ ਸਮੇਂ ਬਾਰੇ ਕਰਮ ਸਿੰਘ ਨੇ ਲਿਖਿਆ ਹੈ :

> "ਇਹ ਕਾਰਨ ਸੀ ਜਿਸ ਕਰਕੇਚੇਤ ਸੁਦੀ ਸੰਮਤ 1721 ਤੋਂ ਚੇਦ ਸੁਦੀ 14 ਸੰਮਤ 1722 ਤਕ ਗੱਦੀ ਖਾਲੀ ਹੀ ਰਹੀ। 3 ਵਿਸਾਖ ਨੂੰ ਗੁਰੂ ਹਕਿਕ੍ਰਿਸ਼ਨ ਜੀ ਜੋਤੀ ਜੋਤ ਸਮਾਏ ਤੇ ਅਗਲੇ 24 ਚੇਤ ਨੂੰ ਗੁਰੂ ਤੇਗ ਬਹਾਦਰ ਜੀ

---

[16]'ਇਤਿਹਾਸਕ ਖੋਜ, ਪੰਨਾ 28.

Digitized by Panjab Digital Library | www.panjabdigilib.org

ਗੱਦੀ ਤੇ ਬੈਠੇ। ਇਸ ਲਈ ਕਿਹਾ ਜਾ ਸਕਦਾ ਹੈ ਕਿ ਇਤਨਾ ਸਮਾਂ ਗੱਦੀ ਖਾਲੀ ਹੀ ਰਹੀ। ਪਰ ਅਸਲ ਵਿਚ ਇਹ ਗੱਲ ਨਹੀਂ। ਕਿਉਂਕਿ ਗੁਰੂ ਜੀ ਦੀ ਗੁਰਿਆਈ ਉਸ ਸਮੇਂ ਤੋਂ ਹੀ ਹੋ ਗਈ ਜਦ ਦਿੱਲੀ ਅੱਠਵੀਂ ਪਾਤਸ਼ਾਹੀ ਨੇ ਪੰਜ ਪੈਸੇ ਰੱਖ ਕੇ ਮੱਥਾ ਟੇਕ ਦਿੱਤਾ। ਸਿੱਖਾਂ ਦੇ ਇਤਿਹਾਸ ਵਿਚ ਇਹ ਅਦੁੱਤੀ ਸਮਾਂ ਹੈ।"[17]

ਸ. ਕਰਮ ਸਿੰਘ ਇੱਕ ਨਿਡਰ ਤੇ ਨਿਰਭੈ ਲੇਖਕ ਸਨ। ਪੱਖ ਪਾਤ ਤੋਂ ਕੋਹਾਂ ਦੂਰ ਉਹ ਮੁਸਲਮਾਨ, ਅੰਗਰੇਜ਼, ਹਿੰਦੂ ਜਾਂ ਸਿੱਖ ਇਤਿਹਾਸਕਾਰਾਂ ਦੀ ਪਰਖ ਪੜਚੋਲ ਇੱਕੋ ਜਿਹੀ ਵਿਧੀ ਤੇ ਵਿਸ਼ਵਾਸ ਨਾਲ ਕਰਦੇ ਸਨ। ਜਿਥੇ ਫਰਕ ਲਗਦਾ ਸੀ, ਆਪਣਾ ਵਿਚਾਰ ਨਿਰਸੰਕੋਚ ਪੇਸ਼ ਕਰਦੇ ਸਨ। 'ਬੰਦਾ ਬਹਾਦਰ ਕੌਣ ਸੀ' ਪੁਸਤਕ ਲਿਖਦਿਆਂ ਜੇ ਇੱਕ ਹਿੰਦੂ ਇਤਿਹਾਸਕਾਰ ਪਰਮਾਨੰਦ ਦੀ ਲਿਖਤ 'ਬੈਰਾਗੀ ਬੀਰ' ਵਿਚ ਭਰੇ ਹੋਏ ਝੂਠ ਦਾ ਪਾਜ ਉਘੇੜਿਆ ਹੈ ਤਾਂ ਗਿਆਨੀ ਗਿਆਨ ਸਿੰਘ, ਸੰਤੋਖ ਸਿੰਘ ਆਦਿ ਸਿੱਖ ਇਤਿਹਾਸਕਾਰਾਂ ਨੂੰ ਵੀ ਬਖਸ਼ਿਆ ਨਹੀਂ। ਜਦੋਂ ਉਨ੍ਹਾਂ ਨੂੰ ਇਹ ਸਪਸ਼ਟ ਹੋ ਗਿਆ ਕਿ ਗਿਆਨ ਸਿੰਘ ਜੀ ਆਦਰਸ਼ਕ ਪੱਖੋਂ, ਤਰੀਕਾਂ, ਘਟਨਾਵਾਂ ਤੇ ਵੇਰਵਿਆਂ ਦੀ ਪੜਤਾਲ ਕੀਤੇ ਬਿਨਾਂ ਹੀ ਮੋਟੀਆਂ ਮੋਟੀਆਂ ਗੱਲਾਂ ਲਿਖ ਦੇਂਦੇ ਸਨ ਤਾਂ ਉਨ੍ਹਾਂ ਨੇ ਚਿਤਾਵਨੀ ਵਜੋਂ ਸਾਫ਼ ਲਿਖ ਦਿੱਤਾ ਕਿ "ਭਾਈ ਗਿਆਨ ਸਿੰਘ ਜੀ ਦੀ ਕਿਸੇ ਵੀ ਤਾਰੀਖ ਨੂੰ ਬਗੈਰ ਪੜਤਾਲ ਕੀਤੇ ਕਦੇ ਨਾ ਮੰਨਿਆ ਜਾਵੇ। ਮੈਂ ਆਪ ਦੀ ਤਰਤੀਬ ਵਿਚੋਂ ਜਿਤਨੀਆਂ ਤਾਰੀਖਾਂ ਨੂੰ ਕਦੇ ਪੜਤਾਲਿਆ ਹੈ, ਸਦਾ ਗਲਤ ਹੀ ਪਾਇਆ ਹੈ।"[18]

ਇਸ ਦੇ ਉਲਟ ਕਰਮ ਸਿੰਘ ਨੇ ਜੋ ਲਿਖਿਆ ਹੈ, ਜਿਸ ਬਾਰੇ ਵੀ ਲਿਖਿਆ ਹੈ, ਉਸ ਬਾਰੇ ਬਰੀਕ ਤੋਂ ਬਰੀਕ ਵੇਰਵਾ ਦੇਣਾ ਵੀ ਉਚਿਤ ਸਮਝਿਆ ਹੈ। ਇਹ ਉਨ੍ਹਾਂ ਦੀ ਪ੍ਰਾਪਤੀ ਵੀ ਹੈ ਤੇ ਦੇਣ ਵੀ

ਕਰਮ ਸਿੰਘ ਵਰਗੇ ਖੋਜੀ ਤੋਂ ਇਹ ਉਮੀਦ ਨਹੀਂ ਸੀ ਰੱਖੀ ਜਾ ਸਕਦੀ ਕਿ ਉਹ ਕਿਸੇ ਦੇ ਆਖੇ ਵੇਖੇ, ਕੋਈ ਅਜਿਹੀ ਗੱਲ ਲਿਖ ਦੇਣ ਜਿਸ ਦੇ ਸਬੂਤ ਨਾ ਮਿਲਦੇ ਹੋਣ, ਜਿਸ ਦੀ ਕਿਤੋਂ ਹੋਰ ਤਸਦੀਕ ਨਾ ਹੋ ਸਕਦੀ ਹੋਵੇ। ਸੁਣਨ ਵਿਚ ਆਇਆ ਹੈ ਕਿ 'ਬੰਦਾ ਬਹਾਦਰ' ਪੁਸਤਕ ਲਿਖੇ ਜਾਣ ਸਮੇਂ ਕਈ ਪੰਥਕ ਜੱਥਿਆਂ ਵੱਲੋਂ ਉਨ੍ਹਾਂ ਤੇ ਜ਼ੋਰ ਪਾਇਆ ਗਿਆ ਕਿ ਉਹ ਬੰਦੇ ਦੇ ਅੰਮ੍ਰਿਤ ਛੱਕ ਕੇ ਸਿੰਘ ਸਜ ਜਾਣ ਬਾਰੇ ਗੱਲ ਜ਼ਰੂਰ ਲਿਖ ਦੇਣ। ਪਰ ਕਰਮ ਸਿੰਘ ਇਸ ਕੰਮ ਲਈ ਕਿਸੇ ਤਰ੍ਹਾਂ ਵੀ ਰਾਜ਼ੀ ਨਾ ਹੋਏ। ਕਿਉਂਕਿ ਉਦੋਂ ਉਨ੍ਹਾਂ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਸੀ। ਬਦਕਿਸਮਤੀ ਨਾਲ, ਜਦੋਂ ਸਬੂਤ ਮਿਲਿਆ ਉਦੋਂ ਉਨ੍ਹਾਂ ਦਾ ਅੰਤਮ ਸਮਾਂ ਨੇੜੇ ਸੀ। ਇਸ ਲਈ ਬਿਨਾਂ ਸਬੂਤ ਤੋਂ, ਆਪਣੀ ਜ਼ਮੀਰ ਮਾਰ ਕੇ ਇਹ ਗੱਲ ਲਿਖਣੀ ਉਨ੍ਹਾਂ ਨੂੰ ਪਰਵਾਨ ਨਹੀਂ ਸੀ। ਹੀਰਾ ਸਿੰਘ ਦਰਦ ਨੇ ਇਸ ਗੁਣ ਦਾ ਵਰਣਨ ਕਰਦਿਆਂ ਲਿਖਿਆ ਹੈ :

"ਸਰਦਾਰ ਕਰਮ ਸਿੰਘ ਜੀ ਵਿਚ ਸੱਚੇ ਇਤਿਹਾਸਕਾਰਾਂ ਵਾਲੇ ਗੁਣ ਸਨ।

---

[17]ਗੁਰਪੁਰਬ ਨਿਰਣੈ, ਪੰਨਾ 65.
[18]ਇਤਿਹਾਸਕ ਖੋਜ, ਪੰਨਾ 56.

Digitized by Panjab Digital Library | www.panjabdigilib.org

ਆਪ ਵਿਚ ਜਿਥੇ ਖੋਜ ਦਾ ਤੇ ਸੱਚ ਝੂਠ ਨਿਖੇੜਨ ਦਾ ਮਾਦਾ ਸੀ, ਉਥੇ ਸੱਚ ਨੂੰ ਪ੍ਰਗਟ ਕਰਨ ਦੀ ਬੇਹੱਦ ਦਲੇਰੀ ਵੀ ਸੀ। ਆਪ ਲੋਕਾਂ ਦੀ ਨਾਰਾਜ਼ਗੀ ਜਾਂ ਪਰਸੰਨਤਾ ਦੀ ਪਰਵਾਹ ਨਹੀਂ ਕਰਿਆ ਕਰਦੇ ਸਨ।"[19]

ਦਰਦ ਜੀ ਦੇ ਉਕਤ ਕਥਨ ਦੀ ਪ੍ਰੋੜਤਾ ਕਰਦਿਆਂ ਭਾਈ ਜੋਧ ਸਿੰਘ ਨੇ ਲਿਖਿਆ ਹੈ :

"ਮੈਨੂੰ ਇਹ ਕਹਿਣੋਂ ਸੰਗ ਨਹੀਂ ਕਿ ਉਹ (ਕਰਮ ਸਿੰਘ) ਸਿੱਖਾਂ ਦੇ ਪਹਿਲੇ ਇਤਿਹਾਸਕਾਰ ਸਨ।...30 ਸਾਲ ਉਸੇ ਇਸ਼ਕ ਨਾਲ ਫਿਰ ਕੋਈ ਸਿੱਖ ਇਤਿਹਾਸ ਦੀ ਖੋਜ ਦਾ ਕੰਮ ਕਰੇ ਤਾਂ ਭਾਈ ਕਰਮ ਸਿੰਘ ਦੀ ਪਦਵੀ ਨੂੰ ਪੁੱਜੇ।"[20]

ਪ੍ਰਸਿੱਧ ਸਾਹਿੱਤ ਖੋਜੀ, ਵਿਦਵਾਨ ਤੇ ਅਧਿਆਪਕ ਪ੍ਰਿੰ. ਤੇਜਾ ਸਿੰਘ ਦੇ ਦਿਲ ਵਿਚ ਸ. ਕਰਮ ਸਿੰਘ ਲਈ ਅਥਾਹ ਸ਼ਰਧਾ ਸੀ। ਉਨ੍ਹਾਂ ਅਨੁਸਾਰ ਉਹ ਸਿੱਖ ਇਤਿਹਾਸ ਨੂੰ ਇਤਿਹਾਸ ਦੀ ਸ਼ਕਲ ਵਿਚ ਲਿਖਣ ਪੜ੍ਹਨ ਵਾਲੇ ਪਹਿਲੇ ਸੱਜਣ ਸਨ। ਪ੍ਰਿੰ. ਸਾਹਿਬ ਦੇ ਸ਼ਬਦਾਂ ਵਿਚ :

"ਸ. ਕਰਮ ਸਿੰਘ ਸਿੱਖਾਂ ਵਿਚ ਪਹਿਲੇ ਇਤਿਹਾਸਕਾਰ ਹੋਏ ਹਨ ਜਿਨ੍ਹਾਂ ਨੇ ਸਿੱਖ ਇਤਿਹਾਸ ਨੂੰ ਇਤਿਹਾਸ ਦੀ ਸ਼ਕਲ ਵਿਚ ਲਿਖਣ ਦਾ ਜਤਨ ਕੀਤਾ ਹੈ। ਜਿਤਨੀ ਖੋਜ, ਜਿਤਨੀ ਮਿਹਨਤ ਇਨ੍ਹਾਂ ਨੇ ਕੀਤੀ ਹੈ, ਅੱਗੇ ਕਿਸੇ ਨੇ ਨਹੀਂ ਕੀਤੀ, ਇਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਇਸੇ ਕੰਮ ਦੇ ਅਰਪਣ ਕਰ ਦਿੱਤੀ ਸੀ।"[21]

ਸ. ਕਰਮ ਸਿੰਘ ਕਿਹੋ ਜਿਹੇ ਇਤਿਹਾਸਕਾਰ ਸਨ ? ਇਸ ਖੇਤਰ ਵਿਚ ਉਨ੍ਹਾਂ ਦੀ ਕੀ ਦੇਣ ਹੈ ? ਆਦਿ ਪ੍ਰਸ਼ਨਾਂ ਦਾ ਉੱਤਰ ਉਕਤ ਚਰਚਾ ਦੇ ਆਧਾਰ ਤੇ ਸਹਿਜੇ ਹੀ ਇਨ੍ਹਾਂ ਸ਼ਬਦਾਂ ਵਿਚ ਦਿੱਤਾ ਜਾ ਸਕਦਾ ਹੈ ਕਿ ਸ. ਕਰਮ ਸਿੰਘ ਸ਼ਰਧਾਲੂ ਸਿੱਖ ਹੋਣ ਦੇ ਬਾਵਜੂਦ ਅੰਧ ਵਿਸ਼ਵਾਸੀ ਇਤਿਹਾਸਕਾਰ ਨਹੀਂ ਸਨ। ਉਹ ਵਿਗਿਆਨਿਕ ਸਿੱਖ ਇਤਿਹਾਸਕਾਰੀ ਦੇ ਮੋਢੀ ਸਨ, ਆਪਣਾ ਪੱਖ ਨਿਮਰਤਾ ਤੇ ਦਲੀਲ ਨਾਲ ਪੇਸ਼ ਕਰਨ ਤੋਂ ਛੁੱਟ, ਸੋਮਿਆਂ ਦੀ ਵਰਤੋਂ ਕਰਦੇ ਤੇ ਦਸਦੇ ਵੀ ਸਨ। ਉਹ ਹੰਕਾਰ ਤੇ ਤਅਸਬ ਤੋਂ ਕੋਹਾਂ ਦੂਰ ਸਨ। ਉਨ੍ਹਾਂ ਨੇ ਆਪਣੀ ਭੁੱਲ ਮੰਨਣ ਵਿਚ ਕਦੇ ਸੰਕੋਚ ਨਹੀਂ ਕੀਤਾ ਤੇ ਨਾ ਹੀ ਕਿਸੇ ਦੀਆਂ ਭੁੱਲਾਂ ਦੱਸਣ ਵਿਚ ਪਿੱਛੇ ਰਹੇ। ਉਨ੍ਹਾਂ ਨੇ ਕੋਈ ਇਤਿਹਾਸਿਕ ਨਿਰਣਾ ਤੱਥਾਂ ਦੀ ਭਾਲ ਤੋਂ ਬਿਨਾਂ ਨਹੀਂ ਦਿੱਤਾ ਅਤੇ ਬਰੀਕ ਤੋਂ ਬਰੀਕ ਵੇਰਵੇ ਵਲ ਵੀ ਧਿਆਨ ਦੇ ਕੇ ਪ੍ਰਮਾਣਿਕਤਾ ਦਾ ਗੁਣ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀਆਂ ਲਿਖਤਾਂ ਜਿਥੇ ਸਾਡੀ ਇਸ ਧਾਰਣਾ ਦੀ ਪੁਸ਼ਟੀ ਕਰਦੀਆਂ ਹਨ, ਉਥੇ ਉਨ੍ਹਾਂ ਲਿਖਤਾਂ ਵਿਚ ਆਏ ਉਪਰੋਕਤ ਗੁਣ ਦੂਜਿਆਂ ਨੂੰ ਵੀ ਇਨ੍ਹਾਂ ਪੂਰਨਿਆਂ ਤੇ ਚਲਣ ਲਈ ਪ੍ਰੇਰਦੇ ਸਨ। ਸਿੱਖ ਇਤਿਹਾਸਕਾਰੀ ਦੇ ਖੇਤਰ ਵਿਚ ਇਹੀ ਉਨ੍ਹਾਂ ਦੀ ਦੇਣ ਹੈ।

---

[19] 'ਕਤਕ ਕਿ ਵਿਸਾਖ,' ਭੂਮਿਕਾ ਵਿੱਚੋਂ

[20] ਉਹੀ

[21] ਉਹੀ

Digitized by Panjab Digital Library | www.panjabdigilib.org

ਅਧਿਆਇ ਛੇਵਾਂ

ਕਰਮ ਸਿੰਘ ਦੀ ਵਾਰਤਕ-ਸ਼ੈਲੀ

ਸ. ਕਰਮ ਸਿੰਘ ਦੀ ਵਾਰਤਕ ਸ਼ੈਲੀ ਦੇ ਗੁਣਾਂ, ਲੱਛਣਾਂ ਤੇ ਇਸ ਖੇਤਰ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਵਾਰਤਕ ਸ਼ੈਲੀ ਅਤੇ ਇਸ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਬਾਰੇ ਵਿਚਾਰ ਕਰ ਲੈਣੀ ਉਚਿਤ ਪ੍ਰਤੀਤ ਹੁੰਦੀ ਹੈ।

ਸਾਹਿੱਤ ਵਿਚ ਸ਼ੈਲੀ ਦਾ ਅਰਥ ਰਚਨਾ ਵਿੱਚੋਂ ਪ੍ਰਗਟ ਹੁੰਦੀ ਲੇਖਕ ਦੀ ਸ਼ਖਸੀਅਤ ਹੈ। ਲਗਭਗ ਸਾਰੇ ਹੀ ਵਿਦਵਾਨ ਸ਼ੈਲੀ ਦੀ ਇਸ ਪਰਿਭਾਸ਼ਾ ਨਾਲ ਸਹਿਮਤ ਹਨ। ਸੋ ਕਿਸੇ ਵਾਰਤਕਕਾਰ ਦੀ ਸ਼ੈਲੀ ਦਾ ਅਧਿਐਨ ਉਸ ਲੇਖਕ ਦੀ ਸ਼ਖਸੀਅਤ ਨੂੰ ਉਸ ਦੀ ਲਿਖਤ ਵਿੱਚੋਂ ਲੱਭਣ ਤੇ ਪਛਾਣਨ ਦਾ ਯਤਨ ਹੁੰਦਾ ਹੈ। ਲੇਖਕ ਦੇ ਵਿਅਕਤਿਤ੍ਵ ਦੀ ਇਹ ਪਛਾਣ ਲਿਖਤ ਵਿਚ ਸ਼ਬਦਾਂ ਦੀ ਵਰਤੋਂ, ਵਾਕਾਂ ਦੀ ਬਣਤਰ, ਪੈਰ੍ਹਿਆਂ ਦੀ ਉਸਾਰੀ, ਉਪਮਾਵਾਂ ਦੀ ਚੋਣ ਆਦਿ ਤੋਂ ਛੁੱਟ ਸਰਲਤਾ, ਸਾਦਗੀ, ਸੰਜਮ, ਸੰਕੋਚ, ਰਵਾਨੀ, ਮਿਠਾਸ, ਵਿਅੰਗ, ਸੁਹਿਰਦਤਾ ਦੀ ਹੋਂਦ ਜਾਂ ਅਣਹੋਂਦ ਤੋਂ ਵੀ ਸਥਾਪਿਤ ਕੀਤੀ ਜਾਂਦੀ ਹੈ।

ਸ਼ਖਸੀਅਤ ਤੋਂ ਛੁਟ ਕਿਸੇ ਵਾਰਤਕਕਾਰ ਦੀ ਸ਼ੈਲੀ ਨੂੰ ਪ੍ਰਭਾਵਿਤ ਕਰਨ ਵਾਲੇ ਦੂਜੇ ਤੱਤ ਹਨ –ਰਚਨਾ ਦਾ ਵਿਸ਼ਾ ਵਸਤੂ, ਲੇਖਕ ਦੀ ਸਮਕਾਲੀ ਸਥਿਤੀ ਤੇ ਮੰਤਵ, ਲੇਖਕ ਦੇ ਸੰਭਵ ਪਾਠਕਾਂ ਦਾ ਘੇਰਾ।

ਸ਼ੈਲੀ ਦਾ ਮੂਲ ਆਧਾਰ ਸ਼ਖਸੀਅਤ ਹੈ। ਭਾਵੇਂ ਇਹ ਇੱਕ ਨਿਜੀ ਗੁਣ ਹੈ, ਪਛਾਣ ਦੀ ਕਸਵੱਟੀ ਹੈ, ਇੱਕ ਲੇਖਕ ਨੂੰ ਦੂਜੇ ਲੇਖਕਾਂ ਨਾਲੋਂ ਨਿਖੇੜ ਕੇ ਇੱਕ ਵੱਖਰਾ ਵਿਅਕਤਿਤ੍ਵ ਪ੍ਰਦਾਨ ਕਰਦੀ ਹੈ, ਫਿਰ ਵੀ ਇਹ ਕੋਈ ਸੁਤੰਤਰ ਸੰਕਲਪ ਨਹੀਂ ਹੈ। ਇਹ ਲੇਖਕ ਦੇ ਪਰਿਵਾਰਕ ਵਾਤਾਵਰਣ ਤੇ ਸੰਸਕਾਰਾਂ, ਸਮਾਜਿਕ ਸਥਿਤੀ, ਧਾਰਮਿਕ ਵਿਸ਼ਵਾਸਾਂ, ਸਾਹਿੱਤਕ ਝੁਕਾਵਾਂ ਆਦਿ ਤੋਂ ਇੰਨੀ ਪ੍ਰਭਾਵਿਤ ਹੁੰਦੀ ਹੈ ਕਿ ਇਨ੍ਹਾਂ ਨੂੰ ਲੱਭੇ, ਪਛਾਣੇ ਤੇ ਪਰਖੇ ਬਿਨਾਂ ਲੇਖਕ ਦੀ ਮਾਨਸਿਕ ਬਣਤਰ ਨੂੰ ਸਮਝਣਾ ਤੇ ਫਲਸਰੂਪ ਉਸ ਦੀ ਲਿਖਤ ਦਾ ਸਾਰਥਕ ਅਧਿਐਨ ਕਰਨਾ ਲਗਭਗ ਅਸੰਭਵ ਹੁੰਦਾ ਹੈ। ਇਸ ਲਈ ਲੇਖਕ ਦੀ ਸ਼ਖਸੀਅਤ ਹੀ ਇਸ ਗੱਲ ਦਾ ਨਿਰਣਾ ਕਰਦੀ ਹੈ ਕਿ ਕਿਸੇ ਰਚਨਾ ਦੀ ਸ਼ੈਲੀ ਭਾਵੁਕ, ਹੌਲੀ ਹਾਸਰਸੀ, ਵਿਅੰਗਾਤਮਕ, ਵਿਆਖਿਆਤਮਕ ਜਾਂ ਗੰਭੀਰ ਵਿਚਾਰਾਤਮਕ ਆਦਿ ਵਿੱਚੋਂ ਕਿਹੋ ਜਿਹੀ ਹੋਵੇਗੀ। ਲੇਖਕ ਦਾ ਗਿਆਨ, ਉਸ ਦੇ ਸੰਸਕਾਰ, ਭਾਵਨਾਵਾਂ ਤੇ ਜੀਵਨ ਤਜਰਬਾ ਆਦਿ ਉਸ ਦੀ ਸ਼ਖਸੀਅਤ ਦੇ ਮਹੱਤਵਪੂਰਨ ਅੰਗ ਹੁੰਦੇ ਹਨ। ਇਹੀ ਅੰਗ ਇਹ ਨਿਸ਼ਚਿਤ ਕਰਦੇ ਹਨ ਕਿ ਰਚਨਾ ਕਿੱਥੋਂ ਸ਼ੁਰੂ ਹੋਵੇ, ਕਿਹੜੇ ਰਾਹ ਤੁਰੇ, ਕਿਹੋ ਜਿਹਾ ਪ੍ਰਭਾਵ ਪਾਵੇ ਤੇ ਕਿੱਥੇ ਜਾ ਕੇ ਮੁਕੇ। ਸ਼ਬਦ ਚੋਣ, ਵਾਕ ਬਣਤਰ, ਉਪਮਾਵਾਂ ਦੀ ਵਰਤੋਂ, ਪੈਰ੍ਹਿਆਂ ਦੀ ਉਸਾਰੀ ਆਦਿ ਵਾਰਤਕ ਤੱਤ ਇਸ ਗੱਲ ਤੇ ਹੀ ਨਿਰਭਰ ਹੁੰਦੇ ਹਨ।

Digitized by Panjab Digital Library | www.panjabdigilib.org

ਕਿਸੇ ਲੇਖਕ ਦੀ ਸ਼ੈਲੀ ਨੂੰ ਪ੍ਰਭਾਵਿਤ ਕਰਨ ਵਾਲਾ ਦਜਾ ਤੱਤ ਹੈ – ਰਚਨਾ ਦਾ ਵਿਸ਼ਾ-ਵਸਤੂ। ਇਸ ਦਾ ਬਹੁਤਾ ਅਸਰ ਰਚਨਾ ਦੀ ਤਰਤੀਬ ਅਤੇ ਸ਼ਬਦਾਵਲੀ ਉੱਤੇ ਪੈਂਦਾ ਹੈ। ਮਿਸਾਲ ਵਜੋਂ ਇਤਿਹਾਸਿਕ ਰਚਨਾ ਤੇ ਧਾਰਮਿਕ ਰਚਨਾ ਦੀ ਸ਼ਬਦਾਵਲੀ ਵੱਖ ਵੱਖ ਹੋਵੇਗੀ। ਧਾਰਮਿਕ ਰਚਨਾ ਵਿਚ ਇਸੇ ਕਿਸਮ ਦੀ ਕਵਿਤਾ ਦੀਆਂ ਟੂਕਾਂ, ਧਾਰਮਿਕ ਆਗੂਆਂ ਦੇ ਜੀਵਨ ਅੰਸ਼, ਕਰਾਮਾਤਾਂ ਦੇ ਬਿਆਨ ਜਾਂ ਸਾਖੀਆਂ ਦੀ ਵਰਤੋਂ ਆਦਿ ਗੱਲਾਂ ਦੀ ਹੋਂਦ ਹੋ ਸਕਦੀ ਹੈ। ਲੇਖਕ ਦੀ ਸ਼ਬਦਚੋਣ ਉੱਤੇ ਸ਼ਰਧਾਲੂ ਪ੍ਰਭਾਵ ਦਿਸਦਾ ਹੁੰਦਾ ਹੈ। ਇਸ ਦੇ ਉਲਟ ਜੇ ਵਿਸ਼ਾ ਸਮਾਜਿਕ, ਮਾਨਸਿਕ, ਵਿਗਿਆਨਿਕ ਆਦਿ ਵਿੱਚੋਂ ਇੱਕ ਹੋਵੇ ਤਾਂ ਰਚਨਾ ਦੀ ਸ਼ਬਦਾਵਲੀ ਤੇ ਤਰਤੀਬ ਵੀ ਲੋੜ ਅਨੁਸਾਰ ਬਦਲ ਜਾਂਦੀ ਹੈ।

ਸ਼ੈਲੀ ਨੂੰ ਪ੍ਰਭਾਵਿਤ ਕਰਨ ਵਾਲਾ ਤੀਜਾ ਤੱਤ ਹੈ—ਲੇਖਕ ਦਾ ਮੰਤਵ ਤੇ ਸਮਕਾਲੀ ਸਥਿਤੀ। ਵਿਆਖਿਆ ਅਤੇ ਵਿਚਾਰ, ਬਹਿਸ, ਭਾਵੁਕ ਸਤਿਕਾਰ ਜਾਂ ਮਾਨਸਿਕ ਵੇਦਨਾ ਦਾ ਪ੍ਰਗਟਾਵਾ, ਆਲੋਚਨਾਤਮਕ ਅਧਿਐਨ, ਸਾਹਿੱਤਕ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ, ਜਾਂ ਨਿਰੋਲ ਪਰਚਾਰ ਆਦਿ ਵਿੱਚੋਂ ਕਿਹੜਾ ਮੰਤਵ ਲੇਖਕ ਦੇ ਸਾਹਮਣੇ ਹੈ? ਇਸ ਪ੍ਰਸ਼ਨ ਦਾ ਉੱਤਰ ਹੀ ਲੇਖਕ ਦੇ ਮੰਤਵ ਨੂੰ ਸਪਸ਼ਟ ਕਰਦਾ ਹੈ, ਨਾਲ ਹੀ ਰਚਨਾ ਦੀ ਬਣਤਰ, ਸੁਭਾ ਅਤੇ ਪ੍ਰਭਾਵ ਆਦਿ ਬਾਰੇ ਵੀ ਜਾਣਕਾਰੀ ਦਿੰਦਾ ਹੈ। ਉਦਾਹਰਣ ਦੇ ਤੌਰ ਤੇ ਸਿੰਘ ਸਭਾ ਲਹਿਰ ਦੇ ਪ੍ਰਚਾਰ ਵੇਲੇ ਰਚੇ ਗਏ ਪੰਜਾਬੀ ਸਾਹਿਤ ਦਾ ਮੰਤਵ, ਆਮ ਤੌਰ ਤੇ, ਧਰਮ ਪ੍ਰਚਾਰ ਬਹੁਤਾ ਤੇ ਸਾਹਿਤਕ ਪ੍ਰਗਟਾਵਾ ਘੱਟ ਪ੍ਰਤੀਤ ਹੁੰਦਾ ਹੈ। ਸਿੱਟੇ ਵਜੋਂ ਉਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਸੰਬੋਧਨ ਤੇ ਉਪਦੇਸ਼ ਦੀ ਖੁੱਲ੍ਹੀ ਵਰਤੋਂ ਕੀਤੀ ਹੋਈ ਮਿਲਦੀ ਹੈ। ਪਰ ਜਿਉਂ ਜਿਉਂ ਸਮਾਂ ਬੀਤਦਾ ਗਿਆ, ਤਿਉਂ ਤਿਉਂ ਪੰਜਾਬੀ ਵਾਰਤਕ ਵਿੱਚੋਂ ਇਹ ਅੰਸ਼ ਵੀ ਲੁਪਤ ਹੁੰਦਾ ਗਿਆ ਹੈ।

ਸਮਕਾਲੀ ਸਥਿਤੀ ਤੋਂ ਭਾਵ ਉਸ ਸਮੇਂ ਦੀ ਸਮਾਜਿਕ, ਧਾਰਮਿਕ ਤੇ ਰਾਜਨੀਤਕ ਸਥਿਤੀ ਹੈ ਜਦੋਂ ਵਿਚਾਰਾਧੀਨ ਰਚਨਾ ਲਿਖੀ ਗਈ ਹੋਵੇ। ਜੇ ਭਾਈ ਵੀਰ ਸਿੰਘ ਦੀਆਂ ਲਿਖਤਾਂ ਨੂੰ ਇਸ ਦ੍ਰਿਸ਼ਟੀਕੋਣ ਤੋਂ ਪਰਖੀਏ ਤਾਂ ਪਤਾ ਲਗਦਾ ਹੈ ਕਿ ਉਸ ਸਮੇਂ ਸਿੱਖਾਂ ਦਾ ਇਤਿਹਾਸ, ਸਿੱਖਾਂ ਦੇ ਦ੍ਰਿਸ਼ਟੀਕੋਣ ਤੋਂ ਸਿੱਖਾਂ ਲਈ ਲਿਖਿਆ ਜਾਣਾ ਜ਼ਰੂਰੀ ਸੀ। ਉਨ੍ਹਾਂ ਦੇ ਨਾਵਲ, ਟ੍ਰੈਕਟ ਤੇ ਇਤਿਹਾਸਿਕ ਜੀਵਨੀਆਂ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ।

ਪਾਠਕ ਵੀ, ਲੇਖਕ ਵੀ ਸ਼ੈਲੀ ਨੂੰ ਪ੍ਰਭਾਵਿਤ ਕਰਨ ਦੀ ਸਮਰਥਾ ਰਖਦੇ ਹਨ। ਲੇਖਕ ਨੇ ਜਿਸ ਪਾਠਕ ਸਮੂਹ ਨੂੰ ਸੰਬੋਧਨ ਕਰਨਾ ਹੋਵੇ ਉਸ ਦੀ ਲਿਖਤ ਅਚੇਤ ਹੀ ਉਸ ਲਹਿਜੇ ਤੇ ਸੁਰ ਦੀ ਅਨੁਸਾਰੀ ਹੋ ਜਾਂਦੀ ਹੈ। ਉਸ ਦਾ ਸਮੁੱਚਾ ਰਵੱਈਆ ਅਤੇ ਸ਼ਬਦਾਵਲੀ ਉਸੇ ਤਰ੍ਹਾਂ ਢਲ ਜਾਂਦੀ ਹੈ। ਇਥੇ ਵੀ ਭਾਈ ਵੀਰ ਸਿੰਘ ਦੀ ਮਿਸਾਲ ਸਹਾਇਕ ਹੋ ਸਕਦੀ ਹੈ। ਉਨ੍ਹਾਂ ਦੇ ਪਾਠਕਾਂ ਦੀ ਬਹੁ-ਗਿਣਤੀ ਅੱਧਪੜ੍ਹ ਜਾਂ ਅਨਪੜ੍ਹ ਸੀ। ਦੂਜਾ-ਉਨ੍ਹਾਂ ਦੇ ਆਪਣੇ ਸੰਸਕਾਰ ਪਿੰਡਾਂ ਦੀ ਕਿਰਸਾਣੀ ਜਮਾਤ ਨਾਲੋਂ ਸ਼ਹਿਰੀ ਮੱਧ-ਸ਼੍ਰੇਣੀ ਤੇ ਤੇ ਮਹਾਜਨੀ ਜਮਾਤ ਨਾਲ ਵਧੇਰੇ ਜੁੜੇ ਹੋਏ ਸਨ। ਇਨ੍ਹਾਂ ਪਾਠਕਾਂ ਦੇ ਸ਼ਹਿਰੀ ਦ੍ਰਿਸ਼ਟੀਕੋਣ, ਧਾਰਮਿਕ ਵਿਸ਼ਵਾਸਾਂ ਤੇ ਭਾਈ ਸਾਹਿਬ ਦੇ ਆਪਣੇ ਘਰ ਦੇ ਧਾਰਮਿਕ ਵਾਤਾਵਰਣ ਦੇ ਸਿੱਟੇ ਵਜੋਂ ਕਥਾਮਈ ਤੇ ਭਾਸ਼ਣੀ ਸ਼ੈਲੀ ਵਾਲੀ ਵਾਰਤਕ ਦੀ ਰਚਨਾ ਹੋਈ। ਉਹ ਸਾਖੀਆਂ ਸੁਣਾ ਕੇ ਸਿੱਟੇ ਕੱਢਦੇ ਹਨ, ਪ੍ਰਸ਼ਨ ਉੱਤਰ ਕਰ ਕੇ ਸਮਝਾਉਂਦੇ ਹਨ, ਵਾਰਤਾਲਾਪੀ ਸ਼ੈਲੀ

Digitized by Panjab Digital Library | www.panjabdigilib.org

ਵਰਤ ਕੇ ਉਪਦੇਸ਼ ਦਿੰਦੇ ਹਨ।

ਸ਼ੈਲੀ ਸੰਬੰਧੀ ਉਪਰੋਕਤ ਦ੍ਰਿਸ਼ਟੀਕੋਣ ਦੇ ਆਧਾਰ ਤੇ ਸ. ਕਰਮ ਸਿੰਘ ਦੀ ਇਤਿਹਾਸਿਕ ਵਾਰਤਕ ਦਾ ਅਧਿਐਨ ਕੀਤਿਆਂ ਅਸੀਂ ਸਹਿਜੇ ਹੀ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਉਨ੍ਹਾਂ ਦੀ ਸ਼ਖਸੀਅਤ ਦੀ ਉਸਾਰੀ ਵਿਚ ਉਸ ਸਮੇਂ ਦੇ ਧਾਰਮਿਕ ਵਾਤਾਵਰਣ ਨੇ ਬੜਾ ਡੂੰਘਾ ਅਸਰ ਪਾਇਆ। ਉਨ੍ਹਾਂ ਦਿਨਾਂ ਵਿਚ ਸਿੰਘ ਸਭਾ ਲਹਿਰ ਪੂਰੇ ਜ਼ੋਰਾਂ ਤੇ ਸੀ। ਜਿਵੇਂ ਕਿ ਉਪਰ ਦੱਸਿਆ ਜਾ ਚੁਕਾ ਹੈ ਭਾਈ ਵੀਰ ਸਿੰਘ ਵਰਗੇ ਲੇਖਕ ਆਪਣੇ ਨਾਵਲਾਂ, ਟੈਕਟਾਂ ਅਤੇ ਜੀਵਨੀਆਂ ਰਾਹੀਂ ਸਿੱਖ ਧਰਮ ਤੇ ਸਿੱਖ ਇਤਿਹਾਸ ਦੇ ਵੱਖ ਵੱਖ ਪੱਖਾਂ ਨੂੰ ਉਜਾਗਰ ਕਰ ਰਹੇ ਸਨ। ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ, ਭਾਈ ਮੋਹਨ ਸਿੰਘ ਵੈਦ, ਸੰਤ ਸੰਪੂਰਨ ਸਿੰਘ, ਸ. ਚਰਨ ਸਿੰਘ ਸ਼ਹੀਦ, ਸ. ਉਜਾਗਰ ਸਿੰਘ ਆਦਿ ਲੇਖਕ ਥੋੜੇ ਬਹੁਤ ਫਰਕ ਨਾਲ ਇਸੇ ਕਾਰਜ ਵਿਚ ਰੁੱਝੇ ਹੋਏ ਸਨ।

ਕਰਮ ਸਿੰਘ ਦੀਆਂ ਲਿਖਤਾਂ ਵਿਚ ਵੀ, ਜਿਨ੍ਹਾਂ ਦਾ ਰਚਨਾ ਕਾਲ ਮੋਟੇ ਤੌਰ ਤੇ 1905 ਈ. ਤੋਂ 1930 ਈ. ਤਕ ਬਣਦਾ ਹੈ, ਉਪਰੋਕਤ ਲੇਖਕਾਂ ਵਾਂਗ ਸਿੱਖ ਇਤਿਹਾਸ ਨੂੰ ਹੀ ਵਿਸ਼ਾ ਬਣਾਇਆ ਗਿਆ ਹੈ। ਪਰ ਇੱਕ ਗੱਲ ਨਿਰਸੰਦੇਹ ਆਖੀ ਜਾ ਸਕਦੀ ਹੈ ਕਿ ਉਹ ਇਸ ਪੱਖੋਂ ਸਭ ਤੋਂ ਵੱਧ ਵਿਗਿਆਨਿਕ ਵਿਧੀ ਅਪਣਾਉਣ ਵਾਲੇ ਤੇ ਖੋਜੀ ਬਿਰਤੀ ਵਾਲੇ ਲੇਖਕ ਸਨ। ਸੋ ਉਨ੍ਹਾਂ ਦੀ ਬਹੁਤੀ ਵਾਰਤਕ ਨਿਰੋਲ ਇਤਿਹਾਸਿਕ ਹੈ। ਇਸ ਨੂੰ ਸਾਹਿੱਤ ਦੇ ਘੇਰੇ ਵਿਚ ਲੈ ਆਉਣ ਵਾਲੀ ਗੱਲ ਸਿੱਖ ਧਰਮ ਪ੍ਰਤੀ ਉਨ੍ਹਾਂ ਦੀ ਅਥਾਹ ਸ਼ਰਧਾ ਹੈ। ਜਿਵੇਂ ਕਿ ਸਪਸ਼ਟ ਕੀਤਾ ਜਾ ਚੁੱਕਾ ਹੈ, ਸ. ਕਰਮ ਸਿੰਘ ਅੰਧ-ਵਿਸ਼ਵਾਸ ਤੋਂ ਬਿਲਕੁਲ ਬੇਲਾਗ ਤੇ ਨਿਰਲੇਪ ਸਨ। ਪਰ ਇਹੀ ਗੱਲ ਉਪਰੋਕਤ ਸਾਰੇ ਹੀ ਲੇਖਕਾਂ ਬਾਰੇ ਪੂਰੇ ਭਰੋਸੇ ਨਾਲ ਕਹਿ ਸਕਣੀ ਸੰਭਵ ਨਹੀਂ ਹੈ।

ਸਰਦਾਰ ਕਰਮ ਸਿੰਘ ਜੀ ਦੀ ਵਾਰਤਕ ਸ਼ੈਲੀ ਸੰਬੰਧੀ ਪਹਿਲੀ ਗੱਲ ਇਹ ਕਹਿਣੀ ਬਣਦੀ ਹੈ ਕਿ ਉਹ ਬੇਲੋੜੇ ਵਿਸਤਾਰ ਤੋਂ ਬਚ ਕੇ ਸੰਜਮ ਨਾਲ, ਸੰਖੇਪ ਰੂਪ ਵਿਚ ਗੱਲ ਦੱਸਣ ਵਿਚ, ਮਸਲਾ ਸਪਸ਼ਟ ਕਰਨ ਵਿਚ ਜਾਂ ਵਿਚਾਰ ਪੇਸ਼ ਕਰਨ ਵਿਚ ਵਿਸ਼ਵਾਸ ਰਖਦੇ ਸਨ। ਉਹ ਵਾਕਫ਼ੀ ਦਿੰਦੇ ਹਨ, ਪਰ ਸ਼ਬਦ ਜਾਲ ਵਿਚ ਨਹੀਂ ਫਸਦੇ ਸਨ। ਮਿਸਾਲ ਵਜੋਂ 'ਵਾਰ ਸੰਧਾਵਾਲੀਆਂ' ਦੇ ਆਰੰਭ ਵਿਚ ਵਾਰਾਂ ਸੰਬੰਧੀ ਵਾਕਫ਼ੀ ਇਉਂ ਦਰਜ ਕੀਤੀ ਹੈ :

> "ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਤੋਂ ਦਸ ਪੰਦਰਾਂ ਸਾਲ ਪਿਛੋਂ ਤਕ ਇਸ ਦੇਸ਼ ਵਿਚ ਵਾਰਾਂ ਸੁਣਨ ਦਾ ਆਮ ਰਿਵਾਜ ਸੀ। ਹਰ ਮੇਲੇ ਮੁਸਾਹਬੇ ਜਾਂ ਵਿਆਹ ਸ਼ਾਦੀ ਦੇ ਮੌਕੇ ਤੇ ਵਾਰਾਂ ਸੁਨਾਣ ਵਾਲੇ ਸੱਦੇ ਜਾਂਦੇ ਸਨ ਅਤੇ ਸਭ ਆਦਮੀ ਬੜੇ ਪ੍ਰੇਮ ਨਾਲ ਜੋਧਿਆਂ ਦੀਆਂ ਵਾਰਾਂ ਸੁਣਦੇ ਸਨ। ਅਜਕਲ ਕਚਹਿਰੀਆਂ ਦਾ ਸਿਆਪਾ ਵੱਧ ਜਾਣ ਕਾਰਣ ਲੋਕਾਂ ਦੀ ਰੁਚੀ ਇਸ ਪਾਸੇ ਵਲੋਂ ਹਟ ਕੇ ਮੁਕੱਦਮੇਬਾਜ਼ੀ ਵਲ ਆਮ ਹੋ ਗਈ ਹੈ। ਇਸ ਲਈ ਮਾਝੇ ਰਿਆੜਕੀ ਵਿਚੋਂ ਤਾਂ ਵਾਰਾਂ ਸੁਣਨ ਦਾ ਸ਼ੌਕ ਮੂਲੋਂ ਹੀ ਜਾਂਦਾ ਰਿਹਾ ਹੈ, ਅਤੇ ਮਾਲਵੇ ਵਿਚ ਵੀ ਬਹੁਤ ਥੋੜਾ ਰਹਿ ਗਿਆ ਹੈ। ਹਾਂ ਚਠਿਆਂ, ਭੱਟੀਆਂ, ਖਰਲਾਂ ਅਤੇ ਸਿਆਲਾਂ ਦੇ ਤਪਿਆਂ ਵਿਚ ਅਜੇ ਤੀਕ ਵਾਰਾਂ ਸੁਣਨ

Digitized by Panjab Digital Library | www.panjabdigilib.org

ਦਾ ਬਹੁਤ ਰਿਵਾਜ ਹੈ।"[1]

ਸੰਜਮ ਤੇ ਸੰਖੇਪਤਾ ਦੇ ਨਾਲ ਨਾਲ ਉਨ੍ਹਾਂ ਦੀ ਲਿਖਤ ਵਿਚ ਇੱਕ ਪੇਂਡੂ ਬੰਦੇ ਵਰਗੀ ਸਰਲਤਾ ਤੇ ਸਾਦਗੀ ਸੀ। 1908 ਈ. ਵਿਚ ਲਿਖੇ ਇਕ ਲੇਖ 'ਭਾਈ ਤਾਰਾ ਸਿੰਘ ਜੀ ਸ਼ਹੀਦ' ਵਿੱਚੋਂ ਲਈ ਗਈ ਹੇਠ ਲਿਖੀ ਟੂਕ ਇਸ ਗੱਲ ਦੀ ਪੁਸ਼ਟੀ ਕਰਦੀ ਹੈ। ਕਰਮ ਸਿੰਘ ਨੇ ਉਸ ਸਮੇਂ ਦੇ ਰਹਿਣ ਸਹਿਣ ਬਾਰੇ ਵਾਕਫ਼ੀ ਇਸ ਤਰ੍ਹਾਂ ਦਿੱਤੀ ਹੈ :

"ਉਸ ਸਮੇਂ (ਭਾਵ 1702 ਈ. ਦੇ ਲਗਭਗ) ਕਣਕ ਆਦਿ ਅਨਾਜ ਇਤਨੇ ਆਮ ਨਹੀਂ ਸਨ, ਜਿਤਨੇ ਅਜਕਲ ਹਨ। ਸਾਰਾ ਮਾਝਾ ਜੰਡਾਂ, ਕਰੀਰਾ ਦਾ ਘਰ ਹੁੰਦਾ ਸੀ, ਇਸ ਲਈ ਡੇਲੇ ਬਹੁਤ ਹੋਇਆ ਕਰਦੇ ਸਨ। ਸਾਰੇ ਆਦਮੀ ਇਨ੍ਹਾਂ ਨਾਲ ਹੀ ਆਪਣੀਆਂ ਕੋਠੀਆਂ ਭਰ ਲੈਂਦੇ ਅਤੇ ਅਨਾਜ ਦੀ ਥਾਂ ਇਨ੍ਹਾਂ ਨੂੰ ਹੀ ਖਾਂਦੇ। ਚਰਾਂਦਾਂ ਬਹੁਤ ਹੋਣ ਕਰਕੇ ਲਵੇਰਾ ਬੇ ਓੜਕਾ ਹੁੰਦਾ ਸੀ। ਇਸ ਲਈ ਬਹੁਤਿਆਂ ਦਾ ਗੁਜ਼ਾਰਾ ਦੁੱਧ ਘਿਓ ਉਤੇ ਹੁੰਦਾ। ਜਦ ਕਿਸੇ ਘਰ ਵਿਆਹ ਸ਼ਾਦੀ ਹੁੰਦੀ ਤਾਂ ਮੁੰਡੇ ਕੱਛਾਂ ਮਾਰਦੇ ਫਿਰਦੇ ਕਿ ਅੱਜ ਅਸੀਂ ਕਣਕ ਦੇ ਮੰਡੇ ਖਾਵਾਂਗੇ।"[2]

ਇਹੀ ਗੁਣ ਹੇਠ ਲਿਖੀਆਂ ਸਤਰਾਂ ਵਿਚ ਵੀ ਝਲਕਦਾ ਹੈ।

ਜਿਨ੍ਹਾਂ ਨੂੰ ਪੰਜਾਬੀ ਦੇ ਵਾਧੇ ਦਾ ਚਾਉ ਹੈ, ਉਹ ਪੁਰਾਣੀਆਂ ਵਾਰਾਂ ਇਕੱਠੀਆਂ ਕਰਨ ਅਤੇ ਵੇਖਣ ਕਿ ਅਸਲ ਪੰਜਾਬੀ ਕੀ ਚੀਜ਼ ਹੈ। ਨਾਦਰ ਦੀ ਪੌੜੀ, ਚੱਠਿਆਂ ਦੀ ਵਾਰ, ਇਹ ਛਪੀਆਂ ਹੋਈਆਂ ਹਨ। ਪਰ ਹੋਰ ਅਨੇਕਾਂ ਵਾਰਾਂ ਹਨ ਜੋ ਭਾਲ ਕੇ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ।"[3]

ਪਿਛਲੇ ਕਾਂਡਾਂ ਵਿਚ ਸ. ਕਰਮ ਸਿੰਘ ਦੀ ਨਿਰਪੱਖ ਖੋਜ ਦੇ ਕਿੰਨੇ ਹੀ ਨਮੂਨੇ ਮਿਸਾਲ ਵਜੋਂ ਪੇਸ਼ ਕੀਤੇ ਜਾ ਚੁਕੇ ਹਨ। ਨਿਰਪੱਖਤਾ ਉਸ ਸਮੇਂ, ਜਦ ਕਿ ਹਰ ਧਰਮ ਤੇ ਕੌਮ ਦੇ ਲੋਕ; ਸਮੇਤ ਸਿੱਖਾਂ ਦੇ, ਆਪੋ ਆਪਣੇ ਵਿਰਸੇ ਨੂੰ ਵੱਧ ਤੋਂ ਵੱਧ ਸ਼ਾਨਦਾਰ ਬਣਾ ਕੇ ਪੇਸ਼ ਕਰਨ ਵਿਚ ਰੁਝੇ ਹੋਏ ਸਨ, ਇੱਕ ਵਿਸ਼ੇਸ਼ ਸਿਫਤ ਜਾਪਦੀ ਹੈ। ਇਹ ਲੇਖਕ ਦੀ ਮਾਨਸਿਕ ਬਣਤਰ ਦਾ ਗੁਣ ਹੈ ਤੇ ਇਸ ਦੇ ਸਿੱਟੇ ਵਜੋਂ ਹੀ ਨਿਡਰਤਾ ਤੇ ਨਿਰਭੈਤਾ ਦੇ ਗੁਣ ਵੀ ਲਿਖਤ ਵਿਚ ਆ ਜਾਂਦੇ ਹਨ। ਕਿਉਂਕਿ ਜਿਸ ਦੇ ਪੱਲੇ ਸੱਚ ਹੁੰਦਾ ਹੈ ਉਸ ਨੂੰ ਕਾਹਦਾ ਡਰ। ਖਾਲਸੇ ਦੇ ਜਨਮ ਬਾਰੇ, ਇਤਿਹਾਸਿਕ ਖੋਜ ਦੇ ਆਧਾਰ ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਉਨ੍ਹਾਂ ਨੇ ਉਸ ਸਮੇਂ ਮੁਗਲਾਂ ਵੱਲੋਂ ਹਿੰਦੂਆਂ ਦੀ ਬੇਪਤੀ ਦਾ ਵਰਣਨ ਜਿਵੇਂ ਨਿਡਰ ਹੋ ਕੇ ਕੀਤਾ ਹੈ, ਉਹ ਪੜ੍ਹਨ ਨਾਲ ਹੀ ਸੰਬੰਧ ਰਖਦਾ ਹੈ :

"ਖਾਲਸੇ ਦਾ ਜਨਮ ਉਦੋਂ ਹੋਇਆ, ਜਦ ਹਿੰਦੂ ਆਪਣਾ ਮਰਦਊਪੁਣਾ ਛੱਡ ਚੁਕੇ ਸਨ। ਹਿੰਦੂ ਜੇਜੀਆ ਦੇਂਦੇ ਸਨ ਤੇ ਜੇਜ਼ੀਆ ਉਗਰਾਹਣ ਵਾਲਾ ਹਾਕਮ ਹਿੰਦੂਆਂ ਦੀ ਪਰਲੇ ਦਰਜੇ ਦੀ ਬੇਇਜ਼ਤੀ ਕਰਦਾ ਸੀ। ਜੇਜ਼ੀਆ

---

[1]'ਇਤਿਹਾਸਕ ਖੋਜ,' ਪੰਨਾ 215
[2]ਉਹੀ, ਪੰਨਾ 203
[3]ਉਹੀ, ਪੰਨਾ 56

Digitized by Panjab Digital Library | www.panjabdigilib.org

ਦੇਣ ਵਾਲਾ ਭਾਵੇਂ ਕੇਡਾ ਵੱਡਾ ਹੋਵੇ, ਪਰ ਉਸ ਨੂੰ ਆਪ ਜਾ ਕੇ ਜੇਜ਼ੀਆ ਤਾਰਨਾ ਪੈਂਦਾ ਸੀ। ਕਿਸੇ ਨੌਕਰ, ਰਿਸ਼ਤੇਦਾਰ ਜਾਂ ਆਪਣੇ ਪੁੱਤਰ ਹਥੀਂ ਵੀ ਉਹ ਆਪਣੀ ਰਕਮ ਨਹੀਂ ਘਲ ਸਕਦਾ ਸੀ। ਜੇਜ਼ੀਆਂ ਉਗਰਾਹੁਣ ਵਾਲਾ ਬੈਠਾ ਹੁੰਦਾ ਤੇ ਜੇਜ਼ੀਆਂ ਦੇਣ ਵਾਲਾ ਉਸ ਦੇ ਸਾਹਮਣੇ ਖੜੋ ਕੇ, ਨੰਗੀ ਪੈਰੀਂ ਹੋ ਕੇ, ਸਿਰ ਨਿਵਾ ਕੇ ਆਪਣੀ ਰਕਮ ਉਸ ਦੇ ਹੱਥ ਤੇ ਧਰਦਾ। ਹਰ ਇਕ ਘਰ ਦੇ ਆਦਮੀ ਨੂੰ ਆਪਣੀ ਰਕਮ ਇਸੇ ਤਰ੍ਹਾਂ ਤਾਰਨੀ ਪੈਂਦੀ ਸੀ।"[4]

ਜੇਜ਼ੀਆ ਲਾਉਣ ਦਾ ਭਾਵ ਸਪਸ਼ਟ ਕਰਦਿਆਂ ਕਰਮ ਸਿੰਘ ਨੇ ਲਿਖਿਆ ਹੈ :

ਜੇਜ਼ੀਆ ਲਾਉਣ ਦਾ ਭਾਵ ਰੁਪਿਆ ਇਕੱਠਾ ਕਰਨਾ ਨਹੀਂ ਸੀ। ਬਲਕਿ ਹਿੰਦੂਆਂ ਨੂੰ ਬੇਇਜ਼ਤ ਤੇ ਬੇਅਣਖ ਕਰਨਾ ਸੀ। ਉਸ ਸਮੇਂ ਦੇ ਹਿੰਦੂਆਂ ਵਿਚ ਅਣਖ ਦਾ ਨਾਮ ਤਕ ਨਹੀਂ ਰਹਿ ਗਿਆ ਸੀ। ਹਿੰਦੂ ਘੋੜੇ ਦੀ ਸਵਾਰੀ ਨਹੀਂ ਕਰ ਸਕਦੇ ਸਨ, ਚਿੱਟੀ ਪੱਗ ਨਹੀਂ ਬੰਨ੍ਹ ਸਕਦੇ ਸਨ। (ਇਨ੍ਹਾਂ ਨੂੰ ਕੇਵਲ ਲਾਲ ਪੱਗ ਬੰਨ੍ਹਣ ਦਾ ਹੁਕਮ ਸੀ) ਅਤੇ ਹਥਿਆਰ ਵੀ ਨਹੀਂ ਲਾ ਸਕਦੇ ਸਨ। ਇਹ ਗੱਲਾਂ ਵੀ ਤਾਂ ਅਣਖ ਨਹੀਂ ਰਹਿਣ ਦੇਂਦੀਆਂ। ਪਰ ਔਰੰਗਜ਼ੇਬ ਨੇ ਹਿੰਦੂਆਂ ਨੂੰ ਮੂਲੋਂ ਬੇਅਣਖ ਕਰਨ ਲਈ ਜੇਜ਼ੀਆ ਵੀ ਲਾ ਦਿੱਤਾ ਸੀ।"[5]

ਤੱਥਾਂ ਨੂੰ ਪੇਸ਼ ਕਰਨ ਦੇ ਪੱਖੋਂ, ਸ. ਕਰਮ ਸਿੰਘ ਭਾਵੇਂ ਇਕ ਨਿਡਰ ਤੇ ਨਿਰਪੱਖ ਇਨਸਾਨ ਸਨ ਪਰ ਉਹ ਕਦੇ ਵੀ ਸੁਹਿਰਦਤਾ ਦਾ ਪੱਲਾ ਨਹੀਂ ਛੱਡਦੇ ਸਨ। ਉਨ੍ਹਾਂ ਦੀ ਖੋਜ ਦਾ ਮੰਤਵ ਤੱਥਾਂ ਦੀ ਭਾਲ ਸੀ ਨਾ ਕਿ ਕਿਸੇ ਨੂੰ ਵੱਡਾ ਤੇ ਦੂਜੇ ਨੂੰ ਛੋਟਾ ਦਰਸਾਉਣਾ ਜਾਂ ਕਿਸੇ ਦਾ ਪੱਖ ਪੂਰਨਾ ਸੀ। ਸਰਦਾਰ ਜੀ ਆਪਣੀਆਂ ਭੁੱਲਾਂ ਨੂੰ ਖਿੜੇ ਮੱਥੇ ਸਵੀਕਾਰ ਕਰ ਲੈਂਦੇ ਸਨ।' ਸਿੱਖ ਇਤਿਹਾਸ ਨੰ: 2 ਵਿਚ ਸਿੱਖ ਇਤਿਹਾਸ ਦੇ ਸੋਮਿਆਂ ਸੰਬੰਧੀ ਚਰਚਾ ਕਰਨ ਮਗਰੋਂ ਅੰਤ ਵਿਚ ਲਿਖ ਦਿੱਤਾ ਹੈ ਕਿ ਇਹ ਉਨ੍ਹਾਂ ਦੇ ਆਪਣੇ ਖਿਆਲ ਹਨ।

"ਗੁਰੂ ਸਾਹਿਬ ਦੇ ਇਤਿਹਾਸ ਸੰਬੰਧੀ ਮੇਰੇ ਇਹ ਮੋਟੇ ਮੋਟੇ ਖਿਆਲ ਹਨ। ਮੈਂ ਸੁਤੇ ਸਿੱਧ ਆਪਣੀ ਯਾਦਦਾਸ਼ਤ ਤੋਂ ਇਹ ਕੁਝ ਲਿਖ ਰਿਹਾ ਹਾਂ, ਸੋ ਜੇ ਕਰ ਮੈਂ ਅਣਭੋਲ ਹੀ ਕੋਈ ਉਲਟਾ ਸਿੱਧਾ ਲਿਖ ਦਿਆਂ ਤਾਂ ਉਸ ਦਾ ਕੋਈ ਖਿਆਲ ਨਹੀਂ ਕਰਨਾ ਚਾਹੀਦਾ। ਸਿੱਖ ਇਤਿਹਾਸ ਦਾ ਸਮਕਾਲੀ ਇਤਿਹਾਸ ਨਾਲ ਜਿਥੇ ਜਿਥੇ ਸੰਬੰਧ ਜੁੜਦਾ ਹੈ, ਉਸ ਦਾ ਜ਼ਿਕਰ ਮੈਂ ਕਰ ਦਿੱਤਾ ਹੈ ਤੇ ਜਿਨ੍ਹਾਂ ਲਿਖਤਾਂ ਜਾਂ ਵਸੀਲਿਆਂ ਤੋਂ ਕੁਝ ਸਹਾਇਤਾ ਮਿਲ ਸਕਦੀ ਹੈ, ਉਹ ਵੀ ਦੱਸ ਦਿੱਤੇ ਹਨ। ਕਿਸੇ ਗੱਲ ਬਾਬਤ ਜਿਸ ਸਿੱਟੇ ਤੇ ਮੈਂ ਹੁਣ ਤਕ ਪੁੱਜ ਚੁੱਕਾ ਹਾਂ, ਉਹ ਵੀ ਮੈਂ ਦੱਸ ਦਿੱਤਾ ਹੈ। ਇਹ ਮੇਰੇ ਆਪਣੇ ਖਿਆਲ ਹਨ। ਸੰਭਵ ਹੈ ਕਿ ਮੈਂ ਭੁਲ ਉਤੇ ਹੋਵਾਂ, ਪਰ ਇਤਿਹਾਸ ਖੋਜੀਆਂ ਲਈ ਸਭ

---

[4]'ਇਤਿਹਾਸਕ ਖੋਜ' 56

[5]ਉਹੀ, ਪੰਨਾ 86

Digitized by Panjab Digital Library | www.panjabdigilib.org

ਪਾਸਿਆਂ ਦੇ ਖਿਆਲਾਂ ਦਾ ਜਾਣਨਾ ਚੰਗਾ ਰਹਿੰਦਾ ਹੈ।"[6]

ਇਸ ਲੇਖਕ ਨੂੰ ਕਿੰਨੀ ਹੀ ਥਾਈਂ, ਇਤਿਹਾਸਕ ਸਚਾਈ ਨੂੰ ਮੁੱਖ ਰਖਦਿਆਂ ਪ੍ਰਚਲਿਤ ਤੋਂ ਉਲਟ ਗੱਲਾਂ ਵੀ ਕਹਿਣੀਆਂ ਪਈਆਂ ਹਨ, ਪਰ ਉਨ੍ਹਾਂ ਨੇ ਕਦੇ ਆਪਣੇ ਵਿਚਾਰ ਦੂਜਿਆਂ ਉੱਤੇ ਠੋਸਣ ਦਾ ਜਤਨ ਨਹੀਂ ਕੀਤਾ। ਇਸ ਪੱਖੋਂ 'ਕਤਕ ਕਿ ਵਿਸਾਖ' ਦੀ ਭੂਮਿਕਾ ਵਿਚ ਆਈਆਂ ਹੇਠ ਲਿਖੀਆਂ ਸਤਰਾਂ ਅਤੇ ਇਸੇ ਹੀ ਪੁਸਤਕ ਵਿਚ ਅੱਗੇ ਜਾ ਕੇ ਦਿੱਤੀਆਂ, ਜਨਮ ਸਾਖੀ ਨੂੰ ਰੱਦ ਕਰਨ ਵਾਲੀਆਂ ਸਤਰਾਂ ਨੂੰ ਸਾਹਮਣੇ ਰੱਖ ਕੇ ਪੜ੍ਹਨਾ ਉਚਿਤ ਹੈ। ਇਹ ਦੋਵੇਂ ਟੂਕਾਂ ਕਰਮਵਾਰ ਦਿੱਤੀਆਂ ਜਾ ਰਹੀਆਂ ਹਨ। ਭੂਮਿਕਾ ਵਿਚ ਲਿਖਿਆ ਹੈ :

> "ਮੇਰਾ ਇਹ ਦਾਅਵਾ ਨਹੀਂ ਕਿ ਜੋ ਕੁਝ ਮੈਂ ਲਿਖਿਆ ਹੈ ਸੱਚ ਹੀ ਸੱਚ ਹੈ। ਪਰ ਇਹ ਮੈਂ ਆਪ ਨੂੰ ਨਿਸ਼ਚਾ ਕਰਵਾਉਂਦਾ ਹਾਂ ਕਿ ਜੋ ਕੁਝ ਲਿਖਿਆ ਹੈ ਮੈਂ ਆਪਣੀ ਵੱਲੋਂ ਸੋਚ ਕੇ ਲਿਖਿਆ ਹੈ ਅਤੇ ਕਿਤੇ ਵੀ ਇਹ ਜਤਨ ਨਹੀਂ ਕੀਤਾ ਕਿ ਅੱਖਰਾਂ ਦੇ ਹੇਰ ਫੇਰ ਜਾਂ ਗੋਲ ਮੋਲ ਗੱਲਾਂ ਨਾਲ ਸੱਚੀ ਗੱਲ ਨੂੰ ਝੂਠੀ ਸਿੱਧ ਕਰਾਂ।"[7]

ਹਾਲਾਂਕਿ ਭਾਈ ਬਾਲੇ ਵਾਲੀ ਸਾਖੀ ਨੂੰ ਉਹ ਸਰਾਸਰ ਝੂਠ ਮੰਨਦੇ ਸਨ, ਪਰ ਉਪਰੋਕਤ ਉਦਾਹਰਣ ਵਿਚ ਉਨ੍ਹਾਂ ਨੇ ਨਿਮਰਤਾ ਨੂੰ ਹੱਥੋਂ ਨਹੀਂ ਛੱਡਿਆ। ਸਾਖੀ ਬਾਰੇ ਕਰਮ ਸਿੰਘ ਨੇ ਲਿਖਿਆ ਹੈ :

> "ਪਾਠਕ ਜੀ ! ਮੈਂ ਭਾਈ ਗੁਰਮੁਖ ਸਿੰਘ ਜੀ ਸਵਰਗਵਾਸੀ ਨਾਲ ਇਕ ਸੁਰ ਹੋ ਕੇ ਦੁਹਾਈ ਦੇ ਕੇ ਆਖਦਾ ਹਾਂ ਕਿ ਇਹ ਸਾਖੀ ਸ਼ੁਰੂ ਤੋਂ ਲੈ ਕੇ ਅਖੀਰ ਤਕ ਜਾਲ ਹੈ, ਝੂਠੀ ਹੈ, ਬਣਾਉਟੀ ਹੈ, ਨਿੰਦਿਆ ਨਾਲ ਭਰੀ ਪਈ ਹੈ, ਸੁਣਨ ਦੇ ਯੋਗ ਨਹੀਂ, ਦੇਖਣ ਦੇ ਕੰਮ ਨਹੀਂ, ਮੰਨਣ ਦੇ ਲੈਕ ਨਹੀਂ ਇਸ ਨੂੰ ਬੰਨ੍ਹ ਕੇ ਅਜਿਹੇ ਥਾਂ ਪੁਚਾਉਣਾ ਚਾਹੀਏ ਜਿਥੋਂ ਇਸ ਦਾ ਖੁਰਾ ਖੋਜ ਨਾ ਮਿਲੇ।"[8]

ਇਸ ਗੁਣ ਦੀਆਂ ਅਨੇਕ ਉਦਾਹਰਣਾਂ 'ਬੰਦਾ ਬਹਾਦਰ ਕੌਣ ਸੀ' ਪੁਸਤਕ ਵਿਚ ਵੀ ਵੇਖੀਆਂ ਜਾ ਸਕਦੀਆਂ ਹਨ।

ਸ. ਕਰਮ ਸਿੰਘ ਦੀ ਵਾਰਤਕ ਵਿਚ ਸ਼ਰਧਾਮਈ, ਭਾਵਪੂਰਤ ਬਿਆਨ ਦੀਆਂ ਵੀ ਅਨੇਕ ਮਿਸਾਲਾਂ ਮਿਲਦੀਆਂ ਹਨ, ਜਿਵੇਂ :

> "ਧਰਮ ਖਾਤਰ ਸੀਸ ਦੇਣ ਦਾ ਸਮਾਂ ਆਵੇ ਤਾਂ ਸਿੱਖਾਂ ਨੂੰ ਚਾਉ ਚੜ੍ਹ ਜਾਂਦਾ ਹੈ। ਐਸੀ ਸਰਤ ਵਿਚ ਉਹ ਹਾਣ ਲਾਭ ਨਹੀਂ ਵਿਚਾਰਦੇ, ਕੁਝ ਅੱਗਾ ਪਿੱਛਾ ਨਹੀਂ ਸੋਚਦੇ ਹਰ ਇਕ ਸਿੱਖ ਦੀ ਇਹੋ ਚਾਹਨਾ ਹੁੰਦੀ ਹੈ ਕਿ ਸਭ ਤੋਂ ਪਹਿਲਾਂ ਉਸ ਦਾ ਸੀਸ ਲੱਗੇ ! ਉਸ ਨੂੰ ਇਹ ਦੁਨੀਆਂ ਨਜ਼ਰ ਨਹੀਂ

---

[6] 'ਇਤਿਹਾਸਕ ਖੋਜ, ਪੰਨਾ 52
[7] ਕਤਕ ਕਿ ਵਸਾਖ, ਭੂਮਿਕਾ ਵਿੱਚੋਂ
[8] 'ਉਹੀ, ਪੰਨਾ 248

Digitized by Panjab Digital Library | www.panjabdigilib.org

ਆਉਂਦੀ ਹੁੰਦੀ। ਉਸ ਨੂੰ ਸਤਿਗੁਰੂ ਜੀ ਦਾ ਦਰਬਾਰ ਦਿਸਦਾ ਹੁੰਦਾ ਹੈ। ਉਹ ਇਸ ਦਰਬਾਰ ਵਿਚ ਪੁੱਜਣ ਲਈ ਕਾਹਲਾ ਹੁੰਦਾ ਹੈ। ਇਸੇ ਲਈ ਸਭ ਤੋਂ ਪਹਿਲਾਂ ਸਿਰ ਵਾਰਦਾ ਹੈ।"[9]

ਇਸ ਲੇਖਕ ਦੀ ਵਾਰਤਕ ਵਿਚ ਰਵਾਨਗੀ ਤੇ ਸਿੱਧ ਪੱਧਰੀ ਚਾਲ ਦਾ ਗੁਣ ਵੀ ਲਭੱਦਾ ਹੈ। ਮਿਸਾਲ ਵਜੋਂ 'ਕੱਤਕ ਕਿ ਵਸਾਖ' ਵਿਚ ਉਨ੍ਹਾਂ ਨੇ ਇਸ ਗੱਲ ਤੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਸਾਨੂੰ ਸਿੱਖਾਂ ਨੂੰ, ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਸੰਬੰਧੀ ਹੀ ਪੱਕਾ ਨਹੀਂ ਪਤਾ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ :

"ਕਿਤਨੀ ਕੁ ਹੈਰਾਨੀ ਦੀ ਗੱਲ ਹੈ ਕਿ ਸਾਨੂੰ ਉਹ ਵੇਲਾ ਸਪਸ਼ਟ ਅਤੇ ਸਹੀ ਤੌਰ ਤੇ ਮਾਲੂਮ ਨਹੀਂ ਜਿਸ ਸ਼ੁਭ ਵੇਲੇ ਅਤੇ ਖਿਣ ਵਿਚ ਕਲਜੁਗ ਦਾ ਰਾਜ ਬਦਲ ਕੇ ਸਤਿਜੁਗ ਦਾ ਪਹਿਰਾ ਹੋਇਆ। ਜਿਸ ਵੇਲੇ ਸਤਿਨਾਮ ਦੇ ਮੰਤਰ ਅਗੇ ਕੂੜੇ ਨਾਉਂ ਛਿਪ ਗਏ। ਜਿਸ ਵੇਲੇ ਬਨਾਉਟੀ ਧਰਮ ਦੀ ਜੜ੍ਹ ਉਖੜੀ ਅੱਤੇ ਖਾਲਸਾ ਧਰਮ ਦਾ ਬੀ ਪੈ ਗਿਆ, ਜਿਸ ਵੇਲੇ ਹਉਮੈ ਅਤੇ ਹੰਕਾਰ ਮਾਰਗ ਹਟ ਕੇ ਨਿੰਮਰਤਾ ਤੇ ਭਗਤੀ ਮਾਰਗ ਚਲਿਆ, ਜਿਸ ਵੇਲੇ ਸ਼ਰਾਕਤ ਟੁੱਟ ਕੇ ਏਕਤਾ ਸਥਾਪਤ ਹੋਈ, ਜਿਸ ਘੜੀ ਕੋੜ੍ਹਾਂ ਪਦਮਾਂ ਜੀਆਂ ਦੇ ਉਧਾਰ ਦਾ ਨਸੀਬ ਜਾਗਿਆ, ਜਿਸ ਵੇਲੇ ਅਗਿਆਨਤਾ ਦੀ ਧੁੰਦ ਮਿਟੀ ਤੇ ਸਤਿਧਰਮ ਤੇ ਗਿਆਨ ਦਾ ਚਾਨਣ ਹੋਇਆ।"[10]

ਭਾਵਪੂਰਤ ਸ਼ਰਧਾਮਈ, ਰਵਾਨੀ ਭਰਪੂਰ ਬਿਆਨ ਦੇ ਗੁਣ ਤੋਂ ਛੁਟ ਉਨ੍ਹਾਂ ਦੀ ਵਾਰਤਕ ਸੰਦੇ, ਸਰਲ ਬਿਆਨ ਦੇ ਗੁਣ ਦੀ ਧਾਰਣੀ ਵੀ ਹੈ। ਜਦ ਬੰਦਾ ਲੋਹਗੜ੍ਹ ਦੇ ਕਿਲੇ ਵਿਚ ਘੇਰਿਆ ਗਿਆ ਤਾਂ ਕੁਦਰਤੀ ਪਰਕੋਪ ਨਾਲ ਸ਼ਾਹੀ ਸੈਨਾ ਦਾ ਜੋ ਬੁਰਾ ਹਾਲ ਹੋਇਆ, ਉਸ ਦਾ ਹੂਬਹੂ ਬਿਆਨ ਹੇਠ ਲਿਖੀਆਂ ਸਤਰਾਂ ਵਿਚ ਮਿਲਦਾ ਹੈ :

"ਇਸ ਠੱਕੇ ਨੇ ਸ਼ਾਹੀ ਸੈਨਾ ਦਾ ਬੁਰਾ ਹਾਲ ਕੀਤਾ, ਮੀਹਾਂ ਦੀ ਤਾਰ, ਸਿਆਲ ਦੀ ਬਹਾਰ, ਠੰਡੀ ਹਵਾ ਦੇ ਝੋਕੇ, ਪਹਾੜੀ ਨਦੀਆਂ ਦਾ ਚੜ੍ਹਾਉ, ਐਸੀ ਠੰਡ ਪਈ ਕਿ ਬੈਠ ਬੈਠੇ ਆਦਮੀ ਜੰਮਦੇ ਜਾਣ। ਪਸ਼ੂ ਤੇ ਪੁਰਸ਼ ਮੱਖੀਆਂ ਵਾਂਗ ਮੋਏ, ਸਾਰੀ ਫੌਜ ਵਿਚ ਰੌਲਾ ਪੈ ਗਿਆ ਕਿ ਇਹ ਕਾਰਾ ਬੰਦੇ ਦਾ ਹੀ ਹੈ ਜੋ ਜਾਦੂ ਦੇ ਜ਼ੋਰ ਮੀਂਹ ਵਰਾ ਤੇ ਹਵਾ ਝੁਲਾ ਕੇ ਸਾਨੂੰ ਮਾਰਨ ਲੱਗਾ ਹੈ।"[11]

ਸ. ਕਰਮ ਸਿੰਘ ਦੀਆਂ ਵੱਖ ਵੱਖ ਲਿਖਤਾਂ ਵਿੱਚੋਂ ਚੁਣ ਕੇ ਪੇਸ਼ ਕੀਤੀਆਂ ਗਈਆਂ ਉਪਰੋਕਤ ਮਿਸਾਲਾਂ ਤੋਂ ਉਨ੍ਹਾਂ ਦੀ ਵਾਰਤਕ ਸ਼ੈਲੀ ਉੱਤੇ ਉਨ੍ਹਾਂ ਦੀ ਸਿਧ ਪੱਧਰੀ ਨਿਡਰ, ਨਿਰਸੰਕੋਚ, ਸਿੱਖ ਸ਼ਰਧਾਲੂ, ਪਰ ਦੂਜਿਆਂ ਪ੍ਰਤੀ ਹਮਦਰਦੀ ਭਰੀ, ਵਿਗਿਆਨਕ ਸ਼ਖਸੀਅਤ ਦਾ ਪ੍ਰਭਾਵ ਤਾਂ ਪੈਂਦਾ ਦਿਸਦਾ ਹੀ ਹੈ, ਵਿਸ਼ੇ ਤੇ ਮੰਤਵ ਪ੍ਰਤੀ ਉਨ੍ਹਾਂ ਦੀ ਸੁਹਿਰਦਤਾ ਵੀ

---

[9]ਅਮਰ ਖਾਲਸਾ, ਪੰਨਾ 29-30
[10]ਉਹੀ, ਪੰਨਾ 19
[11]'ਬੰਦਾ ਬਹਾਦਰ', ਪੰਨਾ 155

Digitized by Panjab Digital Library | www.panjabdigilib.org

ਲੁਕੀ ਨਹੀਂ ਰਹਿੰਦੀ। ਭਾਵੇਂ ਉਹ ਗਿਆਤ ਮਈ ਸਾਹਿੱਤ ਦੀ ਇੱਕ ਵੰਨਗੀ ਨਾਲ ਸੰਬੰਧਿਤ ਸਨ ਤੇ ਉਨ੍ਹਾਂ ਦਾ ਮੰਤਵ ਵਿਗਿਆਨਿਕ ਪੱਖੋਂ ਕੀਤੀ ਇਤਿਹਾਸਿਕ ਖੋਜ ਦੇ ਸਿੱਟੇ ਪੇਸ਼ ਕਰਨਾ ਹੀ ਹੈ; ਫਿਰ ਵੀ ਉਪਰੋਕਤ ਲਿਖਤਾਂ ਸਾਹਿੱਤਕ ਗੁਣ ਵੀ ਧਾਰਣ ਕਰ ਲੈਂਦੀਆਂ ਹਨ।

ਉਪਰ ਕਿਹਾ ਜਾ ਚੁਕਾ ਹੈ ਕਿ ਪਾਠਕ ਵੀ ਲੇਖਕ ਦੀ ਸ਼ੈਲੀ ਨੂੰ ਪ੍ਰਭਾਵਿਤ ਕਰਨ ਦੀ ਸਮਰਥਾ ਰਖਦੇ ਹਨ। ਕਰਮ ਸਿੰਘ ਦੀ ਵਾਰਤਕ ਸ਼ੈਲੀ ਵੀ ਇਸ ਤੱਥ ਦਾ ਅਪਵਾਦ ਨਹੀਂ ਹੈ। ਉਨ੍ਹਾਂ ਦੇ ਪਾਠਕ ਕਿਸੇ ਇੱਕ ਵਰਗ ਜਿਵੇਂ ਪੇਂਡੂ ਜਾਂ ਸ਼ਹਿਰੀ, ਪੜ੍ਹੇ ਲਿਖੇ ਜਾਂ ਅਨਪੜ੍ਹ, ਮੱਧ ਸ਼੍ਰੇਣੀ ਜਾਂ ਸਰਮਾਏਦਾਰੀ ਆਦਿ ਨਾਲ ਸੰਬੰਧਿਤ ਨਹੀਂ ਸਨ। ਉਨ੍ਹਾਂ ਦੀ ਲਿਖਤ ਦਾ ਇਕ ਉਭਰਵਾਂ ਗੁਣ ਇਹ ਹੈ ਕਿ ਇਹ ਹਰ ਤਰ੍ਹਾਂ ਦੇ ਪਾਠਕ ਨੂੰ ਸੰਤੁਸ਼ਟ ਕਰ ਸਕਦੀ ਹੈ। ਖੋਜ ਭਰਪੂਰ ਰਚਨਾ ਹੋਣ ਕਰਕੇ ਇਹ ਜਿਥੇ ਇਤਿਹਾਸ ਦੇ ਵਿਦਵਾਨਾਂ ਲਈ ਖਿੱਚ ਦਾ ਕਰਨ ਬਣਦੀ ਹੈ, ਉਥੇ ਸਿੱਧ ਪੱਧਰੀ, ਸਾਦੀ, ਸਪਸ਼ਟ ਤੇ ਸਰਲ ਬੋਲੀ ਵਿਚ ਵਿਚਾਰ ਪੇਸ਼ ਕਰਨ ਕਰਕੇ ਆਮ ਸਿੱਖਾਂ ਲਈ ਵੀ ਦਿਲਚਸਪ ਸਿੱਧ ਹੁੰਦੀ ਹੈ। ਇਸ ਪੱਖੋਂ ਉਨ੍ਹਾਂ ਦੀਆਂ ਵਰਤੀਆਂ ਉਪਮਾਵਾਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਉਨ੍ਹਾਂ ਨੇ 'ਜੀਵਨ ਬੀਬੀ ਸਦਾ ਕੌਰ' ਵਿਚ ਬਾਲ ਵਿਆਹ ਦੀ ਵਿਰੋਧਤਾ ਕਰਦਿਆਂ ਹੈ :

> "ਸਿਆਣੇ ਆਦਮੀ ਇਸ ਗੱਲ ਨੂੰ ਸਮਝ ਗਏ ਹਨ ਕਿ ਆਵੀ ਚੜ੍ਹਨ ਤੋਂ ਪਹਿਲਾਂ ਹੀ ਇਕ ਕੱਚੇ ਭਾਂਡੇ ਉਤੇ ਉਂਗਲ ਰੱਖਣ ਨਾਲੋਂ ਪੱਕੀ ਆਵੀ ਵਿਚੋਂ ਟਣਕਾ ਕੇ ਭਾਂਡਾ ਲੈਣ ਦੇ ਅਨੇਕ ਲਾਭ ਹੁੰਦੇ ਹਨ।"[12]

ਇਸੇ ਪੁਸਤਕ ਦੇ ਅੰਤ ਵਿਚ ਸਦਾ ਕੌਰ ਦੀ ਮੌਤ ਦਾ ਦ੍ਰਿਸ਼ ਇਉਂ ਚਿਤਰਿਆ ਹੈ :

> "ਇਸ ਵਿਛੋੜੇ ਨੇ ਸ. ਲੱਖਮੀ ਸਿੰਘ ਦੇ ਦਿਲ ਉਤੇ ਬੜਾ ਭਾਰੀ ਸਦਮਾ ਪੁਚਾਯਾ। ਮਾਨੋ ਲਹਿਲਹਾਉਂਦੇ ਹੋਏ ਹਰੇ ਭਰੇ ਖੇਤ ਉਤੇ ਅਚਣਚੇਤ ਹੀ ਬਿਜਲੀ ਆਣ ਪਈ।'[13]

ਸਰਦਾਰਨੀ ਸਦਾ ਕੌਰ ਜੀ ਦੀ ਮੌਤ ਨੂੰ ਲੇਖਕ ਨੇ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਕੋਈ ਫੁੱਲ ਸਮੇਂ ਤੋਂ ਪਹਿਲਾਂ ਹੀ ਮੁਰਝਾ ਗਿਆ ਹੋਵੇ :

> "ਸਦਾ ਕੌਰ ਇਕ ਫੁੱਲ ਸੀ ਜੋ ਖਿੜਦੇ ਸਾਰ ਹੀ ਸਾਰੇ ਬਾਗ ਨੂੰ ਮਹਿਕਾ ਗਿਆ ਪਰ ਕੁਮਲਾ ਕੇ ਟੁੱਟ ਪੈਣ ਵਿਚ ਇਤਨੀ ਕਾਹਲੀ ਕੀਤੀ ਕਿ ਲਾਲਾ ਦਾ ਫੁੱਲ ਵੀ ਮਾਤ ਪੈ ਗਿਆ।"[14]

ਜਿਸ ਵੇਲੇ ਸ. ਕਰਮ ਸਿੰਘ ਲਿਖ ਰਹੇ ਸਨ, ਉਦੋਂ ਪੰਜਾਬ ਵਿਚ ਧਾਰਮਿਕ ਚੇਤੰਨਤਾ ਦਾ ਜ਼ੋਰ ਸੀ। ਫਲਸਰੂਪ ਲਗਭਗ ਹਰ ਲੇਖਕ ਹੀ ਅਚੇਤ ਜਾਂ ਸੁਚੇਤ ਰੂਪ ਵਿਚ ਧਾਰਮਿਕ ਲਹਿਜੇ ਵਾਲੀ ਸ਼ੈਲੀ ਵਰਤਦਾ ਸੀ। ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਉਸ ਸਮੇਂ ਦੀ ਸਮੂਹਕ ਸ਼ੈਲੀ ਦਾ ਇੱਕ ਲੱਛਣ ਹੈ। ਕਰਮ ਸਿੰਘ ਦੀ ਵਾਰਤਕ ਵੀ ਇਨ੍ਹਾਂ ਸਮਕਾਲੀ ਅਸਰਾਂ ਤੋਂ

---

[12]'ਜੀਵਨ ਬੀਬੀ ਸਦਾ ਕੌਰ' ਪੰਨਾ 8-9

[13]'ਉਹੀ, ਪੰਨਾ 70

[14]'ਉਹੀ, ਪੰਨਾ 74

Digitized by Panjab Digital Library | www.panjabdigilib.org

ਬਚ ਨਹੀਂ ਸਕੀ। ਇਸੇ ਲਈ ਉਹ 'ਅਮਰ ਖਾਲਸਾ' ਪੁਸਤਕ ਵਿਚ ਦ੍ਰਿੜਤਾ ਸਿਰਲੇਖ ਹੇਠ ਲਿਖਦੇ ਹਨ :

> "ਜਿਸ ਕੌਮ ਵਿਚ ਐਸੀ ਦ੍ਰਿੜਤਾ ਹੋ ਤੇ, ਉਹ ਕੌਮ ਜੋ ਵੀ ਸੰਕਲਪ ਧਾਰੇਗੀ, ਉਸ ਨੂੰ ਜ਼ਰੂਰ ਪੂਰਿਆਂ ਕਰ ਲਏਗੀ। ਐਸੀ ਕੌਮ ਦੇ ਕੰਮਾਂ ਵਿਚ ਸਤਿਗੁਰ ਜੀ ਆਪ ਬਰਕਤ ਪਾਇਆ ਕਰਦੇ ਹਨ।"[15]

ਇਸੇ ਤਰ੍ਹਾਂ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਵੇਖਣ ਲਈ ਹੇਠ ਲਿਖੀਆਂ ਸਤਰਾਂ ਪੇਸ਼ ਹਨ :

> "ਸਿੱਖਾਂ ਵਿਚ ਕੁਰਬਾਨੀ ਦਾ ਮਾਦਾ ਸਭ ਨਾਲੋਂ ਵਧੀਕ ਹੈ ? ਸਿੱਖ ਧਰਮ ਖਾਤਰ ਜਾਨਾਂ ਵਾਰਨ ਨੂੰ ਕਿਉਂ ਐਡੀ ਛੇਤੀ ਤਿਆਰ ਹ�و ਜਾਂਦੇ ਹਨ ? ਕੇਵਲ ਇਸ ਕਰਕੇ ਕਿ ਐਸਾ ਕਰਨਾ ਸਤਿਗੁਰ ਜੀ ਦੇ ਦਰਬਾਰ ਵਿਚ ਪੁੱਜਣ ਦਾ ਸੁਖਾਲਾ ਵਸੀਲਾ ਹੈ।"[16]

ਧਾਰਮਿਕ ਲਹਿਜੇ ਤੇ ਪ੍ਰਸ਼ਨੋਤਰੀ ਸ਼ੈਲੀ ਤੋਂ ਛੁਟ ਉਸ ਸਮੇਂ ਰਚੀ ਗਈ ਵਾਰਤਕ ਦਾ ਸਾਂਝਾ ਗੁਣ-ਪਾਠਕ ਨੂੰ ਸੰਬੋਧਨ ਵੀ ਕਰਮ ਸਿੰਘ ਦੀ ਵਾਰਤਕ ਵਿਚ ਕਈ ਥਾਈਂ ਦਿਸਦਾ ਹੈ, ਕੁਝ ਮਿਸਾਲਾਂ ਪੇਸ਼ ਹਨ :

(1) "ਆਉ ਪਾਠਕ ਜੀ, ਇਸ ਸੱਚ ਦੇ ਪਰਗਟ ਕਰਨ ਵਾਸਤੇ ਕੁਝ ਤਾਂ ਹਿੰਮਤ ਕਰੀਏ ਅਤੇ ਵੇਖੀਏ ਕਿ ਇਹ ਕਿਥੋਂ ਤਕ ਨਿਰੋਲ ਹੈ।"[17]

(2) ਆਉ ਪਾਠਕ ਜੀ, ਹੁਣ ਅਸੀਂ ਭਾਈ ਬਾਲੇ ਨੂੰ ਛੱਡ ਕੇ ਇਸ ਜਨਮ ਸਾਥੀ ਦੇ ਇਕ ਹੋਰ ਪਹਿਲੂ ਨੂੰ ਫੜਦੇ ਹਾਂ।"[18]

ਕਈ ਥਾਈਂ ਸੰਬੋਧਨ ਦੇ ਨਾਲ ਨਾਲ ਨੇੜਤਾ, ਨਿਜੀ ਸੰਬੰਧ ਪੈਦਾ ਕਰਨ ਦੀ ਕੋਸ਼ਿਸ਼ ਵੀ ਦਿਸਦੀ ਹੈ :

> "ਹੋਰ ਸੁਣੋ, ਇਹ ਤਾਂ ਸਾਫ਼ ਹੀ ਹੈ ਕਿ ਗੁਰੂ ਨਾਨਕ ਜੀ ਨੇ ਜੋ ਸ਼ਬਦ ਉਚਾਰਨ ਕੀਤੇ ਹਨ, ਉਹ ਉਸ ਵੇਲੇ ਦੀ ਵਰਤਮਾਨ ਬੋਲੀ ਵਿਚ ਹਨ ਅਤੇ ਇਹ ਮੂਲੋਂ ਹੀ ਅਸੰਭਵ ਜਾਪਦਾ ਹੈ ਕਿ ਜੋ ਸ਼ਬਦ ਗੁਰੂ ਜੀ ਨੇ ਕਿਸੇ ਪ੍ਰਤੀ ਉਚਾਰਨ ਕੀਤੇ ਹੋਣ, ਉਹ ਇਤਨੇ ਕਠਿਨ ਹੋਣ ਕਿ ਸੁਣਨ ਵਾਲਾ ਉਨ੍ਹਾਂ ਨੂੰ ਸਮਝ ਹੀ ਨਾ ਸਕਦਾ ਹੋਵੇ।"[19]

ਇਸੇ ਤਰ੍ਹਾਂ 'ਚੇਤੇ ਰਹੇ', 'ਖਾਲਸਾ ਜੀ' ਆਦਿ ਸ਼ਬਦਾਂ ਦੀ ਕਾਫ਼ੀ ਵਰਤੋਂ ਕੀਤੀ ਗਈ ਹੈ। ਸੋ ਇਨ੍ਹਾਂ ਸ਼ਬਦਾਂ ਨੂੰ ਸਹਿਜੇ ਹੀ ਲੇਖਕ ਦਾ ਤਕੀਆ ਕਲਾਮ ਆਖਿਆ ਜਾ ਸਕਦਾ ਹੈ।

---

15 'ਜੀਵਨ ਬੀਬੀ ਸਦਾ ਕੌਰ' ਪੰਨਾ 55
16 ਅਮਰ ਖਾਲਸਾ, ਪੰਨਾ 30
17 'ਕਤਕ ਕਿ ਵਿਸਾਖ,' ਪੰਨਾ 23
18 'ਉਹੀ, ਪੰਨਾ 185
19 'ਉਹੀ ਪੰਨਾ 195

Digitized by Panjab Digital Library | www.panjabdigilib.org

ਉਪਰੋਕਤ ਗੱਲਾਂ ਦੇ ਨਾਲ ਨਾਲ ਉਦੋਂ ਵਿਅੰਗਮਈ ਢੰਗ ਨਾਲ ਗੱਲ ਕਹਿਣ ਦਾ ਰਿਵਾਜ ਵੀ ਸੀ। 'ਬੰਦਾ ਬਹਾਦਰ ਕੌਣ ਸੀ' ਪੁਸਤਕ ਵਿਚ ਕਰਮ ਸਿੰਘ ਨੇ ਇਹ ਤਰੀਕਾ ਵਰਤਿਆ ਹੈ। ਜਿਵੇਂ 'ਬੈਰਾਗੀ ਬੀਰ' ਪੁਸਤਕ ਵਿਚ ਭਾਈ ਪਰਮਾਨੰਦ ਜੀ ਨੇ ਬੰਦੇ ਨੂੰ ਗੈਰ ਸਿੱਖ ਸਿੱਧ ਕਰਨ ਉੱਤੇ ਪੂਰਾ ਜ਼ੋਰ ਲਾਇਆ ਹੈ। ਇਸ ਮੰਤਵ ਲਈ ਉਨ੍ਹਾਂ ਨੇ ਇੱਕ ਥਾਂ ਬੰਦੇ ਦੇ ਪ੍ਰਬੰਧ ਦਾ ਵਰਣਨ ਕਰਦਿਆਂ ਅਹੁਦੇਦਾਰਾਂ ਦੀ ਚੋਣ ਤੇ ਅਹੁਦਿਆਂ ਦੀ ਵੰਡ ਦਾ ਜ਼ਿਕਰ ਕੀਤਾ ਹੈ ਪਰ ਜਿੰਨੇ ਵੀ ਨਾਂ ਲਿਖੇ ਹਨ, ਉਹ ਸਭ ਸਿੱਖਾਂ ਵਾਲੇ ਨਾਂ ਹਨ। ਇਸ ਗੱਲ ਬਾਰੇ ਵਿਚਾਰ ਪੇਸ਼ ਕਰਦਿਆਂ ਸ. ਕਰਮ ਸਿੰਘ ਨੇ ਬੰਦਾ ਬਹਾਦਰ ਕੌਣ ਸੀ, ਪੁਸਤਕ ਵਿਚ ਲਿਖਿਆ ਹੈ :

> "ਭਾਈ ਪਰਮਾਨੰਦ ਜੀ ਨੇ ਸਖਤ ਗਲਤੀ ਕੀਤੀ। ਇਕ ਦੋ ਨਾਂ ਹਿੰਦੂ ਅਹੁਦੇਦਾਰਾਂ ਦੇ ਲਿਖ ਛਡਣੇ ਸਨ। ਜਿਥੇ ਇਹ ਲਿਖ ਕੇ ਆਪਣੀ ਜ਼ਮੀਰ ਦਾ ਖੂਨ ਕੀਤਾ ਸੀ ਕਿ ਹਿੰਦੂਆਂ ਦੀ ਬਹੁਤ ਤਾਦਾਦ ਬੈਰਾਗੀ ਦੀ ਫੌਜ ਵਿਚ ਭਰਤੀ ਸੀ। ਉਥੇ ਥੋੜਾ ਜਿਹਾ ਹੋਰ ਜ਼ਮੀਰ ਦਾ ਖੂਨ ਕਰ ਲੈਂਦੇ ਤੇ ਲਿਖ ਛਡਦੇ ਕਿ ਕਾਹਨ ਸਿੰਘ, ਨਾਇਬ ਅਫ਼ਸਰ ਖਜ਼ਾਨਾ ਤੇ ਠਾਕਰ ਚੰਦ ਮੀਰ ਮੁਨਸ਼ੀ ਨੀਯਤ ਕੀਤੇ ਗਏ। ਇਸ ਤਰ੍ਹਾਂ ਕੁਝ ਠਾਠ ਬਾਠ ਤਾਂ ਬਣ ਜਾਂਦੀ।"[20]

ਪਰ ਉਨ੍ਹਾਂ ਨੇ ਵਿਅੰਗ ਦੀ ਵਰਤੋਂ ਕਦੇ ਨਿਜੀ ਗੁੱਸੇ ਜਾਂ ਨਿਜੀ ਸੰਬੰਧਾਂ ਲਈ ਨਹੀਂ ਕੀਤੀ। ਨਾ ਕਦੇ ਦਲੀਲ ਦਾ ਲੜ ਹੀ ਹੱਥੋਂ ਛੱਡਿਆ ਹੈ। ਉਕਤ ਪੁਸਤਕ ਵਿੱਚੋਂ ਹੀ ਇੱਕ ਮਿਸਾਲ ਪੇਸ਼ ਹੈ।

> "ਕੀ ਕੋਈ ਵੀ ਹਿੰਦੂ ਇਹ ਸਾਬਤ ਕਰਨ ਨੂੰ ਤਿਆਰ ਹੈ ਕਿ ਅੱਜ ਤੋਂ ਪੰਜਾਹ ਸਾਲ ਪਹਿਲਾਂ ਕਿਸੇ ਹਿੰਦੂ ਸੋਸਾਇਟੀ, ਨੇ ਕਿਸੇ ਰੁਹੇਲੇ ਜਾਂ ਸਯਦ ਨੂੰ ਹਿੰਦੂ ਬਣਾਇਆ ਹੋਵੇ, ਕਦ ਮਮਕਿਨ ਹੈ ਕਿ ਹਿੰਦੂ ਬਣਾ ਕੇ ਨਾਮ ਸਿੰਘ ਰਖ ਦਿਤਾ ਹੋਵੇ, ਪਰ ਸਿੱਖਾਂ ਦੇ ਇਤਿਹਾਸ ਵਿਚ ਕਈ ਅਜੇਹੇ ਸਮਾਚਾਰ ਹਨ ਕਿ ਸਿੱਖ ਮੁਸਲਮਾਨਾਂ ਤਕ ਨੂੰ ਅੰਮ੍ਰਿਤ ਛਕਾ ਕੇ ਸਿੰਘ ਬਣਾ ਲੈਂਦੇ ਸਨ।"[21]

ਸ਼ਬਦਾਂ ਦੇ ਦੁਹਰਾਉ ਨਾਲ ਰਸ ਤੇ ਜੋਸ਼ ਪੈਦਾ ਕਰਨ ਦੀ ਸਮਰਥਾ ਵੀ ਕਰਮ ਸਿੰਘ ਦੀ ਵਾਰਤਕ ਵਿਚ ਝਲਕਦੀ ਹੈ। ਬੰਦਾ ਬਹਾਦਰ ਪੁਸਤਕ ਵਿਚ ਲਿਖਿਆ ਹੈ :

> "ਬੰਦੇ ਨੂੰ ਆਪਣੀ ਜਿੱਤ ਦੀ ਪੂਰੀ ਉਮੈਦ ਸੀ, ਉਹ ਜਾਣਦਾ ਸੀ ਕਿ ਇਨ੍ਹਾਂ ਮੁਸਲਮਾਨਾਂ ਦੇ ਹੱਥੋਂ ਹਰ ਕੋਈ ਤੰਗ ਹੈ, ਅਤੇ ਹਰ ਇਕ ਉਤੇ ਭਾਰੀ ਭਾਰੀ ਜੁਲਮ ਹੋ ਚੁਕੇ ਹਨ, ਹਰ ਕੋਈ ਬਦਲੇ ਦੇ ਸਮੇਂ ਲਈ ਤਰਸ ਰਿਹਾ ਹੈ ਅਤੇ ਹਰ ਇਕ ਨੂੰ ਤੁਰਕਾਂ ਤੋਂ ਘਿਰਣਾ ਹੈ। ਕਿਉਂ ਨਾ ਉਹ ਆਪ ਤੋਂ ਆਪ ਹੀ ਜਾਨਾਂ ਤੋੜ ਕੇ ਲੜਨਗੇ ਅਤੇ ਆਪਣੇ ਦੁਸ਼ਮਣ ਨੂੰ ਸਾਹਮਣੇ ਵੇਖ ਕੇ, ਜਿਹੜੇ ਕਦੀ ਉਨ੍ਹਾਂ ਦੀ ਧੀ ਵਲ ਬੁਰੀ ਨਜ਼ਰ ਕੀਤੀ ਸੀ ਯਾ ਘਰ ਆਏ ਡੋਲੇ ਨੂੰ

---

[20] 'ਬੰਦਾ ਬਹਾਦਰ ਕੌਣ ਸੀ', ਪੰਨਾ 52

[21] 'ਉਹੀ, ਪੰਨਾ 44

Digitized by Panjab Digital Library | www.panjabdigilib.org

ਚੁੱਕ ਮੰਗਵਾਯਾ ਸੀ ਜਿਸ ਨੇ ਅੱਖਾਂ ਸਾਹਮਣੇ ਗਊਆਂ ਬੱਧ ਕੀਤੀਆਂ ਸਨ, ਅਤੇ ਬੰਨ੍ਹ ਕੇ ਲਹੂ ਦੇ ਛੱਟੇ ਚੇਹਰੇ ਉਤੇ ਮਾਰੇ ਸਨ, ਜਿਸ ਨੇ ਜ਼ਬਰਦਸਤੀ ਸਤਿਵੰਤੀਆਂ ਨੂੰ ਬੇਪਤ ਕੀਤਾ ਸੀ ਅਤੇ ਹਠੀਆਂ ਦੇ ਖੂਨ ਵਗਾਏ ਸਨ, ਜਿਸ ਨੇ ਕਦੀ ਮਾਸੂਮ ਮਾਰੇ ਤੇ ਫੇਰ ਉਨ੍ਹਾਂ ਦੇ ਘਰ ਸਾੜੇ ਸਨ। ਐਸੇ ਦੁਸ਼ਮਣ ਨੂੰ ਸਾਹਮਣੇ ਵੇਖ ਕੇ ਕੌਣ ਕਾਇਰ ਹੋਵੇਗਾ ਜਿਸ ਦੀ ਤਲਵਾਰ ਆਪ ਤੋਂ ਆਪ ਹੀ ਮਿਆਨੋ ਬਾਹਰ ਨਾ ਉਛਲ ਆਵੇਗੀ ਅਤੇ ਬਦੋਬਦੀ ਇਸ ਨੂੰ ਖਿੱਚਦੀ ਹੋਈ ਕਾਲ ਰੂਪ ਧਾਰ ਕੇ ਦੁਸ਼ਮਣ ਦੇ ਸਿਰ ਉਤੇ ਨਾ ਜਾ ਖੜਕੇਗੀ।"[22]

ਜੰਗ ਦੇ ਨਜ਼ਾਰੇ ਦਾ ਹੂਬਹੂ ਬਿਆਨ ਵੀ ਕਰਮ ਸਿੰਘ ਦੀ ਵਾਰਤਕ ਦਾ ਇੱਕ ਗੁਣ ਹੈ। ਜਿਵੇਂ ਵਾਰਾਂ ਪੜ੍ਹਨ ਤੇ ਸੁਣਨ ਨਾਲ ਵੀਰ ਰਸੀ ਮਾਹੌਲ ਬਣ ਜਾਂਦਾ ਹੈ। ਕੁਝ ਉਸੇ ਤਰ੍ਹਾਂ ਦਾ ਪ੍ਰਭਾਵ ਹੇਠ ਲਿਖੀਆਂ ਸਤਰਾਂ ਦਾ ਪ੍ਰਤੀਤ ਹੁੰਦਾ ਹੈ :

"ਅਜੇ ਤੜਕਾ ਹੀ ਸੀ ਕਿ ਅਹਿਮਦ ਸ਼ਾਹ ਸ੍ਰੀ ਅੰਮ੍ਰਿਤਸਰ ਜਾ ਪਿਆ। ਖਾਲਸਾ ਜੀ ਇਸੇ ਸਮੇਂ ਦੀ ਉਡੀਕ ਵਿਚ ਸਨ। ਉਨ੍ਹਾਂ ਦੀਆਂ ਅੱਖਾਂ ਸਾਹਮਣੇ ਸ੍ਰੀ ਹਰਿਮੰਦਰ ਜੀ ਸਨ। ਉਨ੍ਹਾਂ ਦੀਆਂ ਅੱਖਾਂ ਸਾਹਮਣੇ ਵੈਰੀ ਸੀ, ਜਿਸ ਨੇ ਸ੍ਰੀ ਹਰਿਮੰਦਰ ਜੀ ਦੀ ਬੇ ਅਦਬੀ ਕੀਤੀ। ਜਿਸ ਨੇ ਅੱਜ ਤੋਂ ਸਾਢੇ ਅੱਠ ਮਹੀਨੇ ਪਹਿਲਾਂ ਕੁੱਪ ਰਹੀੜੇ ਖਾਲਸਾ ਜੀ ਨੂੰ ਦੁੱਖ ਦਿਤਾ ਸੀ। ਧੌਸਿਆਂ ਉਤੇ ਚੋਟਾਂ ਪਈਆਂ, ਨਿਸ਼ਾਨ ਖੁਲ ਗਏ। ਖਾਲਸਾ ਜੀ ਬਾਜਾਂ ਵਾਂਗ ਪਠਾਣਾਂ ਉਤੇ ਜਾ ਪਏ, ਗਹਿ ਗੱਚ ਲੜਾਈ ਹੋਣ ਲੱਗ ਪਈ।"[23]

ਵੀਰ ਰਸ ਦੇ ਨਾਲ ਨਾਲ ਵੀਭਤਸ ਰਸ ਦੀ ਮਿਸਾਲ ਵੀ ਮਿਲਦੀ ਹੈ, ਜਿਵੇਂ :

"ਸਭ ਸਿੰਘਾਂ ਨੂੰ ਕਤਲ ਕਰ ਕੇ ਉਨ੍ਹਾਂ ਦੇ ਸਿਰ ਸ਼ਹਿਰ ਦੇ ਰੁੱਖਾਂ ਨਾਲ ਲਟਕਾਏ ਗਏ, ਉਨ੍ਹਾਂ ਦੇ ਧੜਾਂ ਦੇ ਟੋਟੇ ਕਰ ਕੇ ਕਿਤੇ ਲੱਤ ਕਿਤੇ ਬਾਂਹ, ਕਿਤੇ ਸਾਰਾ ਧੜ ਹੀ ਦਰਖਤ ਨਾਲ ਲਟਕਾ ਦਿੱਤਾ। ਕਈ ਥਾਂਈਂ ਜ਼ਮੀਨ ਵਿਚ ਨੇਜੇ ਤੇ ਬਰਛੀਆਂ ਗੱਡ ਕੇ ਸਿੰਘਾਂ ਦੇ ਸਿਰ ਟੰਗੇ ਹੋਏ ਸਨ। ਸਿੰਘਾਂ ਵਿਚੋਂ ਇਕ ਦੀ ਵੀ ਲੋਥ ਸਾੜੀ ਜਾਂ ਫੂਕੀ ਨਹੀਂ ਗਈ। ਸਾਰੀਆਂ ਇਸੇ ਤਰ੍ਹਾਂ ਹੀ ਸ਼ਹਿਰ ਦੇ ਵਿਚ ਜਾਂ ਇਰਦੇ ਗਿਰਦੇ ਟੰਗੀਆਂ ਹੋਈਆਂ ਸਨ। ਚਾਰ ਕੁ ਹਜ਼ਾਰ ਸਿਰ ਅਤੇ ਹਜ਼ਾਰ ਕੁ ਲੱਤ ਬਾਂਹ ਧੜ ਦਾ ਰੁੱਖਾਂ ਨਾਲ ਲਟਕਾਣਾ, ਉਨ੍ਹਾਂ ਦੇ ਮਾਸ ਨੂੰ ਗਿਰਝਾਂ, ਕਾਵਾਂ ਦਾ ਖਾਣਾ ਅਤੇ ਸਾਰੇ ਸ਼ਹਿਰ ਵਿਚ ਬਦਬੂ ਦਾ ਫੈਲਰਨਾ ਬੜੇ ਭੈ ਭੀਤ ਕਰਨ ਵਾਲੇ ਨਜ਼ਾਰੇ ਸਨ। ਇਸ ਤਰ੍ਹਾਂ ਹੀ ਕਈ ਦਿਨ ਲੰਘ ਗਏ ਅਤੇ ਅੰਤ ਨੂੰ ਜਦ ਹੱਡੀਆਂ ਹੀ ਹੱਡੀਆਂ ਰਹਿ ਗਈਆਂ ਤਾਂ ਹੌਲੀ ਹੌਲੀ ਪਿੰਜਰ ਵੀ ਜ਼ਮੀਨ ਉਤੇ ਡਿੱਗ ਪਏ।"[24]

ਜਿਥੋਂ ਤਕ ਬੋਲੀ ਤੇ ਸ਼ਬਦਾਵਲੀ ਦਾ ਸੁਆਲ ਹੈ, ਇਹ ਤਾਂ ਸਪਸ਼ਟ ਹੀ ਹੈ ਕਿ ਸ.

---

[22]ਬੰਦਾ ਕੌਣ ਸੀ, ਪੰਨਾ 28-29

[23]ਇਤਿਹਾਸਕ ਖੋਜ, ਪੰਨਾ 81

[24]'ਬੰਦਾ ਬਹਾਦਰ' ਪੰਨਾ 211

Digitized by Panjab Digital Library | www.panjabdigilib.org

ਕਰਮ ਸਿੰਘ ਦੀ ਬੋਲੀ ਠੇਠ ਤੇ ਸ਼ੁੱਧ ਹੈ। ਕਿਉਂਕਿ ਉਹ ਪੰਜਾਬ ਦੇ ਕੇਂਦਰੀ ਇਲਾਕੇ ਵਿਚ ਹੀ ਰਹੇ ਤੇ ਜੰਮੇ, ਪਲੇ ਸਨ। ਸ਼ਬਦ-ਜੋੜਾਂ ਦੇ ਪੱਖੋਂ ਉਹ ਜ਼ਰੂਰ ਪੁਰਾਤਨ ਸ਼ੈਲੀ ਦੇ ਕੁਝ ਲੱਛਣ ਗ੍ਰਹਿਣ ਕਰਦੇ ਹਨ ਜਿਵੇਂ 'ਇਆ, ਆਵਾਜ਼ ਨੂੰ ਪ੍ਰਗਟਾਉਣ ਲਈ 'ਯਾ' ਦੀ ਵਰਤੋਂ ਕਰਦੇ ਹਨ। ਪੁਰਾਣੀਆਂ ਸਭ ਲਿਖਤਾਂ ਵਿਚ 'ਯਾ' ਦੀ ਵਰਤੋਂ ਹੀ ਬਹੁਤੀ ਮਿਲਦੀ ਹੈ ਫਲਸਰੂਪ ਲਿਖਿਆ, ਰਲਾਇਆ, ਪਲਟਾਇਆ, ਰਖਿਆ ਆਦਿ ਸ਼ਬਦਾਂ ਨੂੰ ਕਰਮਵਾਰ ਲਿਖਯਾ, ਰਲਾਯਾ, ਪਲਟਾਯਾ ਤੇ ਰਖਯਾ ਕਰਕੇ ਲਿਖਿਆ ਹੈ।

ਉਨਾਂ ਨੇ ਸਿਹਾਰੀ ਦੀ ਵਰਤੋਂ ਤੋਂ ਵੀ ਕਾਫ਼ੀ ਸੰਕੋਚ ਕੀਤਾ ਹੈ। ਸਿੱਟੇ ਵਜੋਂ ਨਿਰਾਸਤਾ, ਹਿਸਾਬ, ਢਹਿ, ਕੋਸ਼ਿਸ਼, ਮਿਹਨਤ, ਵਿਚਾਰਿਆ ਆਦਿ ਸ਼ਬਦਾਂ ਨੂੰ ਨਰਾਸਤਾ ਹਸਾਬ, ਕੋਸ਼ਸ਼, ਢੈਹ, ਮੇਹਨਤ ਆਦਿ ਕਰਕੇ ਪ੍ਰਗਟਾਇਆ ਹੈ। 'ਔ' ਦੀ ਆਵਾਜ਼ ਅਜਕਲ 'ਆਓ' ਰੂਪ ਵਿਚ ਪ੍ਰਗਟਾਈ ਜਾਂਦੀ ਹੈ ਪਰ ਕਰਮ ਸਿੰਘ ਨੇ 'ਬਣਾਉਟੀ' ਆਦਿ ਸ਼ਬਦਾਂ ਨੂੰ 'ਬਣੌਟੀ' ਕਰਕੇ ਲਿਖਿਆ ਹੈ।

ਉਨ੍ਹਾਂ ਦੀ ਬੋਲੀ ਦਾ ਸਮੁੱਚਾ ਮੁਹਾਵਰਾ ਪੰਜਾਬੀ ਹੈ। ਇਨ੍ਹਾਂ ਦੀਆਂ ਲਿਖਤਾਂ ਵਿੱਚੋਂ ਉਪਰ ਦਿੱਤੀਆਂ ਕੁਝ ਮਿਸਾਲਾਂ ਰਾਹੀਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਹ ਭਾਵੇਂ ਇਕ ਅਣ-ਸਾਹਿੱਤਕ ਵਿਸ਼ੇ ਨਾਲ ਸੰਬੰਧਿਤ ਸਨ, ਪਰ ਵਾਰਤਕ ਦੇ ਉਪਰੋਕਤ ਗੁਣਾਂ ਕਾਰਨ ਅਤੇ ਪ੍ਰਗਟਾਵੇ ਦੀ ਸੂਝ ਤੇ ਸਮਰਥਾ ਕਰਕੇ ਉਹ ਵਿਸ਼ੇ ਨੂੰ ਸਾਹਿੱਤਕ ਰੂਪ ਪ੍ਰਦਾਨ ਕਰਨ ਵਿਚ ਸਫ਼ਲ ਰਹੇ। ਭਾਵੇਂ ਉਨ੍ਹਾਂ ਨੇ ਇਸ ਬਾਰੇ ਕੋਈ ਕੋਈ ਚੇਤੰਨ ਜਤਨ ਨਹੀਂ ਕੀਤਾ ਜਾਪਦਾ ਅਤੇ ਨਾ ਹੀ ਉਨ੍ਹਾਂ ਨੂੰ ਆਪਣੀ ਲਿਖਤ ਨੂੰ ਮਾਂਜਣ, ਸਵਾਰਨ ਜੋਗੀ ਵਿਹਲ ਹੀ ਮਿਲੀ, ਸਗੋਂ ਉਹ ਤਾਂ ਆਪ ਲਿਖਦੇ ਹਨ :

> "ਮੈਂ ਆਪਣੇ ਲੇਖਾਂ ਵਿਚ ਲਿਖਤ ਦੀਆਂ ਭੁੱਲਾਂ ਵਲ ਕਦੇ ਧਿਆਨ ਨਹੀਂ ਦਿੱਤਾ, ਮੇਰਾ ਭਾਵ ਸਦਾ ਇਹ ਰਿਹਾ ਹੈ ਕਿ ਪਾਠਕਾਂ ਨੂੰ ਇਤਿਹਾਸਕ, ਹਾਲਾਂ ਦੀ ਵਾਕਫ਼ੀ ਕਰਵਾਈ ਜਾਵੇ, ਲੇਖ ਨੂੰ ਮਾਂਜਣਾ ਤੇ ਲਿਸ਼ਕਾਉਣਾ ਵਿਹਲੇ ਵੇਲੇ ਦੀਆਂ ਗੱਲਾਂ ਹਨ, ਜੇ ਮੇਰੇ ਜਿਹੇ ਹਲ ਵਾਹੁਣ ਵਾਲੇ ਨੂੰ ਪਰਾਪਤ ਨਹੀਂ ਹੋ ਸਕਦੀਆਂ। ਸੂਰਜ ਚੜ੍ਹਦੇ ਤੋਂ ਸਿਖਰ ਦੁਪਹਿਰ ਤੀਕ ਹਲ ਵਾਹ ਕੇ ਜਦ ਬੰਦਾ ਘਰ ਆਵੇ ਅਤੇ ਕਲਮ ਫੜ ਕੇ ਲੇਖ ਲਿਖਣ ਲਗੇ ਤਾਂ ਅਜਿਹੇ ਲੇਖ ਵਿਚ ਲਿਖਤ ਦੀਆਂ ਭੁੱਲਾਂ ਰਹਿ ਜਾਣਾ ਕੋਈ ਅਣਹੋਣੀ ਗਲ ਨਹੀਂ।"[25]

ਫਿਰ ਵੀ ਸਰਦਾਰ ਕਰਮ ਸਿੰਘ ਦੀ ਵਾਰਤਕ ਸ਼ੈਲੀ ਦੇ ਲੱਛਣਾਂ ਬਾਰੇ ਉਪਰੋਕਤ ਚਰਚਾ ਤੋਂ ਅਸੀਂ ਸਹਿਜੇ ਹੀ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਉਨ੍ਹਾਂ ਦੀ ਰਚਨਾ ਪੁਰਾਤਨ ਵਾਰਤਕ ਦੇ ਗੁਣਾਂ ਦੀ ਧਾਰਣੀ ਹੁੰਦੀ ਹੋਈ ਵੀ ਆਧੁਨਿਕ ਵਾਰਤਕ ਦੇ ਨੇੜੇ ਹੈ ਅਤੇ ਇਉਂ ਦੋਹਾਂ ਵਿਚਕਾਰ ਇਕ ਪੁਲ ਦਾ ਕੰਮ ਕਰਦੀ ਹੈ। ਇਹੀ ਕਾਰਨ ਹੈ ਕਿ ਨਾ ਕੇਵਲ ਇਤਿਹਾਸਕਾਰ ਦੇ ਤੌਰ ਤੇ ਹੀ ਸਗੋਂ ਇਕ ਵਾਰਤਕਕਾਰ ਵਜੋਂ ਵੀ ਉਹ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਇੱਕ ਮਹੱਤਵਪੂਰਨ ਥਾਂ ਰਖਦੇ ਹਨ।

---

[25] 'ਇਤਿਹਾਸਕ ਖੋਜ,' ਪੰਨਾ 372

Digitized by Panjab Digital Library | www.panjabdigilib.org

ਪੁਸਤਕ ਸੂਚੀ

ਪੰਜਾਬੀ

ਅਪ੍ਰਕਾਸ਼ਿਤ ਪੁਸਤਕਾਂ/ਖੋਜ ਨਿਬੰਧ

1. ਜਸਵੀਰ ਸਿੰਘ — 'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਵਾਰਤਕ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1968.

ਪ੍ਰਕਾਸ਼ਿਤ ਪੁਸਤਕਾਂ

1. ਉਜਾਗਰ ਸਿੰਘ (ਡਾ:) — 'ਭਾਵ ਏਕਤਾ ਤੇ ਹੋਰ ਨਿਬੰਧ' ਲਾਹੌਰ ਬੁਕ ਸ਼ਾਪ, ਲੁਧਿਆਣਾ, 1962.
2. ਐਸ. ਐਸ. ਅਮੋਲ (ਪ੍ਰੋ:) — 'ਮੇਰੇ ਚੋਣਵੇ ਨਿਬੰਧ', ਧੰਨਪਤ ਰਾਇ ਐਂਡ ਸੰਨਜ, ਜਲੰਧਰ, 1957.
3. ਹਰਦਿਆਲ ਸਿੰਘ (ਪ੍ਰੋ:) — 'ਪੰਜਾਬੀ ਸਾਹਿਤ-ਵਿਚਾਰ ਤੇ ਰੂਪ', ਪੰਜ ਦਰਿਆ, ਲਾਹੌਰ, 1943.
4. ਹੀਰਾ ਸਿੰਘ ਦਰਦ (ਸੰਪਾ:) — 'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਿਕ ਖੋਜ,' ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1960
5. ਕਰਮ ਸਿੰਘ ਹਿਸਟੋਰੀਅਨ — 'ਬੰਦਾ ਬਹਾਦਰ', ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, 1907.
6. 'ਜੀਵਨ ਸ੍ਰੀਮਤੀ ਹਰਨਾਮ ਕੌਰ', ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1907.
7. 'ਜੀਵਨ ਸ੍ਰੀਮਤੀ ਸਦਾ ਕੌਰ'. ਸ: ਲਖਮੀ ਸਿੰਘ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1908.
8. 'ਕੱਤਕ ਕਿ ਵਿਸਾਖ' ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, 1908 (ਪਹਿਲੀ ਵਾਰ), ਸ: ਰਣਬੀਰ ਸਿੰਘ, ਨੈਨੀਤਾਲ, 1932 (ਦੂਜੀ ਵਾਰ)
9. 'ਗੁਰਪੁਰਖ ਨਿਰਣੈ' ਭਾਈ ਬਹਾਦਰ ਸਿੰਘ, ਮੈਨੇਜਰ, ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, ਨਵੰਬਰ, 1912.
10. 'ਬਾਬਾ ਆਲਾ ਸਿੰਘ', ਖਾਲਸਾ ਪ੍ਰਚਾਰਕ ਵਿਦਿਆਲਾ ਤਰਨ ਤਾਰਨ, 1918.
11. 'ਕੇਸ ਤੇ ਸਿੱਖੀ', ਗਿਆਨੀ ਗੁਰਦਿਤ ਸਿੰਘ, ਫੁਲਵਾੜੀ ਪ੍ਰੈਸ, ਅੰਮ੍ਰਿਤਸਰ, 1929.
12. 'ਬਹੁਮੁੱਲੇ ਇਤਿਹਾਸਕ ਲੇਖ (ਸੰਪਾ.) ਸਿੰਘ ਬ੍ਰਦਰਜ਼, ਅੰਮ੍ਰਿਤਸਰ, 1963. (ਫੁਲਵਾੜੀ ਦਾ ਸਿੱਖ ਇਤਿਹਾਸ ਨੰਬਰ. ਸੰਪਾ : ਕਰਮ ਸਿੰਘ ਦਸਬੰਰ, 1929, ਜਨਵਰੀ, 1930
13. 'ਅਮਰ ਖਾਲਸਾ' ਸ਼ੋਰਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1932.

Digitized by Panjab Digital Library | www.panjabdigilib.org

14. 'ਬੰਦਾ ਬਹਾਦਰ ਕੌਣ ਸੀ' ਭਾਈ ਜੈ ਦੇਵ ਸਿੰਘ, ਜੁਗਿੰਦਰ ਸਿੰਘ, ਅੰਮ੍ਰਿਤਸਰ, 1934.

15. ਗੰਡਾ ਸਿੰਘ (ਡਾ.), 'ਬੰਦਾ ਸਿੰਘ ਬਹਾਦਰ', ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1964

16. ਰਾਮ ਚੰਦਰ ਸੁਕਲ (ਪ੍ਰੋ.) 'ਹਿੰਦੀ ਸਾਹਿਤ ਦਾ ਇਤਿਹਾਸ', (ਅਨੁ.) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1962.

ਹਿੰਦੀ

1. ਟੇਕ ਚੰਦ ਸ਼ਰਮਾ 'ਆਦਰਸ਼ਾਲੋਚਨ', ਰਾਜ ਪਬਲਿਸ਼ਰਜ, ਜਲੰਧਰ, 1960.

ਅੰਗਰੇਜ਼ੀ

1. A.T. Smith Berger (ed.) *Essays British & American*, Boston, 1953.
2. *Compton's Pictured Encyclopedia & Fact Index* Vol. IV, Chicago, 1966.
3. *Encyclopedia Britannica*
4. Essay written in Honour of Dr. Ganda Singh (ed. Harbans Singh) Punjabi University, Patiala. 1966.
5. Ganda Singh (Dr.) *A Bibliogrpalhy of the Panjab*, Punjabi University, Patiala, 1966.
6. Herbert Read, *English Prose Style*, G. Ball & Sons, Ltd. London, 1956.
7. *The American-Heritage Dictionary of English Language.*

ਰਸਾਲੇ

1. ਪੰਜਾਬੀ ਦੁਨੀਆਂ (ਮਾਸਿਕ), ਟੈਗੋਰ ਅੰਕ, ਮਈ ਜੂਨ, 1961 ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
2. ਫੁਲਵਾੜੀ (ਮਾਸਿਕ) ਕਰਮ ਸਿੰਘ ਨੰਬਰ, ਅਕਤੂਬਰ ਨਵੰਬਰ-1930, ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1412

Digitized by Panjab Digital Library | www.panjabdigilib.org

Digitized by Panjab Digital Library | www.panjabdigilib.org